ਸੂਫ਼ੀ ਦਰਵੇਸ਼

ਬਾਬਾ ਸ਼ੇਖ਼ ਫ਼ਰੀਦ



ਡਾ. ਨਿਰਮਲ ਕੌਸ਼ਿਕ

ਕਾਮਾਯਨੀ ਕੌਸ਼ਿਕ

BVP - 2198
2/8/18

11/11

ਸੂਫ਼ੀ ਦਰਵੇਸ਼ : ਬਾਬਾ ਸ਼ੇਖ਼ ਫ਼ਰੀਦ

ਡਾੱ. ਨਿਰਮਲ ਕੌਸ਼ਿਕ
ਕਾਮਾਯਨੀ ਕੌਸ਼ਿਕ

ਸਿੱਧ ਪ੍ਰਕਾਸ਼ਨ, ਫਿਰੋਜ਼ਪੁਰ ਸ਼ਹਿਰ - **152 002**

SUFI DARVESH
BABA SHEIKH FARID
ਸੂਫ਼ੀ ਦਰਵੇਸ਼ : ਬਾਬਾ ਸ਼ੇਖ਼ ਫ਼ਰੀਦ

ਪਹਿਲੀ ਵਾਰ - **1997**

ਮੁੱਲ: ਪੇਪਰ ਪੈਕ - **35/-** ਰੁਪਏ
ਜਿਲਦ ਸਮੇਤ - **50/-** ਰੁਪਏ

ਪ੍ਰਕਾਸ਼ਕ : ਪੰ. ਕਰਮ ਚੰਦ ਸ਼ਰਮਾ
ਸਿੱਧ ਪ੍ਰਕਾਸ਼ਨ, ਗੋਲ ਬਾਗ ਰੋਡ
ਫ਼ਿਰੋਜ਼ਪੁਰ ਸ਼ਹਿਰ - **152 002**

ਪ੍ਰਿੰਟਰ :- ਕਵਾਲਿਟੀ ਪ੍ਰਿਟਿੰਗ ਕੰਪਨੀ,
478 ਪੈਰਿਸ ਟਾਊਨ, ਬਟਾਲਾ ਰੋਡ,
ਅੰਮ੍ਰਿਤਸਰ Ph : 274646

ਮੁੱਖ ਬੰਧ

ਪੰਜਾਬ ਵਿਚ ਰਚਿਆ ਗਿਆ ਸਾਹਿੱਤ ਚਾਹੇ ਕਿਸੇ ਵੀ ਜ਼ੁਬਾਨ ਵਿਚ ਕਿਉਂ ਨਾ ਹੋਵੇ, ਇਸ ਉਪਰ ਪੰਜਾਬੀਅਤ ਅਤੇ ਗੁਰਮਤਿ ਦਰਸ਼ਨ ਦੀ ਛਾਪ ਲੱਗਣੀ ਸੁਭਾਵਿਕ ਹੈ। ਅੱਜ ਤੋਂ ਲੱਗਪਗ ਸੱਤਰ ਵਰ੍ਹੇ ਪਹਿਲਾਂ ਪ੍ਰੋ: ਪੂਰਨ ਸਿੰਘ ਨੇ ਬਿਲਕੁੱਲ ਠੀਕ ਕਿਹਾ ਸੀ - ਪੰਜਾਬ ਨਾ ਹਿੰਦੂ ਨਾ ਮੁਸਲਮਾਨ, ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ ਤੇ। ਇਥੇ ਪੈਦਾ ਹੋਣ ਵਾਲਾ ਚਾਹੇ ਕੋਈ ਮੋਹਨ ਰਾਕੇਸ਼ ਹੋਵੇ ਜਾਂ ਮੁਲਖ ਰਾਜ ਆਨੰਦ ਅਥਵਾ ਖੁਸ਼ਵੰਤ ਸਿੰਘ, ਉਸ ਦੀ ਰਚਨਾ - ਸਮਗਰੀ ਵਿਚੋਂ ਪੰਜਾਬੀਅਤ ਦੀ ਸੋਂਧੀ ਸੁਗੰਧ ਆਉਂਦੀ ਰਹਿੰਦੀ ਹੈ। ਸਿੱਖ ਗੁਰੂ ਸਾਹਿਬਾਨ ਵੱਲੋਂ ਦਰਸਾਈ ਜੀਵਨ-ਸ਼ੈਲੀ ਏਨੀ ਰੈਡੀਕਲ ਅਤੇ ਲੋਕ - ਪੱਖੀ ਹੈ ਕਿ ਇਹ ਹਰ ਸੱਚੇ ਅਤੇ ਸੰਵੇਦਨਸ਼ੀਲ ਪੰਜਾਬੀ ਦੇ ਰਗੋ-ਰੇਸ਼ੇ ਵਿਚ ਸਮਾ ਚੁੱਕੀ ਹੈ।

ਪੰਜਾਬ ਦੇ ਪਵਿੱਤਰ ਸ਼ਹਿਰ ਸ੍ਰੀ ਅੰਮ੍ਰਿਤਸਰ ਵਿਚ ਜੰਮੀ ਪਲੀ ਸ੍ਰੀਮਤੀ ਕਾਮਾਯਨੀ ਕੌਸ਼ਿਕ ਨੇ ਹਿੰਦੀ ਸਾਹਿੱਤ ਵਿਚ ਉਚਤਮ ਪਰੀਖਿਆਵਾਂ ਮੈਰਿਟ ਉਪਰ ਰਹਿ ਕੇ ਪਾਸ ਕਰਨ ਉਪਰੰਤ ਆਪਣੇ ਲਿਖਣ-ਪੜ੍ਹਨ ਦਾ ਖੇਤਰ ਪੰਜਾਬੀਅਤ ਨੂੰ ਹੀ ਬਣਾਇਆ। ਉਸ ਵਰਗੀ ਸੁਸੰਸਕ੍ਰਿਤ ਅਤੇ ਸੁਸ਼ੀਲ ਮਹਿਲਾ ਲਈ ਇਹ ਸੁਭਾਵਿਕ ਹੀ ਸੀ ਕਿ ਉਹ ਪੰਜਾਬ ਨੂੰ ਤੌਹੀਦ ਦੇ ਮਾਰਗ ਉਤੇ ਤੋਰਨ ਵਾਲੇ ਸਿੱਖ ਗੁਰੂਆਂ ਅਤੇ ਸੂਫ਼ੀ ਦਰਵੇਸ਼ਾਂ ਦੇ ਕਲਾਮ ਦਾ, ਆਧੁਨਿਕ ਯੁਗ ਦੇ ਪਾਠਕਾਂ ਲਈ ਅਧਿਐਨ-ਵਿਸ਼ਲੇਸ਼ਣ ਕਰੇ। ਇਸੇ ਲਈ ਪ੍ਰੋ. ਕਾਮਾਯਨੀ ਕੌਸ਼ਿਕ ਨੇ ਸਭ ਤੋਂ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜੀਵਨੀ ਨੂੰ ਹਿੰਦੀ ਭਾਸ਼ਾ ਵਿਚ ਅਨੁਵਾਦਿਤ ਕੀਤਾ। ਗੁਰੂ ਤੇਗ ਬਹਾਦੁਰ ਜੀ ਨੇ ਆਪਣੀ ਸ਼ਹੀਦੀ ਦੁਆਰਾ ਜੋ ਉਪਕਾਰ ਭਾਰਤੀ ਲੋਕਾਂ ਉਪਰ ਕੀਤਾ ਸੀ, ਉਸ ਤੋਂ ਸਮੁੱਚੇ ਭਾਰਤ ਨੂੰ ਅਵਗਤ ਕਰਾਉਣ ਵਾਸਤੇ ਇਹ ਸ੍ਰੀਮਤੀ ਕੌਸ਼ਿਕ ਦਾ ਪਲੇਠਾ ਰਚਨਾਤਮਕ ਕਾਰਜ ਸੀ।

ਸ੍ਰੀਮਤੀ ਕੌਸ਼ਿਕ ਨੇ ਐਮ. ਫਿਲ. ਦੀ ਡਿਗਰੀ ਦੀ ਪ੍ਰਾਪਤੀ ਵਾਸਤੇ ਹਿੰਦੀ ਦੇ ਉੱਘੇ ਸਾਹਿੱਤਕਾਰ ਅਤੇ ਪੱਤਰਕਾਰ ਡਾ. ਧਰਮਵੀਰ ਭਾਰਤੀ ਦੇ ਖੰਡ ਕਾਵਿ 'ਕਨੁਪ੍ਰਿਆ' ਨੂੰ ਆਪਣੇ ਅਧਿਐਨ ਦਾ ਵਿਸ਼ਾ ਚੁਣਿਆ। ਇਸ ਕਾਵਿ ਰਚਨਾ ਵਿਚ ਡਾ. ਭਾਰਤੀ ਨੇ

ਕਨੁਪ੍ਰਿਆ (ਰਾਧਾ) ਦੇ ਸ੍ਰੀ ਕ੍ਰਿਸ਼ਣ ਜੀ ਪ੍ਰਤੀ ਪ੍ਰੇਮ-ਭਗਤੀ ਭਾਵ ਨੂੰ ਅਗ੍ਰਭੂਮਿ ਵਿਚ ਰੱਖ ਕੇ ਸ੍ਰੀ ਕ੍ਰਿਸ਼ਨ ਜੀ ਦੇ ਕਾਵਿ ਬਿੰਬ ਦੀ ਸਿਰਜਣਾ ਕੀਤੀ ਹੈ। ਡਾ. ਭਾਰਤੀ ਨੇ ਰਾਧਾ-ਕ੍ਰਿਸ਼ਣ ਦੇ ਪ੍ਰੇਮ ਭਾਵਾਂ ਨੂੰ ਬੜੇ ਸਜੀਵ ਅਤੇ ਯਥਾਰਥਕ ਢੰਗ ਨਾਲ ਉਘਾੜਿਆ ਹੈ। ਮਨਬਚਨੀ ਦੇ ਰੂਪ ਵਿਚ ਲਿਖੀ ਇਸ ਕਾਵਿ ਰਚਨਾ ਦਾ ਸ਼ੈਲੀ-ਵਿਗਿਆਨਕ ਅਧਿਐਨ ਕਰਕੇ ਸ੍ਰੀਮਤੀ ਕੌਸ਼ਿਕ ਨੇ ਆਪਣੀ ਵਿਦਵਤਾ ਅਤੇ ਨਿਸ਼ਠਾ ਦਾ ਇਕ ਠੋਸ ਸਬੂਤ ਪੇਸ਼ ਕੀਤਾ ਹੈ।

ਇਹ ਵੀ ਇਕ ਹੁਸੀਨ ਸੰਜੋਗ ਹੀ ਸੀ ਕਿ ਕਾਮਾਯਨੀ ਕੌਸ਼ਿਕ ਦਾ ਸੰਬੰਧ ਆਪਣੇ ਵਰਗੇ ਹੀ ਇਕ ਹੋਰ ਨਿਸ਼ਠਾਵਾਨ ਵਿਦਵਾਨ ਡਾ. ਨਿਰਮਲ ਕੌਸ਼ਿਕ ਨਾਲ ਜੁੜ ਗਿਆ। ਸ਼ਾਦੀ ਉਪਰੰਤ ਇਸ ਦੰਪਤੀ ਨੇ ਵਧੇਰੇ ਪ੍ਰਤੀਬੱਧਤਾ ਨਾਲ ਪੰਜਾਬੀ ਸਾਹਿੱਤ ਅਤੇ ਸਭਿਆਚਾਰ ਦੇ ਖਜ਼ਾਨਿਆਂ ਨੂੰ ਢੂੰਡਣਾ - ਤਲਾਸ਼ਣਾ ਸ਼ੁਰੂ ਕਰ ਦਿੱਤਾ।

ਪਿਉ ਦਾਦੇ ਦਾ ਖੋਲ ਡਿੱਠਾ ਖਜ਼ਾਨਾ ॥
ਤਉ ਮੇਰੈ ਮਨ ਭਇਆ ਨਿਧਾਨਾ ॥

ਡਾ. ਨਿਰਮਲ ਕੌਸ਼ਿਕ ਨਾ ਕੇਵਲ ਇੱਕ ਖੋਜ ਕਰਤਾ ਰੂਪ ਵਿਚ ਹੀ ਵਿਖਿਆਤ ਹਨ ਬਲਕਿ ਆਧੁਨਿਕ ਸੰਵੇਦਨਾ ਦੇ ਇਕ ਮੌਲਿਕ ਕਵੀ ਅਤੇ ਕਹਾਣੀਕਾਰ ਵਜੋਂ ਵੀ ਉਹ ਹਿੰਦੀ - ਪੰਜਾਬੀ ਸਾਹਿੱਤ ਜਗਤ ਵਿਚ ਵਿਖਿਆਤ ਹਨ। ਆਪ ਇੱਕ ਸਰਵਗੁਣ ਸੰਪੰਨ, ਮਿਠਭਾਸ਼ੀ ਅਤੇ ਕਰਮਸ਼ੀਲ ਵਿਅਕਤੀ ਹਨ। ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਬਿੱਤ-ਸਵਈਆਂ ਉਪਰ ਕੀਤਾ ਉਨ੍ਹਾਂ ਦਾ ਖੋਜ ਕਾਰਜ ਅਤਿਅੰਤ ਪ੍ਰਮਾਣੀਕ ਹੈ। ਇਸ ਤੋਂ ਬਿਨਾਂ ਸ਼ੇਖ ਬਾਬਾ ਫ਼ਰੀਦ ਜੀ ਦੇ ਜੀਵਨ, ਬਾਣੀ ਅਤੇ ਵਿਚਾਰਧਾਰਾ ਉਪਰ ਵੀ ਉਨ੍ਹਾਂ ਨੇ ਬੜਾ ਨਿਗੱਰ ਕੰਮ ਕੀਤਾ ਹੈ।

ਹਥਲੀ ਪੁਸਤਕ ਦਾ ਮੁੱਖਬੰਧ ਲਿਖਦਿਆਂ ਮੈਨੂੰ ਇਸ ਗੱਲ ਦੀ ਵੀ ਬੜੀ ਖੁਸ਼ੀ ਹੋਈ ਹੈ ਕਿ ਮੈਂ ਪੰਜਾਬ ਦੇ ਹਿੰਦੀ ਵਿਚ ਲਿਖਣ ਵਾਲੇ ਦੋ ਵਿਦਵਾਨਾ ਨੂੰ ਉਨ੍ਹਾਂ ਦੀ ਮਾਤ-ਭਾਸ਼ਾ ਪੰਜਾਬੀ ਵੱਲ ਲੈ ਆਇਆ ਹਾਂ, ਉਂਝ ਤਾਂ ਭਾਵੇਂ ਪਹਿਲਾਂ ਵੀ ਆਪਣੇ ਖੋਜ-ਕਾਰਜ ਦੀ ਵਸਤੂ-ਸਮਗਰੀ ਕਾਰਨ, ਉਹ ਪੰਜਾਬੀਅਤ ਨਾਲੋਂ ਕਿਧਰੇ ਦੂਰ ਨਹੀਂ ਸਨ ਗਏ ਪਰ ਹਥਲੀ ਪੁਸਤਕ ਉਨ੍ਹਾਂ ਦਾ ਪੰਜਾਬੀ ਜ਼ੁਬਾਨ ਨੂੰ ਪ੍ਰਥਮ ਢੋਆ ਹੈ। ਮੈਂ ਇਸ ਕਰਮਸ਼ੀਲ ਜੋੜੀ - ਡਾ. ਨਿਰਮਲ ਕੌਸ਼ਿਕ ਅਤੇ ਪ੍ਰੋ. ਕਾਮਾਯਨੀ ਕੌਸ਼ਿਕ ਦਾ, ਪੰਜਾਬੀ ਭਾਸ਼ਾ ਵਿਚ ਪ੍ਰਵੇਸ਼ ਕਰਨ ਉਪਰ ਨਿੱਘਾ ਸਵਾਗਤ ਕਰਦਾ ਹਾਂ ਅਤੇ ਉਨ੍ਹਾਂ ਨੂੰ ਹਾਰਦਿਕ ਸੁਭ ਕਾਮਨਾਵਾਂ

ਭੇਟ ਕਰਦਾ ਹਾਂ। ਮੈਨੂੰ ਵਿਸ਼ਵਾਸ਼ ਹੈ ਕਿ ਪੰਜਾਬੀ ਪਾਠਕ ਆਪਣੀ ਸੁਭਾਵਿਕ ਉਦਾਰਤਾ ਨਾਲ ਇਸ ਰਚਨਾ ਵਿਚ ਆਪਣੀ ਦਿਲਚਸਪੀ ਵਿਖਾਉਣਗੇ।

ਬ੍ਰਹਮਜਗਦੀਸ਼ ਸਿੰਘ (ਪ੍ਰੋ.)
ਮੁੱਖੀ, ਪੋਸਟ-ਗਰੈਜੂਏਟ ਵਿਭਾਗ,
ਗੌਰਮਿੰਟ ਬ੍ਰਿਜਿੰਦਰ ਕਾਲਜ।

ਫ਼ਰੀਦਕੋਟ
ਮਾਘ ਦੀ ਸੰਗਰਾਂਦ, ਸੰਮਤ ੨੦੫੩

ਦੋ ਸ਼ਬਦ

ਰਿਗਵੇਦ ਦੀ ਰਚਨਾ ਤੋਂ ਲੈ ਕੇ 'ਸ੍ਰੀ ਗੁਰੂ-ਗ੍ਰੰਥ ਸਾਹਿਬ' ਦੀ ਸੰਪਾਦਨਾ ਅਤੇ ਉਸਨੂੰ ਗੁਰੂ ਸਰੂਪ ਦੀ ਮਾਨਤਾ ਤੱਕ ਦੀਆਂ ਮਹਾਨ ਪ੍ਰਾਪਤੀਆਂ ਕਾਰਨ ਅਧਿਆਤਮਕ ਤੌਰ ਤੇ ਪੰਜਾਬੀ ਦੀ ਧਰਤੀ ਨੂੰ ਭਾਗਸ਼ਾਲੀ ਮੰਨਿਆ ਜਾਂਦਾ ਹੈ। ਅਨੇਕਾਂ ਰਿਸ਼ੀਆਂ, ਮੁਨੀਆਂ, ਜਤੀਆਂ, ਸਤੀਆਂ, ਪੀਰਾਂ, ਫਕੀਰਾਂ ਅਤੇ ਗੁਰੂਆਂ ਨੇ ਇਸ ਧਰਤੀ ਤੇ ਜਨਮ ਲਿਆ ਅਤੇ ਆਪਣੇ ਵੱਡਮੁੱਲੇ ਸੰਦੇਸ਼ ਦਿੱਤੇ। ਉਹਨਾਂ ਲੋਕਾਂ ਨੂੰ ਨੇਕ ਪਾਸੇ ਲਾਉਣ ਲਈ ਆਪਣੀ ਉਮਰਾਂ ਬੱਧੀ ਘਾਲਣਾ ਲੇਖੇ ਲਾ ਦਿੱਤੀ। ਬਾਹਰਵੀਂ ਸਦੀ ਵਿਚ ਬਾਬਾ ਸ਼ੇਖ ਫ਼ਰੀਦ ਜੀ ਦਾ ਜਨਮ ਹੋਇਆ। ਉਹਨਾਂ ਵੀ ਆਪਣੇ ਸਮੇਂ ਦੇ ਲੋਕਾਂ ਨੂੰ ਸਦੀਵੀਂ ਮਨੁੱਖੀ ਕਦਰਾਂ, ਕੀਮਤਾਂ ਤੋਂ ਜਾਣੂ ਕਰਵਾਇਆ। ਉਹਨਾਂ ਆਪਣੀ ਬਾਣੀ ਰਾਹੀਂ ਮਨੁੱਖ ਨੂੰ ਨਿਮਰਤਾ, ਪ੍ਰੇਮ, ਸਹਿਨਸ਼ੀਲਤਾ, ਤਿਆਗ ਅਤੇ ਖਿਮਾ ਵਰਗੇ ਗੁਣਾਂ ਨੂੰ ਧਾਰਨ ਕਰਨ ਲਈ ਪ੍ਰੇਰਨਾ ਦਿੱਤੀ। ਬਾਬਾ ਫ਼ਰੀਦ ਜੀ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ। ਪੰਚਮ ਗੁਰੂ ਸ੍ਰੀ ਅਰਜਨ ਦੇਵ ਜੀ ਨੇ ਬਾਬਾ ਫ਼ਰੀਦ ਜੀ ਦੇ ੧੧੨ ਸ਼ਲੋਕ ਅਤੇ ੪ ਸ਼ਬਦ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਕੀਤੇ ਸਨ। ਇਸ ਕਰਕੇ ਇਹ ਬਾਣੀ ਸ਼ਰਧਾ ਅਤੇ ਸਨਮਾਨ ਦੇ ਯੋਗ ਮੰਨੀ ਗਈ। ਸੂਫੀ ਸੰਪ੍ਰਦਾਇ ਵਿਚ ਵੀ ਬਾਬਾ ਫ਼ਰੀਦ ਜੀ ਨੂੰ ਉੱਚ ਦਰਜਾ ਪ੍ਰਾਪਤ ਹੈ। ਪਰ ਇਹ ਹੋਰ ਵੀ ਗੌਰਵ ਵਾਲੀ ਗੱਲ ਹੈ ਕਿ ਅੱਜ ਹਰ ਧਰਮ ਅਤੇ ਮਜ਼ਹਬ ਦੇ ਲੋਕ ਉਹਨਾਂ ਅੱਗੇ ਮੱਥਾ ਝੁਕਾਉਂਦੇ ਹਨ।

ਫ਼ਰੀਦਕੋਟ ਦੀ ਧਰਤੀ ਕਿੰਨੀ ਵੱਡਭਾਗੀ ਹੈ ਜਿਸ ਨੂੰ ਬਾਬਾ ਫ਼ਰੀਦ ਜੀ ਵਰਗੇ ਸੂਫ਼ੀ ਦਰਵੇਸ਼ ਦੇ ਪੈਰਾਂ ਦੀ ਛੋਹ ਪ੍ਰਾਪਤ ਹੋਈ। ਫ਼ਰੀਦਕੋਟ ਨਗਰ ਦੇ ਵਾਸੀ ਵੀ ਕਿੰਨੇ ਸੁਭਾਗਸ਼ਾਲੀ ਹਨ ਜੋ ਫ਼ਰੀਦ ਜੀ ਛੋਹ ਪ੍ਰਾਪਤ ਧਰਤੀ ਤੇ ਆਪਣੇ ਜੀਵਨ ਨੂੰ ਲਾਹੇਵੰਦ ਬਣਾ ਰਹੇ ਹਨ। ਇਸ ਪੁਸਤਕ ਦੀ ਲੇਖਕ ਜੋੜੀ ਨੂੰ ਵੀ ਇਹ ਸੁਭਾਗ ਪ੍ਰਾਪਤ ਹੈ। ਫ਼ਰੀਦ ਜੀ ਦੀ ਬਾਣੀ ਅਤੇ ਫਲਸਫ਼ੇ ਨੇ ਸਾਨੂੰ ਇਨਾਂ ਕੁ ਪ੍ਰਭਾਵਤ ਕੀਤਾ ਕਿ ਫ਼ਰੀਦ ਬਾਣੀ ਬਾਰ-ਬਾਰ ਪੜ੍ਹਨ ਨੂੰ ਜੀਅ ਕਰਦਾ ਹੈ। ਅਸੀਂ ਦੋਹਾਂ ਨੇ ਜਿੰਨਾ ਕੁ ਸਾਹਿਤ ਬਾਬਾ ਫ਼ਰੀਦ ਜੀ ਬਾਰੇ ਉਪਲਬਧ ਹੋ ਸਕਦਾ ਸੀ, ਪੜ੍ਹਿਆ, ਆਪਣੀ ਬੁੱਧੀ ਅਨੁਸਾਰ ਕੁਝ-ਕੁਝ ਸਮਝ ਵੀ ਸਕੇ ਹਾਂ। ਸਾਡੇ ਲਈ ਇਹ ਮਾਣ ਵਾਲੀ ਗੱਲ ਹੈ ਕਿ 'ਬਾਬਾ ਫ਼ਰੀਦ

ਆਗਮਨ ਪੁਰਬ ਕਮੇਟੀ ਵੱਲੋਂ ਹਰ ਸਾਲ ੨੧ ਤੋਂ ੨੩ ਸਤੰਬਰ ਤੱਕ ਮਨਾਏ ਜਾਣ ਵਾਲੇ ਬਾਬਾ ਫ਼ਰੀਦ ਆਗਮਨ ਪੁਰਬ ਸਮੇਂ ਪ੍ਰਕਾਸ਼ਿਤ ਸੋਵੀਨਾਰ ਵਿਚ ਸਾਡੇ ਲੇਖ ਪ੍ਰਕਾਸ਼ਿਤ ਹੋਏ। ਸਿੱਟੇ ਵਜੋਂ ਬਾਬਾ ਫ਼ਰੀਦ ਜੀ ਬਾਰੇ ਹੋਰ ਬਹੁਤ ਕੁਝ ਪੜ੍ਹਨ ਲਿਖਣ ਦਾ ਮੌਕਾ ਮਿਲਿਆ ਹੈ। ਸ੍ਰ. ਇੰਦਰਜੀਤ ਸਿੰਘ ਖ਼ਾਲਸਾ ਜੀ ਦੀ 'ਬਾਬਾ ਫ਼ਰੀਦ ਸ਼ਕਰਗੰਜ ਅਤੇ ਫ਼ਰੀਦਕੋਟ' ਨਾਮੀ ਪੁਸਤਕ ਤੋਂ ਭਰਪੂਰ ਜਾਣਕਾਰੀ ਮਿਲੀ। ਇਸ ਤੋਂ ਪ੍ਰੇਰਨਾ ਲੈ ਕੇ ਇਹਨਾਂ ਸਤਰਾਂ ਦੇ ਲੇਖਕ (ਡਾ. ਕੌਸ਼ਿਕ) ਵੱਲੋਂ 'ਯੁੱਗ-ਪੁਰਸ਼ ਬਾਬਾ ਸ਼ੇਖ ਫ਼ਰੀਦ' ਹਿੰਦੀ ਵਿਚ ਪੁਸਤਕ ਇਸ ਮੰਤਵ ਨਾਲ ਪ੍ਰਕਾਸ਼ਿਤ ਕੀਤੀ ਗਈ ਕਿ ਪੰਜਾਬ ਤੋਂ ਬਾਹਰ ਹਿੰਦੀ ਜਾਨਣ ਵਾਲੇ ਲੋਕ ਵੀ ਬਾਬਾ ਫ਼ਰੀਦ ਜੀ ਬਾਰੇ ਜਾਣ ਸਕਣ। ਇਸ ਕੋਸ਼ਿਸ਼ ਨੂੰ ਭਰਵਾਂ ਹੁੰਗਾਰਾ ਵੀ ਮਿਲਿਆ। ਹਥਲੀ ਪੁਸਤਕ 'ਸੂਫ਼ੀ ਦਰਵੇਸ਼ - ਬਾਬਾ ਸ਼ੇਖ ਫ਼ਰੀਦ' ਪੰਜਾਬੀ ਦੇ ਪਾਠਕਾਂ ਦੀ ਸੇਵਾ ਲਈ ਹੈ। ਸਰਲ ਪੰਜਾਬੀ ਵਿਚ ਬਾਬਾ ਫ਼ਰੀਦ ਜੀ ਬਾਰੇ ਅਨੇਕਾਂ ਵਿਸ਼ਿਆਂ ਨੂੰ ਵਿਸਥਾਰ ਨਾਲ ਸਮਝਾਉਣ ਦੀ ਕੋਸ਼ਿਸ਼ ਨੇ ਇਸ ਪੁਸਤਕ ਦਾ ਰੂਪ ਧਾਰਨ ਕੀਤਾ। ਅੰਤ ਵਿਚ ਫ਼ਰੀਦ ਬਾਣੀ ਦੇ ਸਰਲ ਭਾਸ਼ਾ ਵਿਚ ਅਰਥ ਵੀ ਦੱਸੇ ਗਏ ਹਨ। ਜੇ ਇਹ ਪੁਸਤਕ ਬਾਬਾ ਫ਼ਰੀਦ ਜੀ ਦੇ ਫਲਸਫੇ ਨੂੰ ਆਮ ਲੋਕਾਂ ਤੱਕ ਪਹੁਚਾਉਣ ਲਈ ਸਹਾਇਕ ਸਿੱਧ ਹੋਈ ਤਾਂ ਅਸੀਂ ਆਪਣੀ ਇਸ ਮੇਹਨਤ ਨੂੰ ਸਫ਼ਲ ਸਮਝਾਂਗੇ।

ਡਾ. ਨਿਰਮਲ ਕੌਸ਼ਿਕ
ਕਾਮਾਯਨੀ ਕੌਸ਼ਿਕ

ਪਹਿਲੀ ਵਾਰ - 1997

ਵਿਸ਼ਾ ਸੂਚੀ

ਕ੍ਰਮ ਵਿਸ਼ਾ

ਕ੍ਰਮ	ਵਿਸ਼ਾ	ਪੰਨਾ
1.	ਯੁਗ ਪੁਰਸ਼ ਬਾਬਾ ਸ਼ੇਖ਼ ਫ਼ਰੀਦ	9
2.	ਬਾਬਾ ਸ਼ੇਖ਼ ਫ਼ਰੀਦ ਜੀ ਦੀ ਸੰਖੇਪ ਜੀਵਨੀ	17
3.	ਫ਼ਰੀਦ ਕਾਵਿ ਵਿਚ ਨੈਤਿਕਤਾ	23
4.	ਬਾਣੀ ਸ਼ੇਖ਼ ਫ਼ਰੀਦ ਜੀ ਦੀ ਮਹੱਤਤਾ	2[illegible]
5.	ਸ਼ੇਖ਼ ਫ਼ਰੀਦ ਜੀ ਦੀ ਵੈਰਾਗ ਭਾਵਨਾ	33
6.	ਫ਼ਰੀਦ ਬਾਣੀ ਵਿਚ ਮਨੁੱਖੀ ਕਦਰਾਂ-ਕੀਮਤਾਂ	39
7.	ਫ਼ਰੀਦ ਬਾਣੀ : ਮਨੁੱਖਤਾ ਦਾ ਸੰਦਰਭ	45
8.	ਮਹਾਨ ਸੂਫ਼ੀ - ਸਾਧਕ ਬਾਬਾ ਬਾਬਾ ਸ਼ੇਖ਼ ਫ਼ਰੀਦ ਅਤੇ ਮਲਿਕ ਮਹੁੰਮਦ ਜਾਇਸੀ	53
9.	ਫ਼ਰੀਦ ਬਾਣੀ : ਸਰਲ ਅਰਥ ਸਹਿਤ (ਸੰਪਾਦਨ)	63

ਯੁੱਗ-ਪੁਰਖ : ਬਾਬਾ ਸ਼ੇਖ ਫ਼ਰੀਦ

ਸੰਸਕ੍ਰਿਤ ਦੀ ਇੱਕ ਉਕਤੀ ਹੈ ਕਿ "ਪਰੋਪਕਾਰਾਯ ਸਤਯ ਵਿਭੂਤਯ :" ਅਰਥਾਤ ਸੱਜਨ ਪੁਰਖਾਂ ਦੇ ਏਸ਼ਵਰਯ ਪਰੋਪਕਾਰ ਲਈ ਹੁੰਦੇ ਹਨ । ਉਂਝ ਵੀ ਅਸੀਂ ਵੇਖਦੇ ਹਾਂ ਕਿ ਪਰੋਪਕਰੀ ਜੀਵ ਆਪਣੇ ਤਿਆਗ ਨਾਲ ਹੀ ਦੂਜਿਆਂ ਦੇ ਕੰਮ ਆ ਸਕਦੇ ਹਨ । ਨਦੀਆਂ ਕਦੇ ਆਪਣਾ ਪਾਣੀ ਆਪ ਨਹੀਂ ਪੀਂਦੀਆਂ ਅਤੇ ਨਾ ਹੀ ਦਰੱਖਤ ਆਪਣੈ ਫਲ ਆਪ ਖਾਂਦੇ ਹਨ । ਦੁਨੀਆਂ ਵਿੱਚ ਅੱਜ ਤੱਕ ਜਿੰਨੇ ਵੀ ਮਹਾਨ ਆਦਮੀ ਹੋਏ ਹਨ ਉਹਨਾਂ ਦੇ ਅੰਦਰ ਪਰੋਪਕਾਰ ਦੀ ਭਾਵਨਾ ਪ੍ਰਬਲ ਹੁੰਦੀ ਸੀ । ਉਹ ਆਪਣਾ ਸਭ ਕੁਝ ਲੁਟਾ ਕੇ ਵੀ ਦੂਜੇ ਦੇ ਕੰਮ ਆਉਣ ਵਿੱਚ ਵਿਸ਼ਵਾਸ਼ ਕਰਦੇ ਸਨ । ਉਹ ਦੂਸਰੇ ਦਾ ਦੁੱਖ ਵੇਖ ਕੇ ਚੁੱਪ ਨਹੀਂ ਬੈਠ ਸਕਦੇ ਸਨ । ਜੇ ਉਹਨਾਂ ਨੂੰ ਕੋਈ ਭੁੱਖਾ ਆਦਮੀ ਮਿਲ ਗਿਆ ਤਾਂ ਉਹਨਾਂ ਆਪਣਾ ਭੋਜਨ ਉਸਨੂੰ ਦੇ ਦਿੱਤਾ । ਜੇ ਕਿਸੇ ਨੂੰ ਕਪੜੇ ਦੀ ਲੋੜ ਜਾਪੀ ਤਾਂ ਉਹਨਾਂ ਆਪਣੇ ਤਨ ਦਾ ਕਪੜਾ ਦੇਣ ਤੋਂ ਵੀ ਗੁਰੇਜ਼ ਨਹੀਂ ਕੀਤਾ । ਸ੍ਰੀ ਗੁਰੂ ਨਾਨਕ ਦੇਵ ਜੀ ਦੀ "ਸੱਚੇ ਸੌਦੇ" ਤੋਂ ਵੱਧ ਪਰੋਪਕਾਰ ਦੀ ਹੋਰ ਕੀ ਮਿਸਾਲ ਹੋ ਸਕਦੀ ਹੈ ।

ਪੰਜਾਬ ਦੀ ਧਰਤੀ ਨੂੰ ਮਾਣ ਹੈ ਕਿ ਇਸ ਦੀ ਕੁੱਖ ਤੋਂ ਅਨੇਕਾਂ ਪਰੋਪਕਾਰੀ ਸਾਧੂਆ, ਸੰਤਾਂ, ਫਕੀਰਾਂ, ਪੈਗੰਬਰਾਂ, ਰਿਸ਼ੀਆਂ, ਮੁਨੀਆਂ ਨੇ ਜਨਮ ਲਿਆ ਜਿਨ੍ਹਾਂ ਲੋਕਾਂ ਦਾ ਹਿਤ ਕਰਨ ਲਈ ਆਪਣਾ ਸਾਰਾ ਜੀਵਨ ਸਮਰਪਿਤ ਕਰ ਦਿੱਤਾ । ਭਟਕੇ ਹੋਏ ਲੋਕਾਂ ਨੂੰ ਰਾਹੇ ਪਾਉਣ ਲਈ ਉਹਨਾਂ ਪੈਦਲ ਚਲ ਕੇ ਭੁੱਖਾਂ ਕੱਟ ਕੇ ਲੋਕਾਂ ਨੂੰ ਸੱਚਾਈ ਤੋਂ ਜਾਣੂ ਕਰਾਇਆ । ਇਹੋ ਮਹਾਨ ਲੋਕ ਦੂਜੇ ਦੇ ਦੁੱਖ ਨੂੰ ਆਪਣਾ ਦੁੱਖ ਸਮਝਦੇ ਹੋਏ ਆਪਣਾ ਸਰਬੰਸ ਕੁਰਬਾਨ ਕਰਨ ਤੋਂ ਵੀ ਨਹੀਂ ਕਤਰਾਉਂਦੇ । ਦੂਜੇ ਦੀਆਂ ਪੀੜਾਂ ਤੋਂ ਦ੍ਰਵਿਤ ਹੋਣ ਵਾਲੇ ਮਨੁੱਖ ਨੂੰ ਹੀ ਮਹਾਂਕਵੀ ਤੁਲਸੀਦਾਸ ਨੇ ਸੰਤ (ਸਤਿਪੁਰਖ) ਕਿਹਾ ਹੈ ।

ਸੰਤ ਹਿਰਦਯ ਨਵਨੀਤ ਸਮਾਨਾਂ, ਕਹਾ ਕਵਿਨ ਪੈ ਕਹਾ ਨਾ ਜਾਨਾ
ਨਿਜ ਪਰਿਤਾਪ ਦ੍ਰਵੈ ਨਵਨੀਤਾ, ਪਰਪਰਤਾਪ ਮੂਮੰਤ ਪੁਨੀਤਾ ॥

ਅਰਥਾਤ : ਸੰਤਾਂ (ਸੱਜਨ ਲੋਕਾਂ) ਦਾ ਹਿਰਦਾ ਮੱਖਣ (ਨਵਨੀਤ) ਦੀ ਤਰ੍ਹਾਂ ਕੋਮਲ ਹੁੰਦਾ ਹੈ ਪਰ ਇੱਕ ਗੁਣ ਉਹਨਾਂ ਵਿੱਚ ਮੱਖਣ ਤੋਂ ਵੀ ਵੱਧ ਕੇ ਇਹ ਹੁੰਦਾ ਹੈ ਕਿ ਮੱਖਣ ਤਾਂ ਆਪਣੇ ਆਪ ਨੂੰ ਸੇਕ (ਤਾਪ) ਲੱਗਣ ਤੇ ਪਿਘਲਦਾ ਹੈ ਪਰ ਸੱਜਣ ਲੋਕਾਂ ਦਾ ਹਿਰਦਾ ਕਿਸੇ ਦੂਜੇ ਨੂੰ (ਤਾਪ) ਦੁੱਖ ਹੋਣ ਤੇ ਹੀ ਪਿਘਲ ਜਾਂਦਾ ਹੈ ।

ਇਤਿਹਾਸ ਗਵਾਹ ਹੈ ਕਿ ਸਮੇਂ-ਸਮੇਂ ਤੇ ਲੋਕਾਂ ਨੂੰ ਭਟਕਣ ਤੋਂ ਬਚਾਉਣ ਲਈ ਹਿੰਦੁਸਤਾਨ ਵਿੱਚ ਪੀਰਾਂ, ਪੈਗੰਬਰਾਂ, ਸਾਧੂ, ਸੰਤਾਂ ਨੇ ਆਪਣੀ ਜ਼ਿੰਦਗੀ ਨੂੰ ਲੋਕਾਂ ਦੇ ਲੇਖੇ ਲਾ ਦਿੱਤਾ । ਮਨੁੱਖੀ ਕਦਰਾਂ ਕੀਮਤਾਂ ਦੀ ਰਾਖੀ ਲਈ ਸਮੇਂ-ਸਮੇਂ ਤੇ ਕੁੱਝ ਅਜਿਹੇ ਮਹਾਂਪੁਰਖ ਅੱਗੇ ਆਉਂਦੇ ਰਹੇ ਜਿਨ੍ਹਾਂ ਨੇ ਆਪਣੀ ਅਮੁੱਲੀ ਬਾਣੀ ਰਾਹੀਂ ਭਟਕੇ ਹੋਏ ਮਨੁੱਖ ਨੂੰ ਸੱਚ ਦਾ ਰਾਹ ਵਿਖਾਇਆ ਅਤੇ ਮਨੁੱਖਤਾ ਨੂੰ ਗਰਕ ਹੋਣ ਤੋਂ ਬਚਾਇਆ । ਜਦੋਂ ਵੀ ਮਨੁੱਖ ਇਸ ਭੌਤਿਕ ਪਸਾਰੇ ਤੋਂ ਪ੍ਰਭਾਵਿਤ ਹੋ ਕੇ ਇਸ ਦੇ ਆਕਰਸ਼ਨ ਵਿੱਚ ਉਲਝ ਕੇ ਆਪਣੇ ਉਦੇਸ਼ ਤੋਂ ਭਟਕ ਜਾਂਦਾ ਹੈ ਤਾਂ ਉਸਨੂੰ ਕਿਸੇ ਸਹਾਰੇ ਦੀ ਲੋੜ ਪੈਂਦੀ ਹੈ ਜੋ ਉਸ ਦਾ ਰਾਹ ਉਸ ਨੂੰ ਦੱਸ ਸਕੇ । ਅਜਿਹੇ ਸਮੇਂ ਕੋਈ ਨਾ ਕੋਈ ਮਹਾਨ ਆਤਮਾ ਆਪਣੇ ਨਿੱਜੀ ਸੁਆਰਥਾਂ ਤੋਂ ਉਪਰ ਉੱਠਕੇ ਸਮੁੱਚੀ ਮਨੁੱਖ ਜਾਤੀ ਨੂੰ ਰਾਹ ਦਰਸਾਣ ਲਈ ਇੱਕ ਚਾਨਣ ਮੁਨਾਰੇ ਵਾਂਗ ਕੰਮ ਕਰਦੀ ਹੈ । ਉਹ ਮਹਾਨ ਹਸਤੀ ਆਪਣੇ ਯੁੱਗ ਦੀਆਂ ਉਲਝਣਾਂ ਨਾਲ ਜੂਝਕੇ ਅਜਿਹੇ ਉਪਰਾਲੇ ਕਰਦੀ ਹੈ ਜਿਸ ਨਾਲ ਸੱਚ ਤੇ ਝੂਠ, ਨਿਆਂ ਅਤੇ ਅਨਿਆਂ ਦਾ ਨਿਖੇੜਾ ਕੀਤਾ ਜਾ ਸਕੇ । ਏਨਾ ਹੀ ਨਹੀਂ ਉਹ ਲੋਕਾਂ ਵਾਸਤੇ ਸੱਚ ਅਤੇ ਨਿਆਂ ਲਈ ਯਤਨਸ਼ੀਲ ਵੀ ਹੁੰਦੀ ਹੈ । ਭਾਵੇਂ ਇਸ ਲਈ ਕੋਈ ਵੀ ਕੁਰਬਾਨੀ ਕਿਉਂ ਨਾ ਦੇਣੀ ਪਵੇ । ਇਸ ਤਰ੍ਹਾਂ ਉਹ ਵਿਅਕਤੀ ਆਪਣੇ ਯੁੱਗ ਦੀ ਪ੍ਰਤੀਨਿਧਤਾ ਕਰਦਾ ਹੈ । ਆਉਣ ਵਾਲੀਆਂ ਪੀੜ੍ਹੀਆਂ ਲਈ ਉਹ ਇੱਕ ਆਦਰਸ਼ ਮਨੁੱਖ ਦੀ ਮਿਸਾਲ ਵਜੋਂ ਉਭਰਦਾ ਹੈ । ਉਸ ਦੀ ਪਛਾਣ ਇੱਕ ਲੋਕ-ਨਾਇਕ ਵਾਂਗ ਹੁੰਦੀ ਹੈ । ਲੋਕ ਨਾਇਕ ਦਾ ਮੁੱਖ ਗੁਣ ਇਹ ਹੁੰਦਾ ਹੈ ਕਿ ਉਹ ਆਪਣੇ ਚੌਗਿਰਦੇ ਵਿਚੋਂ ਯਥਾਰਥ ਦੀ ਤਲਾਸ਼ ਕਰਦਾ ਹੈ । ਉਸ ਨੂੰ ਆਮ ਮਨੁੱਖ ਤੱਕ ਪਹੁੰਚਾਉਂਦਾ ਹੈ । ਦੂਜੀ ਗੱਲ ਉਹ ਸਮਾਜਿਕ ਵਿਖਮਤਾ ਨੂੰ ਦੂਰ ਕਰਨ ਲਈ ਆਪਣੀ ਪੂਰੀ ਤਾਕਤ ਲਗਾ ਦਿੰਦਾ ਹੈ । ਮਨੁੱਖ ਨੂੰ ਮਨੁੱਖ ਨਾਲ ਜੋੜ ਕੇ ਉਸਨੂੰ ਸਕੂਨ ਮਿਲਦਾ ਹੈ ਅਤੇ ਵਿਸ਼ਵ ਸ਼ਾਂਤੀ ਉਸਦਾ ਜੀਵਨ-ਉਦੇਸ਼ ਬਣ ਜਾਂਦਾ ਹੈ । ਮਨੁੱਖਤਾ ਦੀ ਰਾਖੀ ਉਸਦਾ ਫਰਜ਼ ਹੋ ਜਾਂਦਾ ਹੈ । ਉਸ ਲਈ ਆਪਣੇ ਪਰਾਏ ਦਾ ਭੇਤ ਖਤਮ ਹੋ ਜਾਂਦਾ ਹੈ। ਸਮੁੱਚੀ ਧਰਤੀ ਉਸ ਲਈ ਇੱਕ ਪਰਿਵਾਰ ਦੀ ਨਿਆਂਈ ਹੋ ਜਾਂਦੀ ਹੈ । ਅਜਿਹੇ ਸਾਂਝੇ ਮਨੁੱਖ ਹੀ ਲੋਕਾਂ ਦੇ ਦਿਲਾਂ 'ਚ ਵੱਸ ਕੇ ਅਮਰ ਹੋ ਜਾਂਦੇ ਹਨ ।

ਸ਼ੇਖ਼ ਬਾਬਾ ਫਰੀਦ ਆਪਣੇ ਯੁੱਗ ਦੇ ਮਹਾਂ ਮਾਨਵ ਸਨ । ਉਨ੍ਹਾਂ ਉਸ ਯੁੱਗ ਦੇ ਭਟਕੇ ਹੋਏ ਅਤੇ ਨਿਰਾਸ਼ ਮਨੁੱਖ ਨੂੰ ਜਿਸ ਢੰਗ ਨਾਲ ਦਿਲਾਸਾ ਅਤੇ ਹਮਦਰਦੀ ਵਿਖਾ ਉਸ ਦਾ ਮਾਰਗ ਦਰਸ਼ਨ ਕੀਤਾ, ਉਹ ਆਪਣੇ ਆਪ ਵਿੱਚ ਇੱਕ ਮਿਸਾਲ ਹੈ । ਗੁਮਰਾਹ ਮਨੁੱਖਤਾ ਨੂੰ ਇਸ ਦੁਨਿਆਵੀਂ ਅਸਲੀਅਤ ਦਾ ਗਿਆਨ ਕਰਾ ਕੇ ਮਨੁੱਖੀ ਕਦਰਾਂ ਕੀਮਤਾਂ ਨੂੰ ਪਛਾਣਕੇ ਚਲਣ ਲਈ ਪ੍ਰੇਰਣਾ ਦਿੱਤੀ । ਉਹਨਾਂ ਮਨੁੱਖ ਨੂੰ ਚੰਗੇ ਆਚਰਣ ਦੇ ਸਾਰੇ ਲੱਛਣਾਂ ਤੋਂ ਜਾਣੂ ਕਰਵਾਇਆ । ਆਤਮ ਸਮਰਪਣ, ਨਿਮਰਤਾ, ਸਬਰ ਸੰਤੋਖ, ਮੈਤ੍ਰੀ-ਭਾਵ, ਅਤੇ ਆਤਮ-ਨਿਰਭਰਤਾ ਵਰਗੇ ਗੁਣਾਂ ਦੇ ਅਧਾਰ ਤੇ ਹੀ

ਤਾਂ ਅਸੀਂ ਸਾਰੇ ਜੀਵਾਂ ਨਾਲ ਪਿਆਰ ਪਾ ਸਕਦੇ ਹਾਂ ਭਾਵੇਂ ਉਹ ਕਿਸੇ ਵੀ ਧਰਤੀ ਦਾ ਕਿਉਂ ਨਾ ਹੋਵੇ । ਫ਼ਰੀਦ ਜੀ ਦਾ ਵੱਡਮੁੱਲਾ ਸੰਦੇਸ਼ ਸਮੂਹ ਮਖ਼ਲੂਕ ਨਾਲ ਪਿਆਰ ਅਤੇ ਸਨੇਹ ਹੈ । ਉਹਨਾਂ ਅਨੁਸਾਰ ਇਟ ਦਾ ਜੁਆਬ ਪੱਥਰ ਨਾਲ ਦੇਣਾ ਜ਼ਰੂਰੀ ਨਹੀਂ ਉਲਟਾ ਉਹਨਾਂ ਨਾਲ ਵੀ ਪਿਆਰ ਕਰੋ ਜੋ ਤੁਸਾਂ ਨੂੰ ਮਾਰਦੇ ਹਨ । ਖਿਮਾਵਾਨ ਹੋਣਾ ਮਹਾਨਤਾ ਦੀ ਗੱਲ ਹੈ । ਉਹਨਾਂ ਦਾ ਕਥਨ ਹੈ.

ਜੋ ਤੈ ਮਾਰਨਿ ਮੁੱਕੀਆਂ ਤਿਨਾਂ ਦਾ ਮਾਰੇ ਘੁੰਮਿ ॥

ਆਪਨੜੇ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ॥

ਆਪਮੀ ਪਿਆਰ ਅਤੇ ਭਾਈਚਾਰੇ ਨੂੰ ਦਰਸਾਉਣ ਵਾਲੀ ਅਜਿਹੀ ਮਿਸਾਲ ਸ਼ਾਇਦ ਹੀ ਦੁਨੀਆਂ ਦੇ ਕਿਸੇ ਹੋਰ ਕਵੀ ਨੇ ਦਿੱਤੀ ਹੋਵੇ । ਪਰ ਇਸਦਾ ਮਤਲਬ ਇਹ ਨਹੀਂ ਕਿ ਫ਼ਰੀਦ ਜੀ ਬਿਲਕੁਲ ਹੀ ਆਪਣੇ ਆਪ ਨੂੰ ਹੀਣਾ ਕਰ ਦੇਣ 'ਚ ਵਿਸ਼ਵਾਸ਼ ਕਰਦੇ ਹਨ । ਸਵੈ ਮਾਣ ਦੀ ਭਾਵਨਾ ਵੀ ਉਹਨਾਂ ਦੀ ਹੀ ਦੇਣ ਹੈ । ਉਹ ਆਖਦੇ ਹਨ ਕਿ ਕਿਸੇ ਦੇ ਅਧੀਨ ਹੋਣ ਨਾਲੋਂ ਮਰ ਜਾਣਾ ਚੰਗਾ ਹੈ । ਨਿਮਰਤਾ ਅਤੇ ਗ਼ੁਲਾਮੀ ਵਿੱਚ ਫ਼ਰਕ ਹੈ । ਨਿਮਰਤਾ ਮਨੁੱਖਤਾ ਨੂੰ ਮਹਾਨ ਅਤੇ ਉਦਾਰ ਬਣਾਉਂਦੀ ਹੈ ਪਰ ਗੁਲਾਮੀ (ਅਧੀਨਗੀ) ਬੰਦੇ ਦੀ ਹੋਂਦ ਨੂੰ ਖਤਮ ਕਰਦੀ ਹੈ ।

ਫ਼ਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ॥

ਜੇ ਤੂ ਐਵੇ ਰਖਸੀ ਜੀਉ ਸਰੀਰਹੁ ਲੇਹਿ ॥ 42 ॥

''ਪਰਾਧੀਨ ਸੁਪਨੇ ਸੁਖ ਨਾਹੀਂ'' ਦੇ ਅਨੁਸਾਰ ਪਰਾਧੀਨ ਮਨੁੱਖ ਦਾ ਜੀਵਨ ਦੁੱਖਾਂ ਭਰਿਆ ਹੁੰਦਾ ਹੈ । ਅਜਾਦੀ ਮਨੁੱਖ ਨੂੰ ਖੁਸ਼ੀ ਪ੍ਰਦਾਨ ਕਰਦੀ ਹੈ । ਫ਼ਰੀਦ ਜੀ ਸਾਰੀ ਦੁਨੀਆਂ ਲਈ ਖੁਸ਼ੀ ਪ੍ਰਦਾਨ ਕਰਨਾ ਚਾਹੁੰਦੇ ਹਨ ਕੋਈ ਕਿਸੇ ਦੇ ਅਧੀਨ ਨਾ ਹੋਵੇ । ਇਸੇ ਲਈ ਉਹ ਸਮਾਜ ਨੂੰ ਖੁਸ਼ਹਾਲ ਕਰਨ ਲਈ ਆਪਣੇ ਅਨੁਭਵੀ ਨੁਕਤੇ ਪੇਸ਼ ਕਰਦੇ ਹਨ । ਉਹ ਮਨੁੱਖ ਨੂੰ ਸੰਜਮ ਨਾਲ ਜੀਉਣ ਦੀ ਜਾਂਚ ਦਸਦੇ ਹਨ । ਉਹਨਾਂ ਦਾ ਕਥਨ ਹੈ ਕਿ ਮਨੁੱਖ ਨੂੰ ਦੂਜਿਆਂ ਦੇ ਨਹੀਂ ਆਪਣੇ ਔਗੁਣ ਵੇਖਣੇ ਚਾਹੀਦੇ ਹਨ । ਸੱਚਾਈ ਤਾਂ ਇਹ ਹੈ ਕਿ ਜੇ ਹਰੇਕ ਮਨੁੱਖ ਆਪਣੇ ਔਗੁਣ ਦੂਰ ਕਰ ਲਵੇ ਤਾਂ ਸਮਾਜ ਦਾ ਸੁਧਾਰ ਆਪਣੇ ਆਪ ਹੋ ਜਾਵੇਗਾ । ਪਰ ਜੇ ਕਰ ਕੋਈ ਮਨੁੱਖ ਦੂਜੇ ਦੇ ਔਗੁਣਾਂ ਨੂੰ ਵੇਖਦਾ ਹੈ ਤਾਂ ਉਹ ਆਪਣਾ ਸੁਧਾਰ ਨਹੀਂ ਕਰ ਸਕਦਾ ।

ਫ਼ਰੀਦਾ ਜੇ ਤੂੰ ਅਕਲਿ ਲਤੀਫ਼, ਕਾਲੇ ਲਿਖੁ ਨਾ ਲੇਖੁ ॥

ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥ 6 ॥

ਆਤਮ ਸੰਜਮ ਅਤੇ ਸਬਰ ਸੰਤੋਖ ਦੇ ਸੁਮੇਲ ਨਾਲ ਮਨੁੱਖ ਆਮ ਹਾਲਤਾਂ ਵਿਚ ਘਬਰਾਉਂਦਾ ਨਹੀਂ । ਉਸ ਵਿੱਚ ਇੱਕ ਅਜਿਹੀ ਤਾਕਤ ਆ ਜਾਂਦੀ ਹੈ ਜਿਸ ਨਾਲ ਉਹ ਆਪਣੇ ਤੇ ਆਉਣ ਵਾਲੀ ਵੱਡੀ ਤੋਂ ਵੱਡੀ ਮੁਸੀਬਤ ਨਾਲ ਟਾਕਰਾ ਕਰ ਸਕਦਾ

ਹੈ । ਉਹ ਸਹਿਨਸ਼ੀਲ ਹੋ ਜਾਂਦਾ ਹੈ ਅਤੇ ਆਪਣੇ ਹਾਲਾਤ ਤੇ ਕਾਬੂ ਪਾਉਣ ਲਈ ਸਮਰੱਥ ਹੋ ਜਾਂਦਾ ਹੈ । ਫੇਰ ਉਹ ਦੂਜੇ ਦਾ ਚੰਗਾ ਖਾਣ ਪੀਣਾ-ਮਹਿਲ ਮਾੜੀਆਂ ਵੇਖ ਕੇ ਆਪਣਾ ਜੀਉਣਾ ਨਹੀਂ ਤਰਸਾਉਂਦਾ । ਉਹ ਆਪਣੀ ਮਿਹਨਤ ਦੀ ਕਮਾਈ ਹੋਈ ਰੁਖੀ-ਸੁਖੀ ਖਾ ਕੇ, ਠੰਡਾ ਪਾਣੀ ਪੀਕੇ ਗੁਜ਼ਰ ਕਰਨ ਵਿੱਚ ਵਿਸ਼ਵਾਸ਼ ਕਰਦਾ ਹੈ ।

ਰੁਖੀ ਸੁਖੀ ਖਾਇਕੈ ਠੰਡਾ ਪਾਣੀ ਪੀਉ ॥

ਫ਼ਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥ 29 ॥

ਆਪਣੀ ਸਦਭਾਵਨਾ ਅਤੇ ਮਿਤਰਤਾ ਭਾਵ ਨੂੰ ਵਧਾਉਣ ਵਾਲਾ ਮੂਲ ਮੰਤਰ ਜੋ ਫ਼ਰੀਦ ਜੀ ਨੇ ਸਾਨੂੰ ਦਿੱਤਾ ਹੈ ਇਸ ਨਾਲ ਕੱਟਰ-ਦੁਸ਼ਮਨ ਵੀ ਵੱਸ ਵਿੱਚ ਕੀਤੇ ਜਾ ਸਕਦੇ ਹਨ । ਉਹਨਾਂ ਨੇ ਕ੍ਰੋਧ ਨੂੰ ਮਨੁੱਖ ਦਾ ਸਭ ਤੋਂ ਵੱਡਾ ਘਾਤਕ ਮੰਨਿਆ ਹੈ । ਉਹ ਆਖਦੇ ਹਨ ਕਿ ਜੇਕਰ ਤੁਸੀਂ ਬੁਰੇ ਦਾ ਭਲਾ ਕਰੋਗੇ ਸਭ ਕੁੱਝ ਤੁਹਾਡੇ ਕੋਲ ਆ ਜਾਵੇਗਾ । ਬੁਰੇ ਨਾਲ ਬੁਰਾਈ ਕਰੋਗੇ ਤਾਂ ਤੁਸੀਂ ਵੀ ਬੁਰੇ ਹੋਵੋਗੇ । ਫੇਰ ਤੁਹਾਡੇ ਵਿੱਚ ਤੇ ਬੁਰੇ ਵਿੱਚ ਕੀ ਫਰਕ ਰਹਿ ਜਾਏਗਾ । ਦੂਜਿਆਂ ਨੂੰ ਵੱਸ ਵਿੱਚ ਕਰਨ ਦਾ ਅਤੇ ਸੰਸਾਰ ਨੂੰ ਚੰਗੇ ਰਾਹ ਲਾਉਣ ਦਾ ਇਕੋ ਇੱਕ ਹੱਲ ਹੈ ਕਿ

ਫ਼ਰੀਦਾ ਬੁਰੇ ਦਾ ਭਲਾ ਕਰ, ਗੁਸਾ ਮਨ ਨ ਹੰਡਾਇ ॥

ਦੇਹੀ ਰੋਗ ਨ ਲਗਈ, ਪਲੈ ਸਭ ਕਿਛੁ ਪਾਇ ॥ 78 ॥

ਫਰੀਦ ਜੀ ਨੇ ਛੋਟੇ ਤੋਂ ਛੋਟੇ ਜੀਵ ਨੂੰ ਵੀ ਮਾਣ ਬਖਸ਼ਣ ਲਈ ਪ੍ਰੇਰਨਾ ਦਿੱਤੀ ਹੈ । ਉਹ ਮਨੁੱਖ ਨੂੰ ਸਚੇਤ ਕਰਦੇ ਹਨ ਕਿ ਪਤਾ ਨਹੀਂ ਸਮੇਂ ਦੇ ਫੇਰ ਨੇ ਕਿਸਨੂੰ ਛੋਟੇ ਤੋਂ ਵੱਡਾ ਅਤੇ ਵੱਡੇ ਤੋਂ ਛੋਟੇਪਣ ਦਾ ਅਪਮਾਨ ਅਤੇ ਵਡੇਪਣ ਦਾ ਮਾਣ ਨਾ ਕਰੋ । ਇਥੋਂ ਤਕ ਕਿ ਉਹ ਖਾਕ (ਮਿੱਟੀ) ਦੀ ਨਿੰਦਾ ਕਰਨ ਤੋਂ ਵੀ ਵਰਜਦੇ ਹਨ ।

ਫ਼ਰੀਦਾ ਖਾਕੁ ਨ ਨਿੰਦੀਐ, ਖਾਕੂ ਜੇਡੁ ਨਾ ਕੋਇ ॥

ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਏ ॥ 8 ॥

ਇਸ ਸੰਸਾਰ ਵਿੱਚ ਹਰੇਕ ਮਨੁੱਖ ਨੂੰ ਆਪਣੇ ਕਰਮਾਂ ਦਾ ਹੀ ਫਲ ਭੋਗਣਾ ਪੈਂਦਾ ਹੈ । ਜੋ ਬੀਜਦਾ ਹੈ ਉਹੀ ਵੱਢਣਾ ਪੈਂਦਾ ਹੈ । ਲੇਕਿਨ ਮੋਹ ਮਾਇਆ ਦੇ ਚੱਕਰਾਂ ਵਿੱਚ ਪੈ ਕੇ ਉਹ ਇਹ ਭੁੱਲ ਜਾਂਦਾ ਹੈ ਕਿ ਉਹ ਕਿੱਕਰ ਬੀਜ ਕੇ ਅੰਗੂਰ ਨਹੀਂ ਖਾ ਸਕਦਾ ਅਤੇ ਨਾ ਹੀ ਉੱਨ ਕੱਤ ਕੇ ਰੇਸ਼ਮ ਹੰਢਾ ਸਕਦਾ ਹੈ । ਫੇਰ ਦੁਨਿਆਵੀਂ ਜਾਲ ਵਿੱਚ ਫੱਸ ਕੇ ਆਪਣੀਆਂ ਖਾਹਸ਼ਾਂ ਨੂੰ ਪੂਰਨ ਕਰਨ ਲਈ ਧਨ ਜੋੜ-ਜੋੜ ਕੇ ਕੋਠੇ ਮੰਡਪ, ਮਾੜੀਆਂ ਆਦਿ ਬਣਾਉਣ ਦਾ ਕੀ ਲਾਭ । ਮਨੁੱਖ ਨੇ ਸਾਰੀ ਉਮਰ ਇਹਨਾਂ ਕੰਮਾਂ ਵਿੱਚ ਹੀ ਬਿਤਾ ਦਿੱਤੀ ਤਾਂ ਉਹ ਆਪਣੇ ਲਕਸ਼ ਤੋਂ ਭਟਕ ਜਾਵੇਗਾ । ਮਨੁੱਖੀ ਵਾਸ਼ਨਾਵਾਂ ਅਤੇ ਸੰਸਾਰਕ ਆਕਰਸ਼ਣਾਂ ਕਰਕੇ ਉਹ ਆਪਣੇ ਸਿਰਜਣਹਾਰੇ ਨੂੰ ਵੀ ਭੁੱਲ ਜਾਂਦਾ ਹੈ । ਪਰ ਅੰਤ ਵਿੱਚ ਉਸ ਨੂੰ ਉਸਦੀ ਦਰਗਾਹ ਵਿੱਚ ਜਾਕੇ ਜੁਆਬਦੇਹ ਹੋਣਾ

ਪੈਂਦਾ ਹੈ । ਇਸ ਲਈ ਮਨੁੱਖ ਨੂੰ ਨੇਕ ਅਮਲ ਜਰੂਰ ਕਰਨੇ ਚਾਹੀਦੇ ਹਨ ਤਾਂ ਜੋ ਸਾਈਂ ਦੇ ਦਰਬਾਰ ਸ਼ਰਮਿੰਦਾ ਨਾ ਹੋਣਾ ਪਵੇ ।

ਫਰੀਦਾ ਜਿਨੀ ਕੰਮੀ ਨਾਹਿ ਗੁਣ,
ਤੇ ਕੰਮੜੇ ਵਿਸਾਰਿ ॥
ਮਤੁ ਸ਼ਰਮਿੰਦਾ ਥੀਵਹੀ
ਸਾਂਈ ਦੇ ਦਰਬਾਰਿ ॥ 59 ॥

ਬਾਬਾ ਸ਼ੇਖ ਫ਼ਰੀਦ ਨੇ ਸੰਸਾਰਕ ਧਨ-ਪਦਾਰਥਾਂ ਦੀ ਸੰਗ੍ਰਹਿ ਕਰਨ ਦੀ ਪ੍ਰਵਿਰਤੀ ਦੀ ਨਿਖੇਧੀ ਕੀਤੀ ਹੈ । ਉਹਨਾਂ ਮਨੁੱਖ ਨੂੰ ਇਹਨਾਂ ਵਸਤਾਂ ਦੀ ਅਧੀਨਗੀ ਸਵੀਕਾਰ ਕਰਨ ਦੀ ਬਜਾਇ ਉਸ ਦੇ ਅਭਾਵ ਦਾ ਸਬਰ ਨਾਲ ਟਾਕਰਾ ਕਰਨ ਦਾ ਉਪਦੇਸ਼ ਦੇਂਦੇ ਹਨ । ਉਹਨਾਂ ਦੇ ਦਰਵੇਸ਼ੀ ਜੀਵਨ ਅਤੇ ਮਾਨਵਤਾਵਾਦੀ ਪ੍ਰਵਿਰਤੀ ਤੋਂ ਵੀ ਜੀਵਨ ਨੂੰ ਸਹੀ ਦਿਸ਼ਾ ਵੱਲ ਲੈ ਜਾਣ ਦੀ ਪ੍ਰੇਰਨਾ ਮਿਲਦੀ ਹੈ ।

ਫਰੀਦ ਜੀ ਨੇ ਮਨੁੱਖ ਨੂੰ ਸੁਚੇਤ ਕਰਦਿਆਂ ਹੋਇਆ, ਇਸ ਸੰਸਾਰ ਵਿੱਚ ਰਹਿ ਕੇ ਚੰਗੇ ਕੰਮ ਕਰਨ ਲਈ ਪ੍ਰੇਰਣਾ ਦਿੱਤੀ ਹੈ । ਉਹਨਾਂ ਨੇ ਸੰਸਾਰਿਕ ਅਸਥਿਰਤਾ ਅਤੇ ਸਰੀਰ ਦੀ ਨਾਸ਼ਮਾਨਤਾ ਰਾਹੀਂ ਮਨੁੱਖ ਨੂੰ ਰੱਬ ਦੀ ਯਾਦ ਕਰਾਉਣ ਦਾ ਯਤਨ ਕੀਤਾ ਹੈ । ਉਹਨਾਂ ਨੇ ਬਿਰਧ ਅਵਸਥਾ ਨੂੰ ਮੌਤ ਦਾ ਸੰਕੇਤ ਦਸਦਿਆਂ ਕਿਹਾ ਹੈ ਕਿ ਮਨੁੱਖ ਨੂੰ ਆਪਣੇ ਜੀਵਨ ਦੇ ਅਮੁੱਲ ਸਮੇਂ ਦੀ ਸਾਰਥਕ ਵਰਤੋਂ ਕਰਨੀ ਚਾਹੀਦੀ ਹੈ ।

ਫਰੀਦਾ ਜੇ ਜਾਣਾ ਤਿਲ ਥੋੜੜੇ ਸੰਭਲਿ ਬੁਕ ਭਰੀਂ ॥
ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰਿ ॥ 4 ॥

ਮਨੁੱਖੀ ਜੀਵਨ ਦੀ ਸਾਰਥਕਤਾ ਅਤੇ ਮਹੱਤਤਾ ਨੂੰ ਦਰਸਾਉਣ ਲਈ ਫ਼ਰੀਦ ਜੀ ਨੇ ਅਨੇਕ ਬਾਰ ਆਪਣੀ ਕਵਿਤਾ ਵਿੱਚ ਮੌਤ ਦਾ ਜ਼ਿਕਰ ਕੀਤਾ ਹੈ । ਉਹਨਾਂ ਦਾ ਮੰਤਵ ਮਨੁੱਖ ਨੂੰ ਮੌਤ ਤੋਂ ਭੈਭੀਤ ਕਰਨਾ ਨਹੀਂ ਬਲਕਿ ਮਨੁੱਖ ਨੂੰ ਸਾਵਧਾਨ ਕਰਨਾ ਹੈ ਤਾਂ ਜੋ ਮਨੁੱਖ ਰਹਿੰਦੇ ਸਮੇਂ ਆਪਣੇ ਆਪ ਨੂੰ ਸਹੀ ਰਾਹ ਤੇ ਲਾਕੇ ਆਪਣੇ ਜੀਵਨ ਨੂੰ ਸੋਧ ਵੱਲ ਲਾ ਸਕੇ । ਉਹ ਮਨੁੱਖ ਨੂੰ ਸੰਸਾਰਿਕ ਵਿਕਾਰਾਂ ਤੋਂ ਦੂਰ ਰਹਿ ਕੇ ਪਰਮਾਤਮਾ ਵੱਲ ਲਿਵ ਲਾਉਣ ਲਈ ਪ੍ਰੇਰਦੇ ਹਨ । ਫ਼ਰੀਦ ਜੀ ਨੇ ਸਾਰੀ ਉਮਰ ਦਰਵੇਸ਼ੀ ਜੀਵਨ ਬਿਤਾਇਆ । ਉਹ ਗ੍ਰਿਹਸਥੀ ਸਨ ਪਰ ਉਹ ਹਮੇਸ਼ਾਂ ਜਲ ਵਿੱਚ ਕਮਲ ਦੀ ਤਰ੍ਹਾਂ ਨਿਰਲੇਪ ਹੀ ਰਹੇ । ਸੰਸਾਰ ਵਿੱਚ ਰਹਿੰਦਿਆਂ ਵੀ ਵਿਰਕਤ ਭਾਵ ਨਾਲ ਰਹਿਣਾ ਹੀ ਉਹਨਾਂ ਦੀ ਉਦਾਰਵਾਦੀ ਜੀਵਨ ਸਾਧਨਾ ਸੀ । ਉਹਨਾਂ ਨੇ ਸੰਸਾਰ ਨੂੰ ਛੱਡਣ ਦੀ ਬਜਾਇ ਸੰਸਾਰਿਕਤਾ ਦੇ ਤਿਆਗ ਤੇ ਜ਼ੋਰ ਦਿੱਤਾ ਹੈ । ਉਹ ਪ੍ਰਭੂ ਸ੍ਰਿਸ਼ਟੀ ਦੇ ਕਣ-ਕਣ ਵਿੱਚ ਵਿਦਮਾਨ ਹੈ । ਹਰ ਜੀਵ ਦੇ ਹਿਰਦੇ ਵਿੱਚ ਉਸ ਦੀ ਹੀ ਜੋਤ ਜਗਦੀ ਹੈ । ਫੇਰ ਉਸ ਨੂੰ ਪਾਉਣ ਲਈ ਜੰਗਲਾਂ ਵਿੱਚ ਜਾ ਕੇ ਜਪ-ਤਪ ਕਰਨ ਦੀ ਕੀ ਲੋੜ ਹੈ ।

ਫ਼ਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣ ਕੰਡਾ ਮੋੜੇਹਿ ।
ਵਸੀ ਰਬ ਹਿਆਲੀਐ ਜੰਗਲੁ ਕਿਆ ਢੂੰਢੇਹਿ ॥ 19 ॥

ਸੇਖ਼ ਫ਼ਰੀਦ ਸੰਸਾਰ ਵਿੱਚ ਰਹਿ ਕੇ ਉਸ ਈਸ਼ਵਰ ਦੀ ਪ੍ਰਾਪਤੀ ਲਈ ਆਤਮਿਕ ਸ਼ੁਧੀ ਨੂੰ ਪਹਿਲ ਦੇਂਦੇ ਹਨ । ਉਂਝ ਵੀ ਵੇਖਿਆ ਜਾਵੇ ਤਾਂ ਉਹਨਾਂ ਦੀ ਕਵਿਤਾ ਵਿੱਚ ਮਨੁੱਖੀ ਸਦਾਚਾਰ ਲਈ ਬਾਰ-ਬਾਰ ਪ੍ਰੇਰਣਾ ਦਿੱਤੀ ਗਈ ਹੈ । "ਬੁਰੇ ਦਾ ਵੀ ਭਲਾ ਕਰੋ ।" "ਕ੍ਰੋਧ ਨਾ ਕਰੋ ।" "ਰੁੱਖੀ ਸੁਖੀ ਖਾਉ ।" "ਖ਼ਾਕ ਦੀ ਵੀ ਨਿੰਦਾ ਨਾ ਕਰੋ।" ਆਦਿ ਗੱਲਾਂ ਮਨੁੱਖ ਅੰਦਰ ਸੱਚਾਈ, ਨਿਮਰਤਾ, ਮਿਤਰਤਾ, ਸਦਭਾਵਨਾ, ਪ੍ਰੇਮ, ਆਤਮ ਸੰਜਮ, ਆਤਮ ਨਿਰਭਰਤਾ, ਤਿਆਗ ਅਤੇ ਸ਼ਹਿਨਸ਼ੀਲਤਾ ਵਰਗੇ ਗੁਣ ਪੈਦਾ ਕਰਦੀਆਂ ਹਨ । ਇਹ ਸਾਰੇ ਗੁਣ ਮਨੁੱਖ ਨੂੰ ਉਸ ਧਰਾਤਲ ਤੇ ਲੈ ਜਾਂਦੇ ਹਨ ਜਿੱਥੇ ਉਹ ਸਾਰਵਭੌਮਿਕ ਅਤੇ ਸਾਰਵਲੌਕਿ ਹੱਦਾਂ ਨੂੰ ਪਾਰ ਕਰਕੇ "ਵਸੁਧੈਵ ਕਟੁੰਬਕਮਾ" (ਸਾਰੀ ਪ੍ਰਿਥਵੀ ਹੀ ਇੱਕ ਪਰਿਵਾਰ ਹੈ) ਦੇ ਨਜ਼ਰੀਏ ਤੋਂ ਜੀਵਨਯਾਪਨ ਕਰਦਾ ਹੈ । ਉਸ ਲਈ ਆਪਣੇ ਪਰਾਏ ਦਾ ਭੇਤ ਖਤਮ ਹੋ ਜਾਂਦਾ ਹੈ । ਸਾਰੀ ਲੁਕਾਈ ਉਸ ਨੂੰ ਆਪਣੀ ਜਾਪਦੀ ਹੈ ਅਤੇ ਉਹ ਆਪ ਸਾਰੀ ਲੁਕਾਈ ਲਈ ਜੀਉਂਦਾ ਹੈ । ਉਹ ਦੂਜਿਆਂ ਦੀਆਂ ਪੀੜਾਂ ਨੂੰ ਆਪਣੀਆਂ ਪੀੜਾਂ ਸਮਝ ਕੇ ਉਸ ਲਈ ਦਿਨ ਰਾਤ ਯਤਨਸ਼ੀਲ ਰਹਿੰਦਾ ਹੈ । ਉਹ ਲੋਕਾਂ ਲਈ ਆਪਣਾ ਸਮੁੱਚਾ ਜੀਵਨ ਲੇਖੇ ਲਾ ਦੇਂਦਾ ਹੈ। ਉਹ ਸਾਰੇ ਜੀਵਾਂ 'ਚ ਉਸ ਰੱਬੀ ਜੋਤ ਦੇ ਦਰਸ਼ਨ ਕਰਦਾ ਹੈ । ਆਪਣੀ ਮਧੁਰਵਾਦੀ ਨਾਲ ਲੋਕਾਂ ਨੂੰ ਮੋਹ ਲੈਂਦਾ ਹੈ ਅਤੇ ਆਪਣੇ ਪਿਆਰਿਆਂ ਨੂੰ ਵੀ ਮਿੱਠੀ ਜੁਬਾਨ ਬੋਲਣ ਲਈ ਪ੍ਰੇਰਦਾ ਹੈ ਕਿਉਂ ਜੋ ਮਧੁਰਵਾਦੀ ਵਿੱਚ ਅਜਿਹਾ ਜਾਦੂ ਹੈ ਜੋ ਦੂਸਰਿਆਂ ਨੂੰ ਵੀ ਆਪਣਾ ਬਣਾ ਲੈਂਦੀ ਹੈ । ਮਿੱਠਾ ਬੋਲਣ ਵਾਲੇ ਲਈ ਇਸ ਦੁਨੀਆਂ ਵਿੱਚ ਕੋਈ ਵੀ ਬਿਗਾਨਾ ਨਹੀਂ ਰਹਿ ਜਾਂਦਾ ।

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਨੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥ 29 ॥

ਬਾਬਾ ਸ਼ੇਖ ਫ਼ਰੀਦ ਜਿਸ ਸਮੇਂ ਪੈਦਾ ਹੋਏ ਉਸ ਸਮੇਂ ਸਮਾਜ ਅਨੇਕਾਂ ਕੁਰੀਤੀਆਂ ਦੀ ਚੁੰਗਲ ਵਿੱਚ ਫਸਿਆ ਹੋਇਆ ਸੀ । ਜੋਗੀਆਂ ਅਤੇ ਨਾਥਾਂ ਨੇ ਲੋਕਾਂ ਨੂੰ ਆਪਣੇ ਜੰ[illegible] ਵਿੱਚ ਫਸਾਇਆ ਹੋਇਆ ਸੀ । ਉਸ ਸਮੇਂ ਬਾਬਾ ਫ਼ਰੀਦ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਲੋਕਾਂ ਦੇ ਇਖ਼ਲਾਕ ਨੂੰ ਉਪਰ ਚੁੱਕਣ ਲਈ ਮਨੁੱਖ ਅੰਦਰ ਮਾਨਵਤਾ ਨੂੰ ਜਾਗ੍ਰਤ ਕੀਤਾ । ਉਹਨਾਂ ਨੇ ਵਖਰਾ ਮਤ ਪੈਦਾ ਕਰਨ ਨਾਲੋਂ ਬਿਹਤਰ ਇਹੋ ਸਮਝਿਆ ਇਕ ਪ੍ਰਚਲਤ ਮਤਾਂ ਵਿੱਚੋਂ ਹੀ ਚੰਗਿਆਈਆਂ ਨੂੰ ਸਾਹਮਣੇ ਲਿਆਂਦਾ ਜਾਵੇ । ਉਹਨਾਂ ਨੇ 12 ਵੀਂ ਸਦੀ ਵਿੱਚ ਮਨੁੱਖਤਾ ਨੂੰ ਅਜਿਹੀ ਸੇਧ ਦਿੱਤੀ ਕਿ ਉਹਨਾਂ ਦੀਆਂ ਇਖ਼ਲਾਕੀ ਕਦਰਾਂ ਕੀਮਤਾਂ ਅੱਜ ਵੀ ਮਨੁੱਖ ਲਈ ਉਨੀਆਂ ਹੀ ਸਾਰਥਕ ਹਨ

ਜਿੰਨੀਆਂ ਉਸ ਸਮੇਂ ਸਨ । ਚੰਗਾ ਵਿਚਾਰ ਕੌਮਾਂ ਦੀ ਹੋਂਦ ਬਰਕਰਾਰ ਰੱਖਣ ਲਈ ਜ਼ਰੂਰੀ ਹੁੰਦਾ ਹੈ । ਚੰਗੇ ਗੁਣਾਂ ਦਾ ਹੋਣਾ ਮਨੁੱਖ ਲਈ ਹੀ ਨਹੀਂ ਸਮਾਜ ਲਈ ਵੀ ਜ਼ਰੂਰੀ ਹੈ । ਸਮਾਜ ਦੇ ਵਿਕਾਸ ਲਈ ਚੰਗੇ ਗੁਣਾਂ ਦੀ ਬਹੁਤ ਲੋੜ ਹੈ । ਇਹ ਮਨੁੱਖ ਨੂੰ ਸ਼ਾਂਤੀ ਤਾਂ ਪ੍ਰਦਾਨ ਕਰਦਾ ਹੀ ਹੈ ਨਾਲ ਹੀ ਮਨੁੱਖਤਾ ਦੀ ਸੋਚ ਨੂੰ ਵੀ ਉਸਾਰੂ ਬਣਾਉਂਦੀ ਹੈ । ਬਾਬਾ ਫ਼ਰੀਦ ਜੀ ਨੇ ਮਨੁੱਖ ਨੂੰ ਸੱਚ, ਸਦਭਾਵਨਾ, ਨਿਮਰਤਾ, ਸੇਵਾ, ਤਿਆਗ, ਸਹਿਯੋਗ ਅਤੇ ਪਰੋਪਕਾਰ ਵਰਗੇ ਚੰਗੇ ਗੁਣ ਧਾਰਣ ਕਰਨ ਦੀ ਪ੍ਰੇਰਣਾ ਦਿੱਤੀ ਤਾਂ ਜੋ ਸਮਾਜ ਉੱਨਤੀ ਦੀ ਰਾਹ ਤੇ ਚਲ ਸਕੇ । ਨਫਰਤ-ਰਹਿਤ, ਹਮਦਰਦੀ ਭਰੀ, ਅਤੇ ਪਰੋਪਕਾਰੀ ਮਨੁੱਖੀ ਭਾਵਨਾ ਹੀ ਉਸਾਰੂ ਸਮਾਜ ਦੀ ਰਚਨਾ ਕਰ ਸਕਦੀ ਹੈ ।

ਬਾਬਾ ਫ਼ਰੀਦ ਸਮਾਜ ਦੇ ਊਚ ਨੀਚ ਵਰਗ ਦੀ ਪੀੜਾ ਤੋਂ ਪੀੜਿਤ ਹੋ ਰਹੇ ਅਮੀਰ ਵਰਗ ਨੂੰ ਤਾੜਨਾ ਕਰਦੇ ਹਨ ਕਿ ਜੋ ਲੋਕ ਗਰੀਬਾਂ ਦਾ ਸ਼ੋਸ਼ਣ ਕਰਦੇ ਹਨ ਉਹਨਾਂ ਨੂੰ ਆਪਣੇ ਬੁਰੇ ਕਰਮਾਂ ਦੀ ਸਜ਼ਾ ਜ਼ਰੂਰ ਮਿਲੇਗੀ । ਪਹਿਲਾਂ ਤਾਂ ਉਹ ਧਨ ਇਕੱਠਾ ਕਰਨ ਦੇ ਹਕ ਵਿੱਚ ਹੀ ਨਹੀਂ ਹਨ ਕਿਉਂ ਜੋ ਜ਼ਿੰਦਗੀ ਇੰਨੀ ਥੋੜੀ ਹੈ ਕਿ ਚੰਗਿਆਈ ਕਰਨ ਲਈ ਦੂਜੇ ਦਾ ਭਲਾ ਕਰਨ ਲਈ ਵਕਤ ਬਹੁਤ ਥੋੜਾ ਹੈ । ਇਸ ਲਈ ਮਨੁੱਖ ਨੂੰ ਨੇਕੀ ਦੀ ਰਾਹ ਤੇ ਤੁਰਨਾ ਚਾਹੀਦਾ ਹੈ ਤਾਂ ਜੋ ਆਪਣੇ ਜੀਵਨ ਨੂੰ ਸਾਰਥਕ ਬਣਾ ਸਕੇ । ਦੂਜੀ ਗੱਲ ਫ਼ਰੀਦ ਜੀ ਨੇ ਗਰੀਬਾਂ ਨਾਲ ਅਨਿਆਂ ਕਰਨ ਵਾਲੇ ਨੂੰ ਅੰਤ ਤਾਂ ਆਪਣੇ ਕੁਕਰਮਾਂ ਦੀ ਸਜ਼ਾ ਭੁਗਤਨੀ ਹੀ ਪਵੇਗੀ ਅਤੇ ਗਰੀਬ ਨੂੰ ਉਸਦੀ ਮਿਹਨਤ ਦਾ ਹੱਕ ਜ਼ਰੂਰ ਮਿਲੇਗਾ ।

ਫ਼ਰੀਦਾ ਇਕਠਾ ਆਟਾ ਅਗਲਾ ਇਕਠਾ ਨਾਹੀ ਲੋਣੁ ॥
ਅਗੇ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ ॥

ਬਾਬਾ ਫ਼ਰੀਦ ਮਨੁੱਖ ਨੂੰ ਆਤਮਿਕ ਉੱਨਤੀ ਲਈ ਆਪਣੇ ਅੰਦਰ ਇੱਕ ਅਜਿਹੀ ਚੇਤਨਾ ਪੈਦਾ ਕਰਨ ਲਈ ਪ੍ਰੇਰਦੇ ਹਨ ਜੋ ਉਸ ਨੂੰ ਮਹਾਮਾਨਵ ਬਣਾ ਸਕਦੀ ਹੈ । ਉਹਨਾਂ ਅਨੁਸਾਰ ਮਨੁੱਖ ਆਪਣੀ ਅਲੋਚਨਾ ਆਪ ਕਰੇ, ਆਪਣੇ ਔਗੁਣਾਂ ਤੋਂ ਦੂਰ ਰਹੇ, ਹੰਕਾਰ ਨਾ ਕਰੇ, ਸੱਚ ਦੇ ਰਾਹ ਤੇ ਤੁਰੇ, ਕਿਸੇ ਦਾ ਦਿਲ ਨਾ ਦੁਖਾਵੇ ਅਤੇ ਬੁਰੇ ਦੇ ਨਾਲ ਵੀ ਭਲਾ ਕਰੇ, ਇਹ ਸਭ ਅਜਿਹੇ ਸਦਾਚਾਰਕ ਗੁਣ ਹਨ ਜੋ ਮਨੁੱਖ ਨੂੰ ਸਦਾਚਾਰਕ ਪਖੋਂ ਦ੍ਰਿੜ ਕਰਦੇ ਹਨ ਅਤੇ ਦੂਜਿਆਂ ਦੇ ਕੰਮ ਆਉਣ ਲਈ ਪ੍ਰੇਰਦੇ ਹਨ।

ਫ਼ਰੀਦ ਕਾਵਿ ਦਾ ਸੂਖਮ ਅਧਿਐਨ ਕਰਨ ਤੋਂ ਬਾਅਦ ਅਸੀਂ ਵੇਖਦੇ ਹਾਂ ਕਿ ਫ਼ਰੀਦ ਜੀ ਨੇ ਆਪਣੀ ਬਾਣੀ ਵਿੱਚ ਉਹਨਾਂ ਸਾਰੀਆਂ ਮਨੁੱਖੀ ਕਦਰਾਂ ਕੀਮਤਾਂ ਨੂੰ ਸੰਜੋਇਆ ਹੈ ਜੋ ਇਕ ਆਦਰਸ਼ ਮਨੁੱਖ ਲਈ ਲੋੜੀਂਦੀਆਂ ਹਨ । ਉਹਨਾਂ ਨੇ ਕੌੜੇ ਤੋਂ ਕੌੜੇ ਸੱਚ ਨੂੰ ਵੀ ਇੰਨੀ ਹਲੀਮੀ ਅਤੇ ਮਿੱਠਤ ਨਾਲ ਪੇਸ਼ ਕੀਤਾ ਹੈ ਕਿ ਕਿਧਰੇ ਵੀ

ਨੀਰਸਤਾ ਨਹੀਂ ਜਾਪਦੀ । ਉਹਨਾਂ ਦਾ ਕਾਵਿ ਸਿਰਫ ਅਖੌਤੀ ਹੀ ਨਹੀਂ ਸਗੋਂ ਉਹਨਾਂ ਦੀ ਆਪਣੀ ਜ਼ਿੰਦਗੀ ਦਾ ਹੰਡਾਇਆ ਹੋਇਆ ਅਨੁਭਵੀ ਕਾਵਿ ਹੈ । ਉਹਨਾਂ ਦਾ ਯਤਨ ਹੈ ਕਿ ਜੇ ਮਨੁੱਖ ਨਿਜੀ ਤੌਰ ਤੇ ਆਪਣੇ ਆਪ ਨੂੰ ਸਦਾਚਾਰਕ ਪੱਖੋਂ ਸੁਧਾਰ ਲਵੇ ਤਾਂ ਪੂਰਾ ਸਮਾਜ ਸਦਾਚਾਰਕ (ਨੈਤਿਕ) ਪਖੋਂ ਉੱਨਤ ਹੋ ਜਾਵੇਗਾ । ਸਦਾਚਾਰੀ ਮਨੁੱਖ ਸਮਾਜ ਲਈ ਆਦਰਸ਼ ਬਣ ਜਾਂਦਾ ਹੈ । ਫ਼ਰੀਦ ਕਾਵਿ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਸਮੁੱਚਾ ਕਾਵਿ, ਲੋਕ-ਕਲਿਆਣ ਦੀ ਭਾਵਨਾ ਨਾਲ ਭਰਪੂਰ ਹੈ । ਸੰਸਾਰ ਦੇ ਭਟਕੇ ਹੋਏ ਪ੍ਰਾਣੀਆਂ ਨੂੰ ਜੀਵਨ ਦੀ ਸਾਰਥਕਤਾ ਅਤੇ ਉਪਯੋਗਿਤਾ ਦਰਸਾਉਣਾ ਹੀ ਫ਼ਰੀਦ ਜੀ ਦੇ ਕਾਵਿ ਦਾ ਮੁੱਖ ਮੰਤਵ ਹੈ । ਉਹਨਾਂ ਦਾ ਕਾਵਿ ਇੱਕ ਆਦਰਸ਼ ਮਨੁੱਖ ਅਤੇ ਉਸਾਰੂ ਸਮਾਜ ਦੇ ਨਿਰਮਾਣ ਦੀ ਪਥਾਰਥਕ ਸੋਚ ਦਾ ਮਾਨਚਿੱਤਰ ਪੇਸ਼ ਕਰਦਾ ਹੈ । ਉਹਨਾਂ ਨੇ ਆਪਣੇ ਕਾਵਿ ਵਿੱਚ ਕਿਧਰੇ ਵੀ ਕੱਟਰਵਾਦੀ ਜਾਂ ਤੰਗਦਿਲ ਦ੍ਰਿਸ਼ਟੀਕੋਣ ਨਹੀਂ ਅਪਣਾਇਆ । ਇਹੋ ਕਾਰਣ ਹੈ ਕਿ ਉਹਨਾਂ ਦੀ ਕਵਿਤਾ ਮਨੁੱਖੀ-ਪ੍ਰੇਮ ਅਤੇ ਵਿਸ਼ਵ ਭਾਈਚਾਰੇ ਦੀ ਭਾਵਨਾ ਨਾਲ ਭਰੀ ਹੋਈ ਹੈ । ਭਾਸ਼ਾ ਦੀ ਦੀਵਾਰ ਨੂੰ ਹਟਾਕੇ ਭਾਵਾਂ ਦੇ ਧਰਾਤਲ ਤੇ ਅੱਜ ਵੀ ਫ਼ਰੀਦ ਬਾਣੀ ਹਰ ਵਰਗ, ਸੰਪ੍ਰਦਾਇ ਅਤੇ ਦੇਸ਼ ਦੇ ਲੋਕਾਂ ਨੂੰ ਆਪਣੀ ਹੀ ਜਾਪਦੀ ਹੈ ।

ਬਾਬਾ ਸ਼ੇਖ਼ ਫ਼ਰੀਦ ਜੀ ਦੀ ਸੰਖੇਪ ਜੀਵਨੀ

ਸਮੇਂ ਦੇ ਪਰਵਰਤਨ ਨਾਲ ਹਾਲਾਤ ਵੀ ਬਦਲਦੇ ਰਹਿੰਦੇ ਹਨ । ਭਾਰਤ ਦਾ ਅਤੀਤ ਵੀ ਕਾਲ ਦੇਂ ਧੁਰੇ ਦੇ ਨਾਲ-ਨਾਲ ਬਦਲਦਾ ਰਿਹਾ ਹੈ । ਇਤਿਹਾਸ ਗਵਾਹ ਹੈ ਕਿ ਜਦੋਂ ਵੀ ਕੋਈ ਹਮਲਾਵਰ ਹਿੰਦੁਸਤਾਨ ਤੇ ਹਮਲਾ ਕਰਦਾ ਤਾਂ ਉਹ ਆਪਣੀਆਂ ਮੌਲਿਕ ਸਥਾਪਨਾਵਾਂ ਦੇ ਨਾਲ ਏਥੋਂ ਦੀ ਜਨਤਾ ਦੀ ਮਾਨਸਕਤਾ ਨੂੰ ਝੰਜੋੜ ਕੇ ਰੱਖ ਦਿੰਦਾ ਹੈ । ਹਿੰਦੁਸਤਾਨ ਵਿੱਚ ਇਸਲਾਮ ਦੇ ਪਰਵੇਸ਼ ਨਾਲ ਏਥੋਂ ਦੀ ਜਨਤਾ ਦੀ ਮਾਨਸਕਤਾ ਸਭਿਆਚਾਰ ਬਹੁਤ ਪ੍ਰਭਾਵਿਤ ਹੋਇਆ । ਮਹਿਮੂਦ ਗਜ਼ਨਵੀਂ ਦੇ ਸਮੇਂ ਹਿੰਦੁਸਤਾਨ ਵਿੱਚ ਇਕ ਧਾਰਮਿਕ ਕ੍ਰਾਂਤੀ ਆਈ ਜਿਸ ਨਾਲ ਹਿੰਦੂਆਂ ਦਾ ਧਰਮ ਪਰਿਵਰਤਨ ਸ਼ੁਰੂ ਹੋ ਗਿਆ ਸੀ । ਇਸ ਦੇ ਨਾਲ ਹੀ ਤੁਰਕ ਤੇ ਅਫਗਾਨ ਕਾਫੀ ਮਾਤਰਾ ਵਿੱਚ ਪੰਜਾਬ ਦੇ ਇਲਾਕੇ ਵਿੱਚ ਆ ਕੇ ਵੱਸ ਗਏ ਸਨ ਜਿਸ ਦੇ ਸਿੱਟੇ ਵਜੋਂ ਪੰਜਾਬ ਅਤੇ ਸਿੰਧ ਦੇ ਕਈ ਇਲਾਕਿਆਂ ਵਿੱਚ ਇਸਲਾਮੀ ਪ੍ਰਚਾਰਕ ਕੇਂਦਰ ਸਥਾਪਿਤ ਹੋ ਗਏ ਸਨ । ਮੁਸਲਮਾਨਾਂ ਨੇ ਏਥੋਂ ਆਪਣੀਆਂ ਮਸੀਤਾਂ ਸਥਾਪਿਤ ਕਰਕੇ ਇਸਲਾਮ ਦੇ ਪ੍ਰਚਾਰ ਦੇ ਨਾਲ-ਨਾਲ ਮੁਸਲਮਾਨੀ ਵਿਚਾਰਧਾਰਾ ਸਮਾਜਿਕ ਰੌਅ-ਰੀਤਾਂ ਅਤੇ ਆਦਰਸ਼ਾਂ ਦਾ ਪ੍ਰਚਾਰ ਵੀ ਸ਼ੁਰੂ ਕਰ ਦਿੱਤਾ ਸੀ । ਇਸ ਤੋਂ ਬਾਅਦ ਹਿੰਦੁਸਤਾਨ ਵਿੱਚ ਇਸਲਾਮਿਕ ਅਤੇ ਭਾਰਤੀ ਸੰਸਕ੍ਰਿਤੀ ਵਿੱਚ ਟਾਕਰਾ ਸ਼ੁਰੂ ਹੋ ਗਿਆ । ਸਵੈ-ਮਾਨਵਵਾਦੀ ਲੋਕਾਂ ਨੇ ਆਦਾਨ-ਪ੍ਰਦਾਨ ਸ਼ੁਰੂ ਕਰ ਦਿੱਤਾ । ਇਸ ਦੌਰਾਨ ਕੁਝ ਦਰਵੇਸ਼ ਅਤੇ ਧਰਮ ਪ੍ਰਚਾਰਿਕ ਵੀ ਹਿੰਦੁਸਤਾਨ ਆਏ ਜੋ ਏਥੇ ਹੀ ਸਥਾਪਿਤ ਹੋ ਗਏ। ਇਹਨਾਂ ਲੋਕਾਂ ਨੇ ਆਪਣੇ ਧਾਰਮਿਕ ਆਦਰਸ਼ਾਂ ਦੀ ਰੌਸ਼ਨੀ ਫੈਲਾਈ ਅਤੇ ਭਾਈਚਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਆਪਣਾ ਯੋਗਦਾਨ ਪਾਇਆ ਜਿਸ ਕਰਕੇ ਇਸਲਾਮ ਦੀਆਂ ਜੜ੍ਹਾਂ ਹੋਰ ਮਜ਼ਬੂਤ ਹੋਈਆਂ ਅਤੇ ਇਹ ਸਮਾਂ ਲਗਭਗ 11ਵੀਂ ਅਤੇ 12ਵੀਂ ਸ਼ਤਾਬਦੀ ਦਾ ਸੀ । 12ਵੀਂ ਸਦੀ ਦੇ ਗੜਬੜ ਦੇ ਦਿਨਾਂ ਵਿੱਚ ਹੀ ਮੰਗੋਲਾਂ ਦੀ ਲੁੱਟ ਮਾਰ ਤੇ ਤਬਾਹੀ ਤੋਂ ਬਚਣ ਲਈ ਹੋਰ ਕਈ ਮੁਸਲਮਾਨ ਪਰਿਵਾਰਾਂ ਦੀ ਤਰ੍ਹਾਂ ਸ਼ੇਖ਼ ਫ਼ਰੀਦ ਦੇ ਦਾਦਾ ਜੀ ਵੀ ਕਾਬਿਲ ਛੱਡ ਕੇ ਹਿੰਦੁਸਤਾਨ ਆ ਵੱਸੇ ਅਤੇ ਪੰਜਾਬ ਦੇ ਕਿਸੇ ਇਲਾਕੇ ਵਿੱਚ ਵੱਸ ਗਏ ਸਨ । ਸ਼ੇਖ ਫ਼ਰੀਦ ਜੀ ਦੇ ਪਿਤਾ ਦਾ ਨਾਂ ਸ਼ੇਖ ਜ਼ਮਾਲੂਦੀਨ ਸੁਲ੍ਹੇਮਾਨ ਸੀ ਅਤੇ ਉਹ ਫ਼ਰੀਦ ਜੀ ਦੇ ਜਨਮ ਤੋਂ ਪਹਿਲਾਂ ਮੁਲਤਾਨ ਦੇ ਲਾਗੇ ਖੋਤ ਵਾਲ ਵਿੱਚ ਆਣ ਵਸੇ ਸਨ । ਏਥੋਂ ਹੀ ਸਨ 1173 ਕੁਝ ਵਿਦਵਾਨਾ ਦੇ ਹਿਸਾਬ ਨਾਲ 1175 ਈ: ਵਿੱਚ ਸ਼ੇਖ ਫ਼ਰੀਦ ਦਾ ਜਨਮ ਹੋਇਆ । ਅਤੇ ਇਹਨਾਂ ਦਾ ਬਚਪਨ ਦਾ ਨਾਂ ਫਰੀਦੂ ਦੀਨ ਮਸਊਦ ਸੀ । ਸ਼ੇਖ ਜ਼ਮਾਲੂਦੀਨ ਦੇ 3 ਲੜਕੇ ਅਤੇ

ਇਕ ਲੜਕੀ ਸੀ ਫ਼ਰੀਦ ਜੀ ਦੂਜੇ ਲੜਕੇ ਸਨ । ਇਹਨਾਂ ਦੀ ਮਾਤਾ ਬੇਬੇ ਕਰਸੱਮ ਇਕ ਪਰਮਾਤਮਾ ਅਤੇ ਨੇਕ ਵਿਚਾਰਾਂ ਵਾਲੀ ਇਸਤਰੀ ਸੀ । ਉਸ ਨੇ ਹੀ ਸ਼ੇਖ ਫ਼ਰੀਦ ਨੂੰ ਬਚਪਨ ਵਿੱਚ ਅਜਿਹੀਆਂ ਵਚਿੱਤਰ ਤੇ ਆਕਰਸ਼ਕ ਕਹਾਨੀਆਂ ਸੁਣਾ-ਸੁਣਾ ਕੇ ਖੁਦਾ ਦੀ ਬੰਦਗੀ ਵੱਲ ਪ੍ਰੇਰਿਆ । ਉਹ ਹਰ ਰੋਜ਼ ਬਾਬਾ ਫ਼ਰੀਦ ਜੀ ਨੂੰ ਨੇਮ ਤੇ ਲਗਨ ਨਾਲ ਨਮਾਜ਼ ਅਦਾ ਕਰਨ ਦੀ ਪ੍ਰੇਰਨਾ ਦੇਣ ਲਈ ਉਹਨਾਂ ਦੇ ਮੱਸਲੇ ਹੇਠ ਸ਼ੱਕਰ ਰੱਖ ਦੇਂਦੀ ਸੀ । ਇਕ ਦਿਨ ਉਹ ਸ਼ੱਕਰ ਰੱਖਣਾ ਭੁਲ ਗਈ ਪਰ ਰੱਬੀ ਮਿਹਰ ਨਾਲ ਉਥੇ ਸ਼ੱਕਰ ਰੱਖੀ ਗਈ ਜਿਸ ਤੋਂ ਬਾਅਦ ਉਹਨਾਂ ਦੇ ਨਾਂ ਨਾਲ ਗੰਜੇ ਸ਼ਕਰ ਵੀ ਜੁੜ ਗਿਆ । ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਫ਼ਰੀਦ ਜੀ ਦੀ ਬੋਲ ਬਾਣੀ ਵਿੱਚ ਏਨੀ ਮਿਠਾਸ ਸੀ ਕਿ ਉਹਨਾਂ ਨੂੰ ਲੋਕ ਸ਼ਕਰ ਗੰਜ ਆਖਣ ਲੱਗ ਪਏ ।

ਮੁਢਲੀ ਸਿੱਖਿਆ ਆਪ ਜੀ ਨੇ ਘਰ ਵਿੱਚ ਹੀ ਪ੍ਰਾਪਤ ਕੀਤੀ ਅਤੇ ਬਾਅਦ ਵਿੱਚ ਆਪ ਜੀ ਨੂੰ ਮੁਲਤਾਨ ਭੇਜਿਆ ਗਿਆ । ਮੁਲਤਾਨ ਉਹਨਾਂ ਦਿਨਾਂ ਵਿੱਚ ਇਸਲਾਮੀ ਵਿਦਿਆ ਅਤੇ ਸਭਿਆਚਾਰ ਦਾ ਪ੍ਰਸਿੱਧ ਕੇਂਦਰ ਸੀ । ਏਥੇ ਸ਼ੇਖ ਫ਼ਰੀਦ ਜੀ ਨੂੰ ਬੌਧਿਕ ਅਤੇ ਅਧਿਆਤਮਕ ਖੇਤਰ ਦੇ ਪ੍ਰਸਿੱਧ ਵਿਦਵਾਨ ਅਤੇ ਸੂਫੀ ਸਾਧਕ ਸ਼ੇਖ ਕੁਤਬੂਦੀਨ ਬਖਤਿਆਰ ਕਾਕੀ ਨਾਲ ਭੇਂਟ ਕਰਨ ਦਾ ਸੁਭਾਗ ਪ੍ਰਾਪਤ ਹੋਇਆ ।

ਆਪ ਜੀ ਦੀ ਅਧਿਆਤਮਕ ਪ੍ਰਵਿਰਤੀ ਅਤੇ ਸੂਫੀਆਨਾ ਰਹਿਤ-ਬਹਿਤ ਵੇਖ ਕੇ ਖਿਵਾਜਾ ਸਾਹਿਬ ਨੇ ਇਹਨਾਂ ਨੂੰ ਆਪਣਾ ਮੁਰੀਦ ਬਣਾ ਲਿਆ । ਸ਼ੇਖ ਫਰੀਦ ਜੀ ਦੀ ਸੂਫੀ ਭਾਵਨਾ ਤੋਂ ਖੁਸ਼ ਹੋ ਕੇ ਖਿਵਾਜਾ ਕੁਤਬੁਦੀਨ ਇਹਨਾਂ ਨੂੰ ਆਪਣੇ ਨਾਲ ਦਿੱਲੀ ਲੈ ਗਏ । ਸ਼ੇਖ ਫ਼ਰੀਦ ਜੀ ਨੇ ਏਥੇ ਖਿਵਾਜਾ ਕੁਤਬੁਦੀਨ ਜੀ ਦੇ ਮੁਰਸ਼ਦ ਤੇ ਉਸਤਾਦ ਖਿਵਾਜਾ ਮੀਨੂਦੀਨ ਚਿਸ਼ਤੀ ਜੀ ਦੀ ਸੰਗਤ ਨਾਲ ਹੋਰ ਵਧੇਰੇ ਅਧਿਆਤਮਕ ਗਿਆਨ ਅਤੇ ਚਿਸ਼ਤੀ ਸੰਪਰਦਾਏ ਦੀਆਂ ਪ੍ਰੰਪਰਾਵਾਂ ਬਾਰੇ ਗਿਆਨ ਪ੍ਰਾਪਤ ਕੀਤਾ । ਇਹਨਾਂ ਦੀ ਭਗਤੀ ਭਾਵਨਾ ਤੋਂ ਖਿਵਾਜਾ ਮੀਨੂਦੀਨ ਚਿਸ਼ਤੀ ਵੀ ਬਹੁਤ ਪ੍ਰਭਾਵਿਤ ਹੋਏ । ਇਹਨਾਂ ਦੋਹਾਂ ਮਹਾਨ ਸੂਫੀ ਫਕੀਰਾਂ ਨੇ ਬਾਬਾ ਫਰੀਦ ਜੀ ਨੂੰ ਹੋਰ ਵਧੇਰੇ ਸਾਧਨਾ ਕਰਨ ਲਈ ਪ੍ਰੇਰਨਾ ਅਤੇ ਅਸ਼ੀਰਵਾਦ ਦਿੱਤੀ । ਕਿਹਾ ਜਾਂਦਾ ਹੈ ਕਿ ਖਿਵਾਜਾ ਕੁਤਬੁਦੀਨ ਨੇ ਆਪਣੇ ਇਸ ਮੁਰੀਦ ਨੂੰ ਚਿਲਾ-ਏ-ਮਖੂਸ ਰੱਖਣ ਦਾ ਆਦੇਸ਼ ਦਿੱਤਾ । ਜਿਸ ਅਨੁਸਾਰ 40 ਦਿਨ ਜਾਂ ਰਾਤਾਂ ਕਠਿਨ ਤਪੱਸਿਆ ਕਰਕੇ ਭਾਵ ਸਰੀਰ ਨੂੰ ਕਸ਼ਟ ਦੇ ਕੇ ਬੰਦਗੀ ਕਰਨੀ ਹੁੰਦੀ ਹੈ । ਬਾਬਾ ਫ਼ਰੀਦ ਜੀ ਨੇ ਆਪਣੇ ਮੁਰਸ਼ਦ ਦੀ ਆਗਿਆ ਦੀ ਪਾਲਣਾ ਕਰਕੇ ਇਸ ਪ੍ਰੀਖਿਆ ਵਿਚ ਸਫਲਤਾ ਹਾਸਿਲ ਕੀਤੀ । ਜਿਸ ਅਨੁਸਾਰ ਉਹਨਾਂ ਅੰਦਰ ਅਧਿਆਤਮਕ ਸ਼ਕਤੀ ਦਾ ਵਾਧਾ ਹੋਇਆ ।

ਬਾਬਾ ਫ਼ਰੀਦ ਜੀ ਖਿਵਾਜਾ ਕੁਤਬੁਦੀਨ ਦੀ ਸੰਗਤ ਵਿਚ ਕਾਫੀ ਸਮਾਂ ਦਿੱਲੀ ਰਹੇ ਅਤੇ ਇਸੇ ਸਮੇਂ ਖਿਵਾਜਾ ਮੀਨੂਦੀਨ ਚਿਸ਼ਤੀ ਧਾਰਮਿਕ ਕੇਂਦਰ ਦੀ ਸਥਾਪਨਾ ਕਰਨ ਲਈ ਅਜਮੇਰ ਚਲੇ ਗਏ । ਦਿੱਲੀ ਵਿਚ ਰਹਿੰਦੀਆਂ ਬਾਬਾ ਫ਼ਰੀਦ ਜੀ ਨੇ ਕਾਫੀ

ਸਾਧਨਾ ਕੀਤੀ ਅਤੇ ਬਾਅਦ ਵਿਚ ਬਖਤਿਆਰ ਕਾਕੀ ਜੀ ਦੀ ਆਗਿਆ ਨਾਲ ਦਿੱਲੀ ਤੋਂ ਹਾਂਸੀ (ਜ਼ਿਲ੍ਹਾ ਹਿਸਾਰਾ) ਗਏ ਅਤੇ ਏਥੇ ਕਾਫੀ ਦੇਰ ਲੋਕਾਂ ਨੂੰ ਆਪਣੇ ਅਨੁਭਵਾਂ ਦਾ ਅੰਮ੍ਰਿਤ ਰਸ ਦੇ ਕੇ ਵਾਪਿਸ ਮੁਲਤਾਨ ਪਰਤੇ ਤੇ ਮੁੜ ਅਯੋਦਨ ਆ ਗਏ, ਜਿਸ ਨੂੰ ਅੱਜਕਲ੍ਹ ਪਾਕਿ ਪਟਨ ਆਖਿਆ ਜਾਂਦਾ ਹੈ ਜੋ ਪਾਕਿਸਤਾਨ ਵਿੱਚ ਸਥਿਤ ਹੈ । ਏਥੇ ਆ ਕੇ ਉਹਨਾਂ ਨੇ ਆਪਣੀ ਬੰਦਗੀ ਅਤੇ ਅਸੂਲਾਂ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ । ਅਯੋਦਨ ਵਿੱਚ ਰਹਿਣ ਤੋਂ ਕੁਝ ਦੇਰ ਮਗਰੋਂ ਆਪ ਜੀ ਨੇ ਆਪਣੇ ਨੈਤਿਕ ਗੁਣਾਂ ਅਤੇ ਅਸੂਲਾਂ ਦਾ ਪ੍ਰਚਾਰ ਕੀਤਾ ਜਿਸ ਨਾਲ ਕਾਫੀ ਲੋਕ ਉਹਨਾਂ ਦੇ ਮੁਰੀਦ ਬਣ ਗਏ । ਏਥੇ ਰਹਿ ਕੇ ਇਹਨਾਂ ਨੇ ਆਪਣੇ ਪੈਰੋਕਾਰਾਂ ਨੂੰ ਇਕ ਸੱਚਾ ਸੁੱਚਾ ਅਤੇ ਸੰਜਮ ਜੀਵਨ ਬਿਤਾਉਣ ਦਾ ਉਦੇਸ਼ ਦਿੱਤਾ । ਇਹ ਆਪਣੀ ਸਾਰੀ ਰਕਮ ਜਾਂ ਪੂੰਜੀ ਗਰੀਬਾਂ ਵਿੱਚ ਵੰਡ ਦਿੰਦੇ ਹਨ । ਸੂਫੀ ਸਿਧਾਂਤਾਂ ਅਨੁਸਾਰ ਤੁਵੱਕਲ ਅਰਥਾਤ ਲਾਲਚ ਅਤੇ ਜਮ੍ਹਾਂ ਕਰਨ ਦੀਆਂ ਪ੍ਰਿਵਿਰਤੀਆਂ ਨੂੰ ਈਸ਼ਵਰ ਪ੍ਰਾਪਤੀ ਅਵਿਸ਼੍ਵਾ ਮੰਨਿਆ ਜਾਂਦਾ ਹੈ । ਇਸ ਲਈ ਫ਼ਰੀਦ ਜੀ ਨੇ ਕਿਸੇ ਵੀ ਤਰ੍ਹਾਂ ਦੀ ਸੰਘਰੇ ਕਰਨ ਦੀ ਪਰਵਿਰਤੀ ਨੂੰ ਸੂਫੀ ਅਸੂਲਾਂ ਦੇ ਖਿਲਾਫ ਮੰਨਿਆਂ ਹੈ । ਬਾਬਾ ਫਰੀਦ ਜੀ ਦੇ ਦਰਵੇਸ਼ੀ ਜੀਵਨ ਬਾਰੇ ਬਹੁਤ ਤਰ੍ਹਾਂ ਦੀਆਂ ਕਹਾਣੀਆਂ ਉਹਨਾਂ ਦੇ ਜੀਵਨ ਨਾਲ ਜੁੜ ਗਈਆਂ । ਉਹਨਾਂ ਦੇ ਘਰ ਕਦੇ ਕਦੇ ਰੋਟੀ ਦਾ ਟੁਕਰ ਅਤੇ ਲੂਣ ਵੀ ਨਹੀਂ ਹੁੰਦਾ ਜਾਂ ਖਾਣ ਨੂੰ ਕੇਵਲ ਮੋਟੇ ਅਨਾਜ ਦੀ ਰੋਟੀ ਹੀ ਮਿਲਦੀ ਸੀ । ਕਈ ਵਾਰ ਬਾਬਾ ਫਰੀਦ ਜੀ ਨੂੰ ਬੰਜਰ ਧਰਤੀ ਦੇ ਕੰਜਮੂਲ ਪੀਲੂਆਂ ਜਾਂ ਡੇਲਿਆਂ ਤੇ ਹੀ ਜੀਵਨ ਗੁਜ਼ਾਰਨਾ ਪੈਂਦਾ । ਭਾਵੇਂ ਬਾਬਾ ਫ਼ਰੀਦ ਜੀ ਕੋਲ ਸ਼ਰਧਾਲੂ ਕਈ ਤਰ੍ਹਾਂ ਦੀਆਂ ਭੇਟਾਂ ਲੈ ਕੇ ਆਉਂਦੇ ਪਰ ਬਾਬਾ ਫ਼ਰੀਦ ਜੀ ਉਹਨਾਂ ਵਿਚੋਂ ਆਪਣੇ ਕੋਲ ਕੁਝ ਵੀ ਨਹੀਂ ਰੱਖਦੇ ਹਨ । ਭਾਵੇਂ ਉਹ ਬਲਵਨ ਦੇ ਦਾਮਾਦ ਸਨ ਉਹਨਾਂ ਨੂੰ ਰਾਜਸੀ ਸਹਾਇਤਾ ਵੀ ਪ੍ਰਾਪਤ ਹੋ ਸਕਦੀ ਸੀ ਪਰ ਉਹਨਾਂ ਕਿਸੇ ਕਿਸਮ ਦੀ ਇਛਾ ਨਹੀਂ ਰੱਖੀ । ਅਸੂਲੀ ਤੌਰ ਤੇ ਸੂਫ਼ੀ ਫਕੀਰ ਕਿਸੇ ਵੀ ਅਮੀਰ ਨਾਲ ਜਾਤੀ ਫਾਇਦੇ ਲਈ ਸਬੰਧ ਰੱਖਣ ਤੋਂ ਸੰਕੋਚ ਕਰਦਾ ਹੈ । ਬਾਬਾ ਫ਼ਰੀਦ ਜੀ ਦੇ ਜੀਵਨ ਵਿੱਚ ਵੀ ਬਾਦਸ਼ਾਹਾਂ ਅਮੀਰਾਂ ਅਤੇ ਸੱਤਾਧਾਰੀਆਂ ਦੀਆਂ ਮਿਹਰਬਾਨੀਆਂ ਜਗੀਰਾਂ ਅਤੇ ਨਜ਼ਰਾਨਿਆਂ ਤੋਂ ਇਨਕਾਰ ਕਰਨ ਦੀਆਂ ਮਿਸਾਲਾਂ ਮਿਲਦੀਆਂ ਹਨ । ਇਹਨਾਂ ਗੁਣਾਂ ਕਰਕੇ ਹੀ ਬਾਬਾ ਫਰੀਦ ਹਿੰਦੂ ਅਤੇ ਮੁਸਲਮਾਨਾਂ ਵਿੱਚ ਹੀ ਨਹੀਂ ਸਮੁੱਚੀ ਮਨੁੱਖਤਾ ਲਈ ਪੂਜਨੀਕ ਹਨ ।

ਅਯੋਦਨ ਵਿੱਚ ਬਾਬਾ ਫ਼ਰੀਦ ਜੀ ਨੇ ਸੂਫੀ ਮਰਿਆਦਾ ਅਨੁਸਾਰ ਇਕ ਖਾਨਗਾਹ ਅਤੇ ਸਰਾਂ ਬਣਾਈ ਜਿਸ ਵਿੱਚ ਦੂਰ-ਦੂਰ ਤੋਂ ਆ ਕੇ ਸੈਲਾਨੀ ਸੂਫੀ ਅਤੇ ਮੁਸਾਫਰ ਠਹਿਰਦੇ ਸਨ । ਏਥੇ ਲੰਗਰ ਪਾਣੀ ਦੀ ਸੇਵਾ ਮੁਫਤ ਕੀਤੀ ਜਾਂਦੀ ਸੀ । ਏਥੇ ਕਵਾਲੀਆਂ ਅਤੇ ਸੰਗੀਤ ਦੀਆਂ ਮਹਿਫਲਾਂ ਸਜਾਈਆਂ ਜਾਂਦੀਆਂ ਸਨ । ਇਹਨਾਂ ਦੀ ਪ੍ਰਸਿੱਧੀ ਨੂੰ ਵੇਖ ਕੇ ਉਸ ਸਮੇਂ ਕੁਝ ਲੋਕਾਂ ਨੇ ਇਹਨਾਂ ਪ੍ਰਤੀ ਈਰਖਾ ਦੀ ਭਾਵਨਾ

ਰੱਖਣੀ ਸ਼ੁਰੂ ਕਰ ਦਿੱਤੀ । ਅਯੋਦਨ ਦੇ ਕਾਜ਼ੀ ਨੇ ਇਹਨਾਂ ਦੇ ਖਿਲਾਫ ਗੈਰ ਮੁਸਲਮਾਨੀ ਰਿਵਾਇਤਾਂ ਚਲਾਉਣ ਦਾ ਦੋਸ਼ ਲਗਾਇਆ । ਪਰ ਫ਼ਰੀਦ ਜੀ ਨੇ ਆਪਣੀ ਸਹਿਣਸ਼ੀਲਤਾ ਸਬਰ ਅਤੇ ਉਦਾਰਤਾਂ ਨਾਲ ਇਹਨਾਂ ਇਲਜ਼ਾਮਾਂ ਦਾ ਉਤਰ ਦਿੱਤਾ ਜਿਸ ਨਾਲ ਆਮ ਜਨਤਾ ਬਹੁਤ ਪ੍ਰਭਾਵਿਤ ਹੋਈ ਅਤੇ ਕਾਜੀ ਨੂੰ ਬਹੁਤ ਜ਼ਿਆਦਾ ਸ਼ਰਮਿੰਦਗੀ ਉਠਾਉਣੀ ਪਈ ।

ਫਰੀਦ ਜੀ ਦਾ ਜੀਵਨ ਬਹੁਤ ਜ਼ਿਆਦਾ ਸੁਖਾਵਾਂ ਨਹੀਂ ਸੀ । ਉਹਨਾਂ ਨੇ ਦਰਵੇਸ਼ੀ ਜੀਵਨ ਬਤੀਤ ਕੀਤਾ ਅਤੇ ਆਮ ਤੌਰ ਤੇ ਫਟੇ-ਪੁਰਾਣੇ ਕਪੜੇ ਇਕ ਕੰਬਲੀ ਅਤੇ ਟੁੱਟੇਵਾਣ ਦੀ ਮੰਜੀ ਨਾਲ ਹੀ ਗੁਜ਼ਾਰਾ ਕੀਤਾ । ਕੰਬਲੀ ਏਨੀ ਛੋਟੀ ਸੀ ਕਿ ਜਿਸ ਨਾਲ ਪੂਰੀ ਤਰ੍ਹਾਂ ਸਰੀਰ ਨਹੀਂ ਸੀ ਢਕਿਆ ਜਾ ਸਕਦਾ ਪਰ ਫ਼ਰੀਦ ਜੀ ਨੇ ਇਸ ਜੀਵਨ ਨੂੰ ਰੱਬ ਦੀ ਰਜ਼ਾ ਸਮਝ ਕੇ ਹਸੀ-ਖੁਸ਼ੀ ਬਤੀਤ ਕੀਤਾ । ਉਹ ਆਪਣੇ ਮੁਰੀਦਾਂ ਨੂੰ ਜੀਵਨ ਦੇ ਦੁਖਾਂ ਨੂੰ ਸਬਰ ਸੰਤੋਖ ਚੰਗੇ ਅਮਲਾਂ ਅਤੇ ਆਤਮ ਸਮਰਪਨ ਦੀ ਭਾਵਨਾ ਨਾਲ ਬਿਤਾਉਣ ਦਾ ਸੰਦੇਸ਼ ਦਿੰਦੇ ਸਨ । ਬਾਬਾ ਫਰੀਦ ਜੀ ਦੀ ਅਧਿਆਤਮਕ ਯਾਤਰਾ ਵੱਖ-ਵੱਖ ਰੂਹਾਨੀ ਪੜਾ ਪਾਰ ਕਰਕੇ ਸਿਖਰ ਨੂੰ ਪਹੁੰਚ ਚੁੱਕੀ ਸੀ । ਉਹਨਾਂ ਆਪਣੇ ਸਰੀਰ ਤੋਂ ਓਨੀ ਸਾਧਨਾ ਕਰਵਾਈ ਕਿ ਕਈ-ਕਈ ਦਿਨ ਨਿਢਾਲ ਪਏ ਰਹਿੰਦੇ ਸਨ । ਪਰ ਉਹਨਾਂ ਆਤਮ ਤੌਰ ਤੇ ਹਿੰਮਤ ਨਹੀਂ ਹਾਰੀ ।

ਕਿਹਾ ਜਾਂਦਾ ਹੈ ਕਿ ਦਿੱਲੀ ਤੋਂ ਅਯੋਦਨ ਜਾਂਦੇ ਹੋਏ ਜਦੋਂ ਬਾਬਾ ਫ਼ਰੀਦ ਜੀ ਰਾਹ ਵਿੱਚ ਕਿਧਰੇ ਪੜਾਅ ਕਰਦੇ ਤਾਂ ਉਥੋਂ ਦੇ ਲੋਕ ਉਹਨਾਂ ਨੂੰ ਸਮਝਣ ਵਿੱਚ ਭੁਲ ਕਰ ਬੈਠਦੇ । ਇਵੇਂ ਹੀ ਇਕ ਸਾਖੀ ਉਹਨਾਂ ਦੇ ਜੀਵਨ ਵਿੱਚ ਪ੍ਰਸਿਧ ਹੋਈ । ਬਾਬਾ ਫਰੀਦ ਜੀ ਰਾਹ ਵਿੱਚ ਇਕ ਥਾਂ ਦਰੱਖਤ ਥੱਲੇ ਆਪਣੀ ਗੋਦੜੀ ਦਰੱਖਤ ਤੇ ਬੰਨ੍ਹ ਕੇ ਆਰਾਮ ਕਰ ਰਹੇ ਸਨ । ਇਸ ਜਗ੍ਹਾ ਦਾ ਰਾਜਾ ਮੋਕਲ ਹਰ ਕਿਲ੍ਹੇ ਦਾ ਨਿਰਮਾਨ ਕਰਵਾ ਰਿਹਾ ਸੀ ਅਤੇ ਕਿਲ੍ਹੇ ਦੇ ਨਿਰਮਾਣ ਲਈ ਲੋਕਾਂ ਤੋਂ ਜਬਰੀ ਮਜ਼ਦੂਰੀ ਕਰਵਾਉਂਦਾ ਸੀ ਜਿਸ ਵਿੱਚ ਬਾਹਰੋਂ ਆਏ ਲੋਕਾਂ ਤੋਂ ਵੀ ਵੰਗਾਰ ਕਰਵਾਈ ਜਾਂਦੀ ਸੀ । ਮੋਕਲਹਰ ਦੇ ਸਿਪਾਹੀ ਬਾਬਾ ਫਰੀਦ ਜੀ ਨੂੰ ਵੀ ਜਬਰਦਸਤੀ ਫੜ ਕੇ ਮਜ਼ਦੂਰੀ ਕਰਨ ਲਈ ਲੈ ਗਏ ਅਤੇ ਉਹਨਾਂ ਨੂੰ ਗਾਰੇ ਦਾ ਭਰਿਆ ਬੱਠਲ ਸਿਰ ਤੇ ਚੁਕਵਾ ਦਿੱਤਾ ਪਰ ਰੱਬ ਦੇ ਰੰਗ ਉਹਨਾਂ ਦੀ ਅਧਿਆਤਮਕ ਸਾਧਨਾ ਕਰਕੇ ਉਹ ਬੱਠਲ ਸਿਰ ਤੋਂ ਉਚਾ ਰਹਿੰਦਾ ਸੀ । ਸਿਪਾਹੀਆਂ ਨੇ ਜਾ ਕੇ ਰਾਜੇ ਨੂੰ ਦੱਸਿਆ ਤਾਂ ਰਾਜਾ ਉਹਨਾਂ ਦੇ ਚਰਨੀਂ ਪੈ ਗਿਆ ਅਤੇ ਉਸ ਨੇ ਗੁਸਤਾਖੀ ਲਈ ਮੁਆਫੀ ਮੰਗੀ । ਬਾਬਾ ਫ਼ਰੀਦ ਜੀ ਨੇ ਰਾਜੇ ਦਾ ਪਸਚਾਤਾਪ ਵੇਖ ਰਾਜੇ ਲਈ ਅਤੇ ਇਸ ਸ਼ਹਿਰ ਲਈ ਰੱਬ ਤੋਂ ਦੁਆ ਮੰਗੀ ਅਤੇ ਆਪਣਾ ਅਸ਼ੀਰਵਾਦ ਦਿੱਤਾ । ਇਸ ਮਿੱਠੀ ਯਾਦ ਨੂੰ ਬਰਕਰਾਰ ਰੱਖਣ ਲਈ ਰਾਜੇ ਮੋਕਲਹਰ ਨੇ ਇਹ ਕਿਲ੍ਹਾ ਬਾਬਾ ਫ਼ਰੀਦ ਜੀ ਦੇ ਨਾਂ ਨੂੰ ਸਮਰਪਿਤ ਕਰਕੇ ਇਸ ਕਿਲ੍ਹੇ ਦਾ ਨਾ ਫ਼ਰੀਦਕੋਟ ਰੱਖ ਦਿੱਤਾ । ਇਸ ਤਰ੍ਹਾਂ ਇਹ ਥਾਂ ਫ਼ਰੀਦਕੋਟ ਦੇ ਨਾਂ ਨਾਲ

ਪ੍ਰਸਿੱਧ ਹੋਈ। ਇਸ ਨਗਰ ਦੇ ਨਿਵਾਸੀ ਅੱਜ ਵੀ ਇਸ ਗੱਲ ਦਾ ਫਖਰ ਮਹਿਸੂਸ ਕਰਦੇ ਹਨ ਕਿ ਉਹਨਾਂ ਦੇ ਸ਼ਹਿਰ ਨੂੰ ਮਹਾਨ ਸੂਫੀ ਸਾਧਕ ਬਾਬਾ ਫਰੀਦ ਜੀ ਦੀ ਚਰਨ ਛੋਹ ਪ੍ਰਾਪਤ ਹੋਈ।

ਬਾਬਾ ਫ਼ਰੀਦ ਆਪਣੇ ਮੁਰਸ਼ਦ ਖਿਵਾਜਾ ਕੁਤਬੁਦੀਨ ਕਾਕੀ ਦੇ ਚਹੇਤੇ ਅਤੇ ਮੁਰੀਦ ਸਨ। ਖਿਵਾਜਾ ਸਾਹਿਬ ਨੇ ਜਦੋਂ ਆਪਣਾ ਅੰਤਿਮ ਸਮਾਂ ਨੇੜੇ ਆਉਂਦਾ ਵੇਖਿਆ ਤਾਂ ਉਹਨਾਂ ਨੇ ਆਪਣੀ ਗੋਦੜੀ ਮੁਸੱਲਾ ਅਤੇ ਆਸਾ ਅਤੇ ਦਸਤਾਰ ਆਦਿ ਮੰਗੀ। ਜਦੋਂ ਉਹ ਦਿੱਲੀ ਤੋਂ ਅਜੋਧਨ ਵੱਲ ਪਰਤਨ ਲੱਗੇ ਤਾਂ ਬਖਤਿਆਰ ਕਾਕੀ ਜਾਣਦੇ ਸਨ ਕਿ ਉਹ ਮੇਰੇ ਅੰਤਿਮ ਸਮੇਂ ਸਿਰ ਪਾਸ ਨਹੀਂ ਹੋਣਗੇ ਇਸ ਲਈ ਉਹਨਾਂ ਨੇ ਇਹ ਸਾਰੀਆਂ ਵਸਤਾਂ ਕਾਜ਼ੀ ਹਮੀਦੂਦੀਨ ਨਾਗੌਰੀ ਪਾਸ ਦੇ ਦਿੱਤੀਆਂ ਅਤੇ ਫ਼ਰੀਦ ਜੀ ਨੂੰ ਇਹ ਹਦਾਇਤ ਕੀਤੀ ਕਿ ਮੇਰੇ ਬਾਅਦ ਇਹ ਸਾਰੀਆਂ ਵਸੰਤਾਂ ਤੁਸੀਂ ਸੰਭਾਲ ਲੈਣਾ। ਇਸ ਗੱਲ ਦਾ ਅਰਥ ਇਹ ਸੀ ਕਿ ਮੇਰੇ ਬਾਅਦ ਸ਼ੇਖ ਫ਼ਰੀਦ ਹੀ ਗੱਦੀ ਦਾ ਜਾਨਸ਼ੀਨ ਹੋਵੇਗਾ।

ਬਾਬਾ ਫ਼ਰੀਦ ਜੀ ਨੂੰ ਹਾਂਸੀ ਵਿੱਚ ਰਹਿੰਦਿਆਂ ਪਤਾ ਚੱਲ ਗਿਆ ਸੀ ਕਿ ਉਹਨਾਂ ਦੇ ਮੁਰਸ਼ਦ ਦਾ ਅੰਤਿਮ ਸਮਾਂ ਆ ਗਿਆ ਹੈ। ਉਹ ਦਿੱਲੀ ਵੱਲ ਤੁਰ ਪਏ। ਖਿਵਾਜਾ ਕੁਤਬੁਦੀਨ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਪੰਜਵੇਂ ਦਿਨ ਜਦੋਂ ਉਹ ਦਿੱਲੀ ਪੁਜੇ ਤਾਂ ਮੁਰਸ਼ਦ ਬਖਤਿਆਰ ਕਾਕੀ ਦੇ ਹੁਕਮ ਅਨੁਸਾਰ ਕਾਜ਼ੀ ਹਮੀਦੂਦੀਨ ਨਾਗੌਰੀ ਨੇ ਉਹਨਾਂ ਦੀਆਂ ਅਮਾਨਤੀ ਵਸਤਾਂ ਬਾਬਾ ਫ਼ਰੀਦ ਜੀ ਨੂੰ ਦੇ ਕੇ ਉਹਨਾਂ ਨੂੰ ਗੱਦੀ ਦਾ ਜਾਨਸ਼ੀਨ ਬਣਾ ਦਿੱਤਾ। ਬਾਅਦ ਵਿੱਚ ਆਪ ਅਜੋਧਨ ਪਰਤ ਆਏ ਅਤੇ ਏਥੇ ਆ ਕੇ ਖਿਵਾਜਾ ਕੁਤਬੁਦੀਨ ਦੇ ਦਰਸਾਏ ਰਾਹ ਤੇ ਆਪਣੇ ਮੁਰੀਦਾਂ ਨੂੰ ਚੱਲਣ ਲਈ ਪ੍ਰੇਰਨਾ ਦਿੱਤੀ।

ਬਾਬਾ ਫ਼ਰੀਦ ਜੀ ਦੇ ਮਿੱਠੇ ਸੁਭਾਅ ਸਦਕਾ ਉਤਰੀ ਭਾਰਤ ਦੇ ਕਾਫੀ ਇਲਾਕੇ ਇਨ੍ਹਾਂ ਦੇ ਮੁਰੀਦ ਬਣ ਗਏ। ਹਜ਼ਾਰਾਂ ਲੋਕਾਂ ਨੇ ਇਹਨਾ ਤੋਂ ਪ੍ਰੇਰਨਾ ਲੈ ਕੇ ਸੁਖ ਸ਼ਾਂਤੀ ਪੂਰਨ ਜੀਵਨ ਬਤੀਤ ਕੀਤਾਂ। ਬਾਬਾ ਸ਼ੇਖ ਫ਼ਰੀਦ ਜੀ ਮੁਰੀਦਾਂ ਵਿਚੋਂ ਦਿੱਲੀ ਦੇ ਸ਼ੇਖ ਨੀਜ਼ਾਮੂਦੀਨ ਔਲੀਆ ਦਾ ਨਾਂ ਬਹੁਤ ਆਦਰ ਤੇ ਮਾਣ ਨਾਲ ਲਿਆ ਜਾਂਦਾ ਹੈ। ਨਿਜ਼ਾਮੂਦੀਨ ਔਲੀਆ ਨੂੰ ਤਾਂ ਮਹਿਬੂਬੇ ਔਲੀਆ (ਅਲਾਹੀ) ਵੀ ਕਿਹਾ ਜਾਂਦਾ ਹੈ। ਬਾਬਾ ਫਰੀਦ ਜੀ ਨੇ ਆਪਣੇ ਇਸ ਮੁਰੀਦ ਦੀ ਮੁਹੱਬਤ ਸਦਕਾ ਆਪਣੀ ਦੇਹ ਛੱਡਣ ਤੋਂ 2 ਮਹੀਨੇ ਪਹਿਲਾਂ ਉਹਨਾਂ ਨੇ ਨਿਜ਼ਾਮੂਦੀਨ ਔਲੀਆ ਨੂੰ ਆਪਣੀਆਂ ਬਾਹਾਂ ਵਿੱਚ ਲਿਆ ਤੇ ਉਪਰੰਤ ਆਪਣੀਆਂ ਖੜਾਵਾਂ ਦੇ ਕੇ ਖਲੀਫ਼ਾ ਮੁਕਰਰ ਕੀਤਾ। ਬਾਬਾ ਫ਼ਰੀਦ ਜੀ ਆਪਣੀ ਆਖਰੀ ਉਮਰੇ ਵੀ ਬੰਦਗੀ ਵਿੱਚ ਲੱਗੇ ਰਹੇ ਸਨ। ਤਕਰੀਬਨ 90 ਸਾਲ ਦੀ ਉਮਰ ਵਿੱਚ ਦਿਨ ਮੰਗਲਵਾਰ ਮਰਹਮ ਦੀ 5 ਤਾਰੀਖ 1265 ਈ : ਨੂੰ ਇਛਾ ਅਰਥਾਤ ਰਾਤ ਦੀ ਨਿਮਾਜ਼ ਅਦਾ ਕਰਨ ਉਪਰੰਤ ਬੇਹੋਸ਼ ਹੋ ਗਏ। ਜਦੋਂ ਥੋੜ੍ਹ

ਦੇਰ ਮਗਰੋਂ ਹੋਸ਼ ਆਈ ਤਾਂ ਮੁੜ ਬੰਦਗੀ ਸ਼ੁਰੂ ਕਰ ਦਿੱਤੀ । ਪਰ ਪਤਾ ਨਹੀਂ ਕਿਹੜੇ ਪਲ ਉਸ ਪ੍ਰਮ ਜੋਮ ਵਿੱਚ ਲੀਨ ਹੋ ਗਏ ।

ਬਾਬਾ ਸ਼ੇਖ ਫ਼ਰੀਦ ਜੀ ਨੇ ਆਪਣੀ ਬਾਣੀ ਵਿੱਚ ਮਨੁੱਖ ਨੂੰ ਸਬਰ, ਸੰਤੋਖ, ਪ੍ਰੇਮ, ਸਦਭਾਵਨਾ ਅਤੇ ਬਰਾਬਰੀ ਦਾ ਜੋ ਅਮਰ ਸੰਦੇਸ਼ ਦਿੱਤਾ ਹੈ ਉਹ ਉਹਨਾਂ ਦੀ ਯਾਦ ਨੂੰ ਯੁੱਗਾਂ-ਯੁੱਗਾਂ ਤੱਕ ਬਣਾਈ ਰੱਖੇਗਾ । ਉਹਨਾਂ ਨੇ ਮਨੁੱਖ ਨੂੰ ਸੱਚ ਅਤੇ ਹੱਕ ਦਾ ਓਰਾ ਦਰਸਾਇਆ ਜੋ ਪ੍ਰਭੂ ਪ੍ਰਾਪਤੀ ਵੱਲ ਲੈ ਜਾਂਦਾ ਹੈ । ਉਹਨਾਂ ਨੇ ਮਨੁੱਖ ਨੂੰ ਮਨੁੱਖੀ ਭਾਈਚਾਰਾ ਬਣਾਈ ਰੱਖਣ ਦਾ ਸੰਦੇਸ਼ ਵੀ ਦਿੱਤਾ । ਉਹਨਾਂ ਦੀ ਬਾਣੀ ਵਿੱਚ 112 ਸਲੋਕ ਅਤੇ 4 ਸ਼ਬਦ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਦਰਜ ਹਨ । ਜਿਸ ਸਦਕਾ ਉਹ ਵਿਸ਼ਵ ਭਰ ਵਿੱਚ ਪੂਜਨੀਕ ਹਨ । ਉਹਨਾਂ ਦਾ ਸੰਦੇਸ਼ ਮਾਨਵ ਜਾਤੀ ਲਈ ਸੀ ।

□

ਫਰੀਦ ਜੀ ਕਾਵਿ ਵਿਚ ਨੈਤਿਕਤਾ

ਨੈਤਿਕਤਾ ਮਨੁੱਖ ਅੰਦਰ ਚੰਗੇ ਗੁਣਾਂ ਦਾ ਵਿਕਾਸ ਕਰਦੀ ਹੈ । ਸਦਾਚਾਰ ਮਨੁੱਖਤਾ ਦਾ ਪਹਿਲਾ ਗੁਣ ਹੈ । ਆਦਰਸ਼ ਜੀਵਨ ਲਈ ਸਦਾਚਾਰੀ ਹੋਣਾ ਬਹੁਤ ਜ਼ਰੂਰੀ ਹੈ । ਚੰਗੇ ਆਚਰਣ ਵਾਲਾ ਆਦਮੀ ਹੀ ਸਮਾਜ ਵਿੱਚ ਇੱਜ਼ਤ ਮਾਣ ਦਾ ਹੱਕਦਾਰ ਹੁੰਦਾ ਹੈ । ਇਸ ਲਈ ਆਦਮੀ ਨੂੰ ਚੰਗਾ ਵਿਵਹਾਰ, ਇਨਸਾਨੀਅਤ ਪਰ-ਉਪਕਾਰ, ਦਇਆ ਖਿਮਾ ਵਰਗੇ ਗੁਣਾਂ ਦੀ ਲੋੜ ਹੁੰਦੀ ਹੈ । ਨੈਤਿਕਤਾ ਮਨੁੱਖ ਨੂੰ ਸਹੀ ਜੀਵਨ ਦਿਸ਼ਾ ਪ੍ਰਦਾਨ ਕਰਦੀ ਹੈ । ਮਨੁੱਖ ਨੂੰ ਆਪਣੇ ਕੰਮਾਂ ਪ੍ਰਤੀ ਫਰਜ਼ਾਂ ਪ੍ਰਤੀ ਜਾਗਰੂਕ ਹੋਣ ਲਈ ਨੈਤਿਕਤਾ ਨੂੰ ਅਪਣਾਉਣਾ ਪੈਂਦਾ ਹੈ । ਉਹ ਆਪਣੇ ਨਿੱਜੀ ਕੰਮਾਂ ਨਾਲੋਂ ਨੈਤਿਕ ਫਰਜ਼ਾਂ ਸੇਵਾ ਸਹਿਯੋਗ ਤਿਆਗ ਪਰ-ਉਪਕਾਰ ਅਤੇ ਪ੍ਰੇਮ ਆਦਿ ਰਾਹੀਂ ਦੂਜਿਆਂ ਲਈ ਉਦਾਰ ਹੋ ਜਾਂਦਾ ਹੈ । ਸੰਸਕ੍ਰਿਤ ਵਿੱਚ ਕਿਹਾ ਜਾਂਦਾ ਹੈ ''ਪਰੋਪਕੱਾਰਾਯ ਸਤਾਮ ਵਿਭੂਤਯ'' ਦੇ ਅਨੁਸਾਰ ਸੱਜਣਾਂ ਦਾ ਸਭ ਕੁੱਝ ਪਰ-ਉਪਕਾਰ ਲਈ ਹੁੰਦਾ ਹੈ । ਉਹਨਾਂ ਲਈ ਆਪਣੇ ਅਤੇ ਪਰਾਏ ਦਾ ਭੇਦ ਮਿੱਟ ਜਾਂਦਾ ਹੈ । ਸਾਰਾ ਸੰਸਾਰ ਉਹਨਾਂ ਦਾ ਆਪਣਾ ਹੋ ਜਾਂਦਾ ਹੈ । ਇਹੋ ਭਾਵਨਾ ਉਸ ਦੇ ਜੀਵਨ ਦਾ ਅੰਗ ਬਣ ਜਾਂਦੀ ਹੈ । ਉਸ ਦਾ ਵਿਵਹਾਰ ਆਮ ਲੋਕਾਂ ਨਾਲੋਂ ਵੱਖਰਾ ਹੋ ਜਾਂਦਾ ਹੈ । ਉਹ ਸਦਾ ਕਲਿਆਣਕਾਰੀ ਅਤੇ ਪਰ-ਉਪਕਾਰ ਦੀ ਭਾਵਨਾ ਨਾਲ ਆਪਣੇ ਆਪ ਨੂੰ ਦੂਜਿਆ ਪ੍ਰਤੀ ਸਮਰਪਿਤ ਸਮਝਦਾ ਹੈ । ਉਹ ਬੁਰਾਈਆਂ ਤੇ ਚੰਗਿਆਈਆਂ ਵੱਲ ਵਧਦਾ ਹੈ

ਨੈਤਿਕਤਾ ਦਾ ਅਮਲ ਸਭ ਤੋਂ ਉੱਨਤ ਹੈ । ਸੰਸਕ੍ਰਿਤ ਸਬਦ-ਅਰਥ ਦੇ ਅਨੁਸਾਰ ਉੱਨਤ ਸ਼ਬਦ ਦਾ ਅਰਥ ਹੈ ਲੇਜਜਾਣ ਦੀ ਕਿਰਿਆ ਪਦ-ਪ੍ਰਦਰਸ਼ਨ ਚਾਲ-ਚੱਲਣ ਆਚਾਰ ਪੱਦਤੀ । ਭਾਈ ਕਾਨ੍ਹ ਸਿੰਘ ਨਾਭਾ ਗੁਰੂ ਸ਼ਬਦ ਰਤਨਾਗਰ ਮਹਾਨ-ਕੋਸ਼ ਵਿੱਚ ਲਿਖਦੇ ਹਨ—ਉਹ ਨੀਤੀ ਜਿਸ ਦੇ ਨਾਲ ਆਦਮੀ ਚੰਗੇਂ ਮਾਰਗ ਤੇ ਚੱਲ ਸਕੇ ਧਰਮ ਅਤੇ ਸਮਾਜ ਨੂੰ ਚਲਾਉਣ ਦਾ ਨਿਯਮ ਹੁੰਦਾ ਹੈ । ਸ਼ਬਦ ਸਾਗਰ ਦੇ ਅਨੁਸਾਰ ਨੀਤੀ ਜਾਂ ਨੈਤਿਕਤਾ ਦਾ ਅਰਥ ਲੋਕ ਅਤੇ ਸਮਾਜ ਕਲਿਆਣ ਲਈ ਉਚਿਤ ਠਹਿਰਾਇਆ ਹੋਇਆ ਆਚਾਰ ਵਿਵਹਾਰ ਮਾਨਵ ਦੀ ਭਾਲ ਕੋਸ਼ ਦੇ ਅਨੁਸਾਰ ਨੈਤਿਕ ਦਰਸ਼ਨ ਦਾ ਇਕ ਉੱਚਾ ਭਾਗ ਹੈ ਜਿਹੜਾ ਮਨੁੱਖ ਨੂੰ ਆਦਰਸ਼ਾਂ ਵੱਲ ਲੈ ਜਾਂਦਾ ਹੈ । ਆਦਰਸ਼ ਦਾ ਉਹ ਪੱਦ ਜਿਸ ਵਿੱਚ ਮਨੁੱਖੀ ਵਿਵਹਾਰ ਦਾ ਵਿਵੇਚਨ ਕੀਤਾ ਜਾਂਦਾ ਹੈ । ਇਸ ਵਿਵੇਚਨ ਵਿੱਚ ਸ਼ੁਭ ਅਸ਼ੁਭ ਦਾ ਵਿਚਾਰ ਖਾਸ ਰੂਪ ਵਿੱਚ ਹੁੰਦਾ ਹੈ । ਨੈਤਿਕਤਾ ਦਾ

ਪ੍ਰਮੁੱਖ ਤੱਤ ਚੰਗਾ ਵਤੀਰਾ ਜਾਂ ਸਦਾਚਾਰ ਹੈ । ਜਿਸ ਨੂੰ ਦੂਸਰੇ ਸ਼ਬਦਾਂ ਵਿੱਚ ਆਚਰਣ ਵੀ ਕਿਹਾ ਜਾਂਦਾ ਹੈ । ਚੰਗੇ ਆਚਰਣ ਰਾਹੀਂ ਹੀ ਮਨੁੱਖ ਆਪਸੀ ਭਾਈਚਾਰੇ ਹਮਦਰਦੀ ਪ੍ਰੇਮ ਅਤੇ ਅਹਿੰਸਾ ਬਰਾਬਰੀ ਅਤੇ ਏਕਤਾ ਦੀ ਕਲਪਨਾ ਕਰ ਸਕਦਾ ਹੈ।

ਨੈਤਿਕਤਾ ਦੇ ਸੰਦਰਭ ਵਿੱਚ ਜਦੋਂ ਅਸੀਂ ਫਰੀਦ ਕਾਵਿ ਦਾ ਅਧਿਐਨ ਕਰਦੇ ਹਾਂ ਤਾਂ ਇਉਂ ਲਗਦਾ ਹੈ ਕਿ ਫਰੀਦ ਜੀ ਦਾ ਸਮੁੱਚ ਕਾਵਿ ਨੈਤਿਕਤਾ ਨਾਲ ਸੰਜੋਇਆ ਹੋਇਆ ਹੈ । ਸ਼ੇਖ਼ ਫ਼ਰੀਦ ਜੀ ਤਾਂ ਨੈਤਿਕਤਾ ਗੁਣਾਂ ਦੀ ਤਪੋ-ਮੂਰਤੀ ਸਨ । ਉਹਨਾਂ ਨੇ ਆਪਣੇ ਕਾਵਿ ਵਿੱਚ ਵੀ ਕਿਧਰੇ ਕੱਟੜਵਾਦੀ ਰਵੱਈਆ ਅਖਤਿਆਰ ਨਹੀਂ ਕੀਤਾ । ਉਹਨਾਂ ਨੇ ਆਪਣੇ ਸਮੇਂ ਦੇ ਸੰਪਰਦਾਇਆਂ ਦਾ ਵਿਰੋਧ ਕਰਨ ਨਾਲੋਂ ਉਹਨਾਂ ਦੇ ਆਦਰਸ਼ਾਂ ਨੂੰ ਅਪਣਾ ਕੇ ਮਨੁੱਖ ਨੂੰ ਇਕ ਅਜਿਹਾ ਰਸਤਾ ਦਿਖਾਇਆ ਜਿਸ ਤੇ ਚੱਲ ਕੇ ਉਹ ਨਿਰਵਿਰੋਧ ਸਾਰੀ ਦੁਨੀਆਂ ਨੂੰ ਜਿੱਤ ਸਕਦਾ ਹੈ । ਸ਼ੇਖ ਫ਼ਰੀਦ ਨੇ ਆਪਣੀ ਕਵਿਤਾ ਰਾਹੀਂ ਮਨੁੱਖੀ ਕਦਰਾਂ-ਕੀਮਤਾਂ ਦਾ ਪ੍ਰਚਾਰ ਕੀਤਾ । ਮਨੁੱਖੀ ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਨੂੰ ਆਮ ਲੋਕਾਂ ਤੱਕ ਪਹੁੰਚਾਇਆ । ਇਹਨਾਂ ਗੁਣਾਂ ਦੇ ਕਾਰਨ ਹੀ ਸ਼ੇਖ਼ ਫ਼ਰੀਦ ਆਪਣੇ ਕਾਵਿ ਨੂੰ ਅਮਰ ਕਾਵਿ ਬਣਾ ਸਕੇ । ਉਹਨਾਂ ਦਾ ਕਾਵਿ ਉਹਨਾਂ ਦਾ ਆਪਣਾ ਹੰਢਾਇਆ ਹੋਇਆ ਕਾਵਿ ਹੈ । ਇਹੋ ਕਾਰਨ ਹੈ ਕਿ ਉਹਨਾਂ ਦਾ ਕਾਵਿ ਅੱਜ ਵੀ ਨੈਤਿਕਤਾ ਦੀ ਕਸਵੱਟੀ ਤੇ ਖਰਾ ਉਤਰਦਾ ਹੈ । ਤੇ ਅੱਜ ਦੇ ਮਨੁੱਖੀ ਜੀਵਨ ਵਿਚ ਓਨਾ ਹੀ ਸਾਰਥਕ ਹੈ ਜਿੰਨਾਂ ਉਹਨਾਂ ਦੇ ਆਪਣੇ ਯੁੱਗ ਵਿਚ ਸੀ । ਇਸ ਤੋਂ ਵੱਡਾ ਗੁਣ ਹੋਰ ਕੀ ਹੋ ਸਕਦਾ ਹੈ ਕਿ ਆਦਮੀ ਆਪਣੇ ਆਪ ਤੇ ਕਾਬੂ ਪਾ ਕੇ ਆਪਣੇ ਗੁੱਸੇ ਨੂੰ ਵੱਸ ਵਿਚ ਕਰ ਲਵੇ ਬੁਰਾ ਕਰਨ ਵਾਲਿਆਂ ਦਾ ਵੀ ਭਲਾ ਕਰੇ ।

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨ ਨਾ ਹਢਾਇ ।
ਦੇਹੀ ਰੋਗੁ ਨ ਲਗਈ ਪਲੇ ਸਭੁ ਕਿਛੁ ਪਾਇ ॥

ਧਰਮ ਦੀ ਦੁਹਾਈ ਦੇਣ ਵਾਲਿਆਂ ਨੇਂ ਧਰਮ ਦੇ ਮਹੱਤਵ ਨੂੰ ਪਛਾਣ ਕੇ ਆਤਮ-ਕੁਰਬਾਨੀ ਜਾਂ ਬਲੀਦਾਨ ਨੂੰ ਇਸ ਦੀ ਮੁੱਢਲੀ ਸ਼ਰਤ ਦੱਸਿਆ ਹੈ ਪਰ ਜੇ ਆਪਣੇ ਇਸ਼ਟ-ਦੇਵਤਾ ਦੀ ਪ੍ਰਾਪਤੀ ਲਈ ਪ੍ਰਾਣ ਵੀ ਦੇਣੇ ਪੈਣ ਤਾਂ ਵੀ ਕੋਈ ਵੱਡੀ ਕੀਮਤ ਨਹੀਂ । ਫਰੀਦ ਜੀ ਨੇ ਧਰਮ ਦੇ ਇਸ ਮਹੱਤਵ ਨੂੰ ਆਪਣੀ ਬਾਣੀ ਵਿਚ ਇੰਜ ਦਰਸਾਇਆ ਹੈ

ਜੋਬਨ ਜਾਂਦੇ ਨਾ ਡਰਾ ਜੇ ਸਹ ਪ੍ਰੀਤਿ ਨਾ ਜਾਇ ॥
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥

ਇਹਨਾਂ ਧਰਮ ਦੀ ਬਿਰਤੀ ਏਨੀ ਤਿੱਖੀ ਹੁੰਦੀ ਹੈ ਕਿ ਹਨੇਰੀ ਤੁਫਾਨ ਵਿੱਚ ਵੀ ਠਿਲ੍ਹਿਆਂ ਨਹੀ ਠੱਲ੍ਹਦੀ । ਏਥੋਂ ਤੱਕ ਕਿ ਉਹ ਆਪਣੇ ਅੰਦਰ ਕਿਸੇ ਸ਼ੰਕੇ ਨੂੰ ਜਨਮ ਨਹੀਂ ਲੈਣ ਦਿੰਦੀ ।

ਭਿਜਉ ਸਿਜਉ ਕੰਬਲੀ ਅਲਾ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥
ਫਰੀਦਾ ਗਲੀਏ ਚਿਕੜੁ ਦੂਰ ਘਰੁ ਨਾਲਿ ਪਿਆਰੇ ਨੇਹੁ ॥
ਚਲਾਤ ਭਿਜੈ ਕੰਬਲੀ ਰਹਾ ਤੇ ਤੁਟੈ ਨੇਹੁ ॥

ਆਪਣੇ ਆਪ ਨੂੰ ਉਚਾ ਦਿਖਾਉਣ ਲਈ ਮਹਾਨ ਬਣਾਉਣ ਲਈ ਦੂਜਿਆਂ ਦੇ ਨਹੀਂ ਆਪਣੇ ਔਗੁਣਾਂ ਨੂੰ ਦੇਖਣਾ ਚਾਹੀਦਾ ਹੈ । ਆਪਣੇ ਆਪ ਨੂੰ ਵੱਡਾ ਕਹਿਣ ਵਾਲਾ ਆਤਮ ਘੁੰਮੰਡੀ ਤਾਂ ਹੋ ਸਕਦਾ ਹੈ ਮਹਾਨ ਨਹੀਂ । ਫਰੀਦ ਜੀ ਨੇ ਆਖਿਆ ਹੈ ਕਿ ਸਭ ਤੋਂ ਪਹਿਲਾਂ ਤੁਸੀਂ ਆਪਣੇ ਗਿਰੇਵਾਨ ਵਿੱਚ ਝਾਕੋ, ਭਾਵ ਆਤਮ-ਵਿਸ਼ਲੇਸ਼ਣ ਕਰੋ:

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥

ਆਤਮ ਵਿਸ਼ਲੇਸ਼ਣ ਲਈ ਆਤਮ ਨਿਯੰਤਰਨ ਸਵੈ-ਕਾਬੂ ਹੋਣਾ ਜ਼ਰੂਰੀ ਹੈ । ਜੋ ਮਨੁੱਖ ਦੂਜਿਆਂ ਵੱਲ ਦੇਖ ਕੇ ਉਹਨਾਂ ਨਾਲ ਆਪਣੀ ਤੁਲਨਾ ਕਰਦਾ ਹੈ ਉਹ ਹਮੇਸ਼ਾ ਦੁਖੀ ਹੁੰਦਾ ਹੈ । ਉਸ ਵਿੱਚ ਸਬਰ-ਸੰਤੋਖ ਅਤੇ ਸਹਿਣਸ਼ੀਲਤਾ ਦੀ ਕਮੀ ਹੁੰਦੀ ਹੈ । ਇਹ ਗੁਣ ਤਦ ਹੀ ਆ ਸਕਦੇ ਹਨ ਜੇ ਮਨੁੱਖ ਆਪਣੇ ਆਪ ਤੇ ਕਾਬੂ ਰੱਖੇ । ਪ੍ਰਮਾਤਮਾ ਵਲੋਂ ਦਿੱਤੀਆਂ ਹੋਈਆਂ ਬਖਸ਼ਸ਼ਾਂ ਤੇ ਭਰੋਸਾ ਰੱਖੇ ਤੇ ਦੂਜਿਆਂ ਦੀ ਖੁਸ਼ਹਾਲੀ ਵੇਖ ਕੇ ਆਪਣਾ ਜੀਅ ਨਾ ਲਲਚਾਵੇ:

ਰੁਖੀ ਸੁਖੀ ਖਾਇ ਕੇ ਠੰਢਾ ਪਾਣੀ ਪੀਉ ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥

ਸਵੈ-ਕਾਬੂ ਰੱਖਣ ਵਾਲਾ ਆਦਮੀ ਕਦੀ ਦੂਜੇ ਤੇ ਨਿਰਭਰ ਨਹੀਂ ਕਰਦਾ ਤੇ ਨਾ ਹੀ ਕਰਨਾ ਚਾਹੁੰਦਾ ਹੈ । ਸਵੈ ਕਾਬੂ ਨਾਲ ਸੰਜਮ ਆਉਂਦਾ ਹੈ ਆਤਮ ਸੰਜਮ ਤੇ ਆਤਮ-ਨਿਰਭਰਤਾ ਦੋਨਾਂ ਦਾ ਕਾਫੀ ਨੇੜੇ ਦਾ ਸੰਬੰਧ ਹੈ । ਸਦਾਚਾਰੀ ਮਨੁੱਖ ਅੰਦਰ ਇਹਨਾਂ ਦੋਨਾਂ ਗੁਣਾਂ ਦਾ ਹੋਣਾ ਬਹੁਤ ਜ਼ਰੂਰੀ ਹੈ । ਕਦੇ ਵੀ ਪਰਾ-ਅਧੀਨ ਸੁਪਨੇ ਸੁਖ ਨਹੀਂ ਹੁੰਦੇ ਸਦਾਚਾਰੀ ਮਨੁੱਖ ਦੂਜੇ ਦੀ ਅਧੀਨਤਾ ਨਹੀਂ ਸਵੀਕਾਰਦਾ ਉਹ ਇਸ ਨਾਲੋਂ ਮੌਤ ਨੂੰ ਬਿਹਤਰ ਸਮਝਦਾ ਹੈ । ਫਰੀਦ ਜੀ ਨੇ ਵੀ ਪ੍ਰਮਾਤਮਾ ਤੋਂ ਪਰਾਧੀਨਤਾ ਨੂੰ ਨਕਾਰ ਕੇ ਸਵੈਅਧੀਨਤਾ ਭਰੇ ਜੀਵਨ ਦੀ ਮੰਗ ਕੀਤੀ ਹੈ ।

ਫਰੀਦਾ ਬਾਰਿ ਪਰਾਇਆ ਬੈਸਣਾ ਸਾਂਈ ਮੁਝੈ ਨ ਦੇਹਿ ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥

ਸਦਾਚਾਰੀ ਮਨੁੱਖ ਅਡੰਬਰਾਂ ਤੋਂ ਰਹਿਤ ਜੀਵਨ ਤੇ ਵਿਸ਼ਵਾਸ ਕਰਦਾ ਹੈ । ਕਪਟੀ ਮਨੁੱਖ ਕਦੀ ਵੀ ਆਪਣੇ ਉਦੇਸ਼ ਦੀ ਪ੍ਰਾਪਤੀ ਨਹੀਂ ਕਰ ਸਕਦਾ । ਜੋ ਮਨੁੱਖ ਅਡੰਬਰਾਂ ਰਾਹੀਂ ਪੂਜਾ ਕਰਦੇ ਹਨ ਉਹਨਾਂ ਨੂੰ ਕਦੇ ਵੀ ਈਸ਼ਵਰ ਦੀ ਪ੍ਰਾਪਤੀ ਨਹੀਂ ਹੁੰਦੀ । **ਫਰੀਦ ਜੀ ਨੇ ਇਹੋ ਅਜਿਹੇ ਕਪਟੀ ਭਗਤਾਂ ਦਾ ਉਚਾਰਣ ਇੰਜ ਕੀਤਾ :—**

ਫਰੀਦਾ ਦਰੀਆਵੈ ਕੰਨੇ ਬਗੁਲਾ ਬੈਠਾ ਕੇਲ ਕਰੇ ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥

ਅਗਿਆਨੀ ਮਨੁੱਖ ਉਸ ਧਰਮ ਨੂੰ ਬਾਹਰ ਜੰਗਲਾਂ ਵਿੱਚ ਲਭਦਾ ਹੈ ਜਦ ਕਿ ਉਹ ਹਰ ਜੀਵ ਦੇ ਅੰਦਰ ਵਿਦਵਾਨ ਹੈ । ਮਨੁੱਖ ਤਪ-ਤਪ ਕਰਕੇ ਆਪਣੇ ਸਰੀਰ ਨੂੰ ਅਜਾਂਈ ਗਵਾ ਰਿਹਾ ਹੈ । ਆਪਣੇ ਸਰੀਰ ਨਾਲ ਅਨਿਆਂ ਕਰਕੇ ਰੱਬ ਦੀ ਪ੍ਰਾਪਤੀ ਨਹੀਂ ਹੋ ਸਕਦੀ ।

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥
ਫਰੀਦਾ ਤਨ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥
ਅਜੇ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥

ਉਦਾਰ ਮਨ ਵਾਲਾ ਸਦਾਚਾਰੀ ਮਨੁੱਖ ਹਰ ਜੀਵ ਵਿੱਚ ਉਸ ਪ੍ਰਮਾਤਮਾ ਦਾ ਰੂਪ ਦੇਖਦਾ ਹੈ । ਉਹ ਕਿਸੇ ਨੂੰ ਵੱਡਾ ਛੋਟਾ ਨਹੀਂ ਸਮਝਦਾ, ਉਸ ਅਨੁਸਾਰ ਹਰ ਮਨੁੱਖ ਨੂੰ ਚੰਗੇ ਮਾੜੇ ਕਰਮਾਂ ਦਾ ਫਲ ਜ਼ਰੂਰ ਮਿਲਦਾ ਹੈ । ਜੇ ਕੋਈ ਆਦਮੀ ਕਿਸੇ ਨਾਲ ਵੈਰ ਵਿਰੋਧ ਕਰਦਾ ਹੈ ਤਾਂ ਉਸ ਦਾ ਫਲ ਵੀ ਉਸ ਨੂੰ ਜ਼ਰੂਰ ਮਿਲਦਾ ਹੈ । ਫਰੀਦ ਜੀ ਦੀ ਨਜ਼ਰ ਵਿੱਚ ਇਸ ਸੰਸਾਰ ਦੀ ਕੋਈ ਵੀ ਚੀਜ਼ ਛੋਟੀ ਨਹੀਂ ਹੈ । ਉਹ ਤਾਂ ਮਿੱਟੀ ਨੂੰ ਵੀ ਮਹਾਨ ਕਹਿੰਦੇ ਹਨ ਭਾਵ੍ਤੁਛ ਤੋਂ ਤੁਛ ਵਸਤੂ ਦਾ ਵੀ ਸਨਮਾਨ ਕਰਨ ਲਈ ਆਖਦੇ ਹਨ ।

ਫਰੀਦਾ ਖਾਕੁ ਨਾ ਨਿੰਦੀਐ ਖਾਕੂ ਜੇਡੁ ਨਾ ਕੋਇ ॥
ਜੀਵਦਿਆ ਪੈਰਾ ਤਲੈ ਮੁਇਆ ਉਪਰ ਹੋਇ ॥
ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥
ਜਿਨਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ ॥

ਸਾਰੀ ਦੁਨੀਆਂ ਨੂੰ ਇਕੋ ਜਿਹਾ ਸਮਝਣ ਉਪਰੰਤ ਮਨੁੱਖ ਅੰਦਰ ਉਹਨਾਂ ਪ੍ਰਤੀ ਆਤਮ-ਭਾਵ ਪੈਦਾ ਹੁੰਦਾ ਹੈ । ਜਦੋਂ ਆਦਮੀ ਸਭ ਨੂੰ ਆਪਣਾ ਸਮਝ ਲੈਂਦਾ ਹੈ ਤਾਂ ਫਿਰ ਕਿਸੇ ਦਾ ਬੁਰਾ ਸੋਚਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਫਿਰ ਤਾਂ ਉਸ ਵਿੱਚ ਅਜਿਹੇ ਗੁਣ ਆ ਜਾਂਦੇ ਹਨ ਕਿ ਜੇ ਕੋਈ ਉਸ ਤੇ ਵਾਰ ਵੀ ਕਰਦਾ ਹੈ ਤਾਂ ਉਹ ਉਸ ਦਾ ਮੋੜਵਾਂ ਜਵਾਬ ਦੇਣਾ ਠੀਕ ਨਹੀਂ ਸਮਝਦਾ । ਉਹ ਮਹਾਨਤਾ ਦੀ ਉਸ ਸਿਖਰ ਤੇ ਪੁੱਜ ਜਾਂਦਾ ਹੈ ਕਿ ਖਿਮਾ ਉਸ ਦਾ ਗਹਿਣਾ ਬਣ ਜਾਂਦਾ ਹੈ । ਉਸ ਨੂੰ ਅਣਜਾਨ ਸਮਝ ਕੇ ਖਿਮਾ ਕਰ ਦਿੰਦਾ ਹੈ ।

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨਾ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ॥

ਨਿਮਰਤਾ ਸਦਾਚਾਰੀ ਮਨੁੱਖ ਦਾ ਸਰਵ-ਸ਼੍ਰੇਸ਼ਟ ਗੁਣ ਹੈ । ਲੋਕ ਭਾਵੇਂ ਉਸ ਨੂੰ ਮਹਾਨ ਕਹਿਣ ਪਰ ਉਹ ਆਪਣੇ ਆਪ ਨੂੰ ਔਗੁਣ ਭਰਿਆ ਅਤੇ ਇਕ ਆਮ ਪ੍ਰਾਣੀ ਸਮਝਦਾ ਹੈ । ਉਹ ਹਉਮੈ ਨੂੰ ਨੇੜੇ ਫਟਕਣ ਨਹੀਂ ਦਿੰਦਾ । ਇਹੋ ਉਸ ਦੀ ਮਹਾਨਤਾ ਦੀ ਕਸੌਟੀ ਹੈ । ਫਰੀਦ ਜੀ ਨੇ ਸਮੁੱਚਾ ਜੀਵਨ ਇਹਨਾਂ ਔਗੁਣਾ ਤੋਂ ਬਚਣ ਲਈ ਭਰਪੂਰ ਕੋਸ਼ਿਸ਼ ਕੀਤੀ ਹੈ । ਲੋਕ ਉਹਨਾਂ ਨੂੰ ਦਰਵੇਸ਼ ਆਖਦੇ ਸਨ ਪਰ ਉਹਨਾਂ ਨੇ ਆਪਣੇ ਆਪ ਨੂੰ ਔਗੁਣ ਭਰਿਆ ਹੀ ਦੱਸਿਆ ਹੈ । ਬੜੀ ਨਿਰਮਤਾ ਨਾਲ ਉਹ ਆਖਦੇ ਹਨ :-

ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥

ਸੰਸਾਰਕ ਨਾਸ਼ਮਾਣਤਾ ਦਾ ਜ਼ਿਕਰ ਕਰਦੇ ਹੋਏ ਅਨੇਕਾਂ ਸਿਧ-ਸਾਧਕ ਪੁਰਸ਼ਾਂ ਨੇ ਇਸ ਸੰਸਾਰ ਦੇ ਨਸ਼ਟ ਹੋਣ ਦੀ ਗੱਲ ਕਹੀ ਹੈ । ਇਹੋ ਕਾਰਨ ਹੈ ਕਿ ਸਾਰੇ ਮਹਾਂਪੁਰਸ਼ ਆਪੋ-ਆਪਣੇ ਅਨੁਭਵ ਦੇ ਆਧਾਰ ਤੇ ਚੰਗਿਆਈ ਤੇ ਸਿੱਚਾਈ ਰਾਹ ਤੇ ਚੱਲਣ ਦਾ ਸੰਦੇਸ਼ ਦਿੰਦੇ ਹਨ । ਫਰੀਦ ਜੀ ਨੇ ਵੀ ਆਪਣੇ ਕਾਵਿ ਵਿੱਚ ਸੰਸਾਰ ਦੀ ਨਾਸ਼ਮਾਣਤਾ ਦਾ ਜ਼ਿਕਰ ਕੀਤਾ ਹੈ । ਉਹਨਾਂ ਦਾ ਉਦੇਸ਼ ਮਨੁੱਖ ਨੂੰ ਡਰਾਉਣਾ ਨਹੀਂ ਅਤੇ ਨਾ ਹੀ ਸੰਸਾਰ ਤੋਂ ਭੱਜਣ ਲਈ ਪ੍ਰੇਰਨਾ ਦੇਣਾ ਹੈ । ਉਹਨਾਂ ਦਾ ਮਤਲਬ ਤਾਂ ਸਿਰਫ਼ ਚੰਗੇ ਕੰਮਾਂ ਵੱਲ ਪ੍ਰੇਰਨਾ ਹੈ । ਉਹ ਸੰਸਾਰਕ-ਭਗ ਵਿਲਾਸਾਂ ਤੋਂ ਦੂਰ ਰਹਿਣ ਲਈ ਆਖਦੇ ਹਨ :

ਫਰੀਦਾ ਕੋਠੇ ਮੰਡਪ ਮਾੜੀਆਂ ਏਤੁ ਨਾ ਲਾਏ ਚਿਤੁ ॥
ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥

ਫਰੀਦ ਜੀ ਆਪਣੇ ਯੁੱਗ ਦੇ ਮਹਾਨ ਕਵੀ ਸਨ । ਉਹਨਾਂ ਨੇ ਆਪਣੀ ਕਲਮ ਰਾਹੀਂ ਆਮ ਲੋਕਾਂ ਨੂੰ ਰਾਹ ਦਰਸਾਉਣ ਲਈ ਲੋਕ-ਭਾਸ਼ਾ ਵਿੱਚ ਕਾਵਿ ਰਚਨਾ ਕੀਤੀ । ਅਗਿਆਨਤਾ ਨੂੰ ਦੂਰ ਕਰਕੇ ਗਿਆਨ ਦੀ ਜੋਤ ਜਗਾਈ । ਉਹ ਗੁਰੂ ਜਾਂ ਪੀਰ ਨੂੰ ਗਿਆਨ ਦਾ ਸੋਮਾ ਮੰਨਦੇ ਹਨ । ਗੁਰੂ ਹੀ ਮਾਇਆ ਦੇ ਪਰਦੇ ਨੂੰ ਹਟਾ ਕੇ ਗਿਆਨ ਦੀ ਜੋਤ ਜਗਾਉਂਦਾ ਹੈ ਜਿਸ ਨਾਲ ਸਦਾਚਾਰ ਦਾ ਮਾਰਗ ਪ੍ਰਕਾਸ਼ਮਾਨ ਹੁੰਦਾ ਹੈ ਜਿਸ ਤੇ ਚੱਲ ਕੇ ਮਨੁੱਖ ਸੰਸਾਰਕ ਕਸ਼ਟਾਂ ਤੋਂ ਮੁਕਤੀ ਪਾ ਕੇ ਆਪਣੇ ਜੀਵਨ ਨੂੰ ਸਫਲ ਕਰਦਾ ਹੈ । ਫਰੀਦ ਜੀ ਨੇ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਵਾਲੇ ਅਤੇ ਗੁਰੂ ਦੇ ਪ੍ਰਤੀ ਸ਼ਰਧਾ ਰੱਖਣ ਵਾਲੇ ਆਦਮੀ ਨੂੰ ਸੰਸਾਰਕ ਕਸ਼ਟਾਂ ਤੋਂ ਮੁਕਤ ਕੀਤਾ ਹੈ ਕਿਉਂਕਿ ਗੁਰੂ ਹੀ ਇਸ ਭਵ ਸਾਗਰ ਤੋਂ ਪਾਰ ਲਗਾ ਸਕਦਾ ਹੈ । ਜਿਹੜੇ ਗੁਰੂ ਦੀ ਸ਼ਰਨ ਵਿੱਚ ਜਾਂਦੇ ਹਨ ਉਸ ਨੂੰ ਆਪਣੀ ਸੇਵਾ ਨਾਲ ਰਝਾਉਂਦੇ ਹਨ ਉਹਨਾਂ ਨੂੰ ਕਸ਼ਟਾਂ ਦੀ ਆਂਚ ਨਹੀਂ ਆਉਂਦੀ । ਫਰੀਦ ਜੀ ਨੇ ਈਸ਼ਵਰ ਨੂੰ ਸਿਰਫ ਸ਼ਕਤੀਮਾਨ ਮੰਨ ਕੇ ਉਸ ਦੀ ਇੱਛਾ ਅਨੁਸਾਰ ਉਸ ਦਾ ਭਾਣਾ ਮੰਨਣ ਅਤੇ ਉਸ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਨੂੰ ਹੀ

ਸਫਲ ਜੀਵਨ ਮੰਨਿਆ ਹੈ । ਇਸ ਦੇ ਨਾਲ ਹੀ ਮਨੁੱਖ ਦੇ ਅੰਦਰ ਸਹਿਣਸ਼ੀਲਤਾ ਅਤੇ ਸੰਤੋਖ ਦੀ ਭਾਵਨਾ ਆਉਂਦੀ ਹੈ । ਉਸ ਵੱਲੋਂ ਦਰਸਾਏ ਮਾਰਗ ਤੇ ਚੱਲਣ ਨਾਲ ਮਨੁੱਖ ਕਦੀ ਭਟਕ ਨਹੀਂ ਸਕਦਾ । ਇਤਿਹਾਸ ਗਵਾਹ ਹੈ ਕਿ ਜਿਸ ਨੇ ਵੀ ਆਪਣੇ ਆਪ ਨੂੰ ਉਸ ਪ੍ਰਮਾਤਮਾ ਦੀ ਰਜ਼ਾ ਅੱਗੇ ਸਮਰਪਿਤ ਕੀਤਾ ਉਸ ਨੂੰ ਹੀ ਸੰਸਾਰਕ ਵਿਸ਼ਿਆਂ ਤੋਂ ਮੁਕਤੀ ਮਿਲੀ ਸੀ ਤੇ ਉਹ ਸਾਧਕ ਭਰਿਆ ਜੀਵਨ ਬਿਤਾ ਕੇ ਵੀ ਮਹਾਨਤਾ ਨੂੰ ਪ੍ਰਾਪਤ ਹੋਇਆ ਹੈ । ਸਾਧਕ ਲਈ ਉਸ ਪ੍ਰਮਾਤਮਾ ਦਾ ਹੁਕਮ ਹੀ ਸਭ ਕੁਝ ਹੁੰਦਾ ਹੈ, ਉਹੋ ਸੱਚਾ ਮਾਰਗ ਹੈ :—

ਕੰਧੀ ਵਹਣ ਨ ਢਾਹਿ ਤਓ ਭੀ ਲੇਖਾ ਦੇਵਣਾ ॥
ਜਿਧਰਿ ਰਬ ਰਜਾਇ ਵਹਣੁ ਤਿਦਾਊ ਗੀਉ ਕਰੇ ॥

ਉਪਰੋਕਤ ਚਰਚਾ ਦੇ ਆਧਾਰ ਤੇ ਅਸੀਂ ਵੇਖਦੇ ਹਾਂ ਕਿ ਫਰੀਦ ਜੀ ਨੇ ਆਪਣੇ ਕਾਵਿ ਵਿੱਚ ਉਹਨਾਂ ਸਾਰੇ ਮਨੁੱਖੀ ਗੁਣਾਂ ਨੂੰ ਭਲੀਭਾਂਤ ਸੰਜੋਇਆ ਹੈ ਜੋ ਇਕ ਆਦਰਸ਼ ਮਨੁੱਖ ਲਈ ਜ਼ਰੂਰੀ ਹੁੰਦੇ ਹਨ । ਉਹਨਾਂ ਅਨੁਸਾਰ ਜੇ ਹਰ ਇੱਕ ਆਦਮੀ ਆਪਣੇ ਔਗੁਣਾਂ ਨੂੰ ਦੇਖ ਕੇ ਆਪਣੇ ਆਪ ਨੂੰ ਸੁਧਾਰਨ ਦਾ ਯਤਨ ਕਰੇ ਤਾਂ ਸਾਰਾ ਸਮਾਜ ਆਪਣੇ ਆਪ ਸੁਧਰ ਜਾਏਗਾ ਤੇ ਫਿਰ ਸਮੁੱਚਾ ਰਾਸ਼ਟਰ ਬੁਰਾਈਆਂ ਤੋਂ ਰਹਿਤ ਹੋ ਜਾਏਗਾ । ਫਰੀਦ ਜੀ ਵਿਅਕਤੀਗਤ ਚੇਤਨਾ ਨੂੰ ਮਹੱਤਵ ਦਿੰਦੇ ਹਨ । ਉਹ ਮਨੁੱਖ ਨੂੰ ਆਤਮ-ਪਦ ਲਈ ਪ੍ਰੇਰਦੇ ਹਨ । ਆਤਮ ਵਿਸ਼ਲੇਸ਼ਣ ਆਤਮ-ਪਦ ਲਈ ਬਹੁਤ ਜ਼ਰੂਰੀ ਹੈ । ਮਨੁੱਖ ਨੂੰ ਚਾਹੀਦਾ ਹੈ ਕਿ ਉਹ ਦੂਜਿਆਂ ਨਾਲੋਂ ਵਧੇਰੇ ਆਪਣੀ ਆਲੋਚਨਾ ਕਰੇ, ਆਪਣੇ ਔਗੁਣਾਂ ਨੂੰ ਦੂਰ ਕਰੇ, ਹਉਮੇ ਤੋਂ ਦੂਰ ਰਹੇ, ਸੱਚੇ ਮਾਰਗ ਤੇ ਚੱਲੇ, ਹਿੰਸਾ ਦੀ ਰਾਹ ਛੱਡ ਕੇ ਪ੍ਰਮਾਤਮਾ ਦਾ ਮਾਰਗ ਅਪਣਾਵੇ । ਬੁਰੇ ਨਾਲ ਵੀ ਭਲਾ ਕਰੇ ਅਜਿਹੇ ਗੁਣਾਂ ਕਾਰਨ ਮਨੁੱਖ ਦਾ ਮਹਿਲ ਉਸਰਦਾ ਹੈ ਤਾਂ ਫਿਰ ਈਸ਼ਵਰ ਦੀ ਰਜ਼ਾ ਨਾਲ ਮਨੁੱਖ ਸਵਾਰਥ ਤੋਂ ਉਪਰ ਉਠ ਕੇ ਪਰ-ਉਪਕਾਰ ਖਿਮਾ ਦਇਆ ਪ੍ਰੇਮ ਨਿਰਮਤਾ ਤਿਆਗ ਸੰਤੋਖ ਸਹਿਣਸ਼ੀਲਤਾ ਅਹਿੰਸਾ ਅਤੇ ਸੇਵਾ ਆਦਿ ਮਨੁੱਖੀ ਗੁਣਾਂ ਨਾਲ ਸ਼ਸ਼ੋਭਤ ਹੁੰਦਾ ਹੈ । ਉਸ ਦਾ ਸਦਾਚਾਰਕ ਭਰਿਆ ਜੀਵਨ ਦੂਜਿਆਂ ਲਈ ਆਦਰਸ਼ ਬਣ ਜਾਂਦਾ ਹੈ । ਲੋਕ-ਖੁਦ-ਬਖੁਦ ਉਸ ਦੇ ਪਿਛੇ ਤੁਰਣ ਲੱਗਦੇ ਹਨ । ਮਨੁੱਖ ਪਿਆਰ ਹੀ ਰੱਬੀ ਪਿਆਰ ਹੈ ਇਸ ਲਈ ਮਨੁੱਖ ਮਾਤਰ ਦੇ ਪ੍ਰਤੀ ਪਿਆਰ ਰੱਖਣਾ ਹੀ ਸੱਚੀ ਈਸ਼ਵਰ ਭਗਤੀ ਇਹੋ ਨੈਤਿਕਤਾ ਦਾ ਮੂਲ ਮੰਤਰ ਹੈ । ਅਜਿਹੇ ਆਦਰਸ਼ਾਂ ਨੂੰ ਅਪਣਾਉਣ ਵਾਲਾ ਆਦਮੀ ਹੀ ਸਰਵ-ਵਿਆਪੀ ਆਦੇਸ਼ ਦੀ ਪ੍ਰਾਪਤੀ ਕਰ ਸਕਦਾ ਹੈ । ਇਸ ਨਾਲ ਸੰਸਾਰਕ ਭਾਈਚਾਰੇ ਅਤੇ ਮਨੁੱਖੀ ਏਕਤਾ ਦੀ ਭਾਵਨਾ ਪੈਦਾ ਹੁੰਦੀ ਹੈ । ਫਰੀਦ ਜੀ ਦੀ ਕਵਿਤਾ ਇਹਨਾਂ ਨੈਤਿਕ ਆਦਰਸ਼ਾਂ ਦਾ ਹੀ ਪ੍ਰੇਰਨਾ ਸਰੋਤ ਹੈ । ਫਰੀਦ ਜੀ ਨੇ ਆਪਣੇ ਨਿਜੀ ਅਨੁਭਵਾਂ ਨਾਲ ਨੈਤਿਕ ਆਦਰਸ਼ਾਂ ਨੂੰ ਹੀ ਆਪਣੇ ਕਾਵਿ ਵਿੱਚ ਸੰਜੋਇਆ ਹੈ ਜੋ ਅੱਜ ਵੀ ਭਟਕੇ ਹੋਏ ਮਨੁੱਖ ਦਾ ਮਾਰਗ ਰੋਸ਼ਨਾਉਂਦੇ ਹਨ । □

ਬਾਣੀ ਸ਼ੇਖ਼ ਫ਼ਰੀਦ ਜੀ ਦੀ ਮਹੱਤਤਾ

ਮੱਧਕਾਲ ਵਿਚ ਵਿਦੇਸ਼ੀ ਹਮਲਾਵਰਾਂ ਦੇ ਕਾਰਨ ਹਿੰਦੁਸਤਾਨ ਦੀ ਹਾਲਤ ਬਹੁਤੀ ਹੀ ਜ਼ਿਆਦਾ ਨਿਘਰ ਗਈ ਸੀ । ਜਿਸ ਵੇਲੇ ਮੁਸਲਿਮ ਸ਼ਾਸਕਾਂ ਨੇ ਹਿੰਦੁਸਤਾਨ ਵਿਚ ਆਪਣਾ ਰਾਜ ਸਥਾਪਿਤ ਕੀਤਾ ਉਸ ਵੇਲੇ ਤੋਂ ਹੀ ਹਿੰਦੁਸਤਾਨ ਵਿਚ ਸੂਫ਼ੀ, ਪੀਰਾਂ, ਫ਼ਕੀਰਾਂ, ਦਰਵੇਸ਼ਾਂ ਦਾ ਪ੍ਰਵੇਸ਼ ਸ਼ੁਰੂ ਹੋ ਗਿਆ ਸੀ । ਇਸ ਸੰਪਰਦਾਏ ਨੇ ਹਿੰਦੁਸਤਾਨ ਵਿਚ ਉਸ ਵੇਲੇ ਦੇ ਪ੍ਰਚਲਿਤ ਧਾਰਮਿਕ ਕੱਟੜਤਾ ਦੇ ਸਥਾਨ ਤੇ ਸਵੈ-ਮਾਨਵਵਾਦੀ ਹਿੰਦੀ ਅਤੇ ਮੁਸਲਿਮ ਦਾ ਸੁਮੇਲ ਹੋਇਆ । ਸ਼ੇਖ਼ ਫ਼ਰੀਦ ਨੇ ਦੋ ਪ੍ਰੰਪਰਾ ਨੂੰ ਅੱਗੇ ਵਧਾਉਂਦਿਆਂ ਹੋਇਆਂ ਆਪਣੀ ਬਾਣੀ ਰਾਹੀਂ ਵਿਸ਼ਵ ਭਾਈਚਾਰੇ ਦਾ ਸੁਨੇਹਾ ਦਿੱਤਾ । ਪਿਆਰਾ ਸਿੰਘ ਪੱਦਮ ਅਨੁਸਾਰ ਫ਼ਰੀਦ ਬਾਣੀ ਦਾ ਮੂਲ ਆਧਾਰ ਮਹਾਤਮਾ ਬੁੱਧ ਦਾ ਸ਼ੁੱਧ, ਸ਼ਿਸਟਾਚਾਰ, ਬਾਬਾ ਗੋਰਖ ਦਾ ਤਪ ਅਤੇ ਤਿਆਗ, ਹਜ਼ਰਤ ਮੁਹੰਮਦ ਸਾਹਿਬ ਦਾ ਸਬਰ ਅਤੇ ਸੰਤੋਖ ਅਤੇ ਭਗਤੀ ਲਹਿਜ਼ੇ ਦੀ ਪ੍ਰੇਮ ਪ੍ਰਧਾਨ ਭਗਤੀ ਹੈ । ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਇਹ ਬੰਦਗੀ ਇਹ ਫਕੀਰੀ ਇਹ ਗਿਆਨ ਇਹ ਸਿੱਖਿਆ ਪੰਜਾਬੀ ਰੰਗ-ਬਰੰਗੀ ਹੁੰਦਿਆਂ ਹੋਇਆਂ ਵੀ ਆਪਣਾ ਵਿਲੱਖਣ ਥਾਂ ਰੱਖਦੀ ਹੈ । ਹਿੰਦੁਸਤਾਨੀ ਵਿਧਾਨਵਾਦ ਅਤੇ ਇਸਲਾਮੀ ਸੂਫੀਵਾਦ ਦਾ ਇਹ ਇਕ ਅਨੋਖਾ ਸੰਗਮ ਹੈ ।

ਸ਼ੇਖ਼ ਫ਼ਰੀਦ ਅਰਬੀ, ਫਾਰਸੀ, ਉਰਦੂ, ਹਿੰਦੀ ਅਤੇ ਪੰਜਾਬੀ ਆਦਿ ਭਾਸ਼ਾਵਾਂ ਦੇ ਗਿਆਤਾ ਸਨ । ਆਪ ਜੀ ਦੇ ਲਗਭਗ ਇਹਨਾਂ ਹੀ ਭਾਸ਼ਾਵਾਂ ਦਾ ਪ੍ਰਯੋਗ ਆਪਣੀ ਬਾਣੀ ਵਿਚ ਕੀਤਾ ਹੈ । ਆਪ ਜੀ ਨੇ ਆਪਣੀਆਂ ਰਚਨਾਵਾਂ ਵਿਚ ਉਸ ਵੇਲੇ ਸਾਰੇ ਪ੍ਰਚਲਿਤ ਸੰਪਰਦਾਵਾਂ ਦੇ ਮਿਲੇ-ਜੁਲੇ ਰੂਪ ਨੂੰ ਪੇਸ਼ ਕੀਤਾ ਹੈ । ਆਪ ਜੀ ਦੇ ਸਵੈ-ਮਾਨਵਵਾਦੀ ਦ੍ਰਿਸ਼ਟੀਕੋਣ ਦੇ ਕਾਰਨ ਹੀ ਆਪ ਜੀ ਦੀ ਬਾਣੀ ਹਿੰਦੁਸਤਾਨ ਭਰ ਵਿਚ ਪ੍ਰਚਲਿਤ ਹੋਈ । ਇਹੋ ਕਾਰਨ ਹੈ ਕਿ ਆਪ ਜੀ ਨੂੰ ਪੰਜਵੇਂ ਗੁਰੂ ਸ੍ਰੀ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੇ ਜਾਣ ਦਾ ਗੌਰਵ ਪ੍ਰਾਪਤ ਹੋਇਆ । ਸ਼ੇਖ਼ ਫ਼ਰੀਦ ਨੂੰ ਪੰਜਾਬੀ ਦਾ ਪਿਤਾਮਾ ਮੰਨਿਆ ਜਾਂਦਾ ਹੈ । ਕੁਝ ਹਿੰਦੀ ਦੇ ਵੀ ਸ਼ੇਖ਼ ਫ਼ਰੀਦ ਨੂੰ ਪੁਰਾਣੀ ਹਿੰਦੀ (ਅਪਰੰਸ) ਦਾ ਕਵੀ ਮੰਨਦੇ ਹਨ । ਡਾਕਟਰ ਵਜੇਂਦਰ ਸਦਾਖ਼ਤ ਦੇ ਅਨੁਸਾਰ "ਲੋਕ ਭਾਸ਼ਾ ਮੁਲਤਾਨੀ ਜਾਂ ਹਿੰਦੀ ਦਾ ਪ੍ਰਯੋਗ ਕਰਨ ਵੇਲੇ ਬਾਬਾ ਫ਼ਰੀਦ ਤੋਂ ਪਹਿਲਾਂ ਸਾਹਿਤ ਵਿਚ ਆਪਰੰਸ ਦਾ ਪ੍ਰਯੋਗ ਹੋ ਰਿਹਾ ਸੀ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਉਸ ਵੇਲੇ ਹਿੰਦੀ ਬੋਲਚਾਲ ਵਿਚ ਆ ਚੁੱਕੀ ਸੀ । ਜਿਸ ਦਾ ਸਬੂਤ ਨਾਥ ਸਾਹਿਤ ਜਾਂ ਅਰਧ ਆਪਰੰਸ ਵਿਚੋਂ ਮਿਲ ਜਾਂਦਾ

ਹੈ। ਪਰ ਹਿੰਦੀ ਵਿਚ ਨਿਸਚਿਤ ਰੂਪ ਨਾਲ ਰਚਨਾ ਕਰਨ ਵਾਲੇ ਬਾਬਾ ਫ਼ਰੀਦ ਸ਼ਕਰ ਗੰਜ ਦਾ ਨਾਂ ਸਭ ਤੋਂ ਪਹਿਲਾਂ ਆਉਂਦਾ ਹੈ । ਜੇਕਰ ਸ਼ੇਖ਼ ਫ਼ਰੀਦ ਦੀ ਬਾਣੀ ਨੂੰ ਪੁਰਾਣੀ ਹਿੰਦੀ ਦਾ ਰੂਪ ਮੰਨ ਲਿਆ ਜਾਵੇ ਤਾਂ ਹਿੰਦੀ ਸਾਹਿਤ ਦੇ ਇਤਿਹਾਸ ਦੇ ਲੇਖਕਾਂ ਦਾ ਧਿਆਨ ਇਸ ਵੱਲ ਦਿਵਾਉਣਾ ਪਵੇਗਾ । ਹਾਂ ਜੇ ਇਸ ਬਾਣੀ ਨੂੰ ਪੁਰਾਣੀ ਹਿੰਦੀ ਦਾ ਗੌਰਵ ਪ੍ਰਾਪਤ ਹੋ ਸਕਿਆ ਤਾਂ ਇਤਿਹਾਸਕ ਲੇਖਕਾਂ ਨੂੰ ਆਪਣੀਆਂ ਮਾਨਤਾਵਾਂ ਤੇ ਮੁੜ ਤੋਂ ਵਿਚਾਰ ਕਰਨਾ ਹੋਵੇਗਾ ।''

ਫ਼ਰੀਦ ਜੀ ਦੀ ਸਮੁੱਚੀ ਬਾਣੀ ਉਹਨਾਂ ਦੇ ਜੀਵਨ ਦੇ ਤਲਖ ਤਜ਼ਰਬਿਆਂ ਦਾ ਨਤੀਜਾ ਹੈ । ਅਜਿਹੀ ਬਾਣੀ ਹੀ ਜੀਵਨ ਦੇ ਕੌੜੇ ਸੱਚ ਨੂੰ ਪ੍ਰਗਟਾਉਣ ਵਿਚ ਸਮਰਥ ਹੁੰਦੀ ਹੈ । ਅਜਿਹੀ ਰਚਨਾ ਅਮਰ ਸਾਹਿਤ ਅਖਵਾਉਂਦੀ ਹੈ, ਅਜਿਹੀਆਂ ਰਚਨਾਵਾਂ ਦਾ ਰਚਾਇਤਾ ਵੀ ਦੇਸ਼, ਜਾਤ, ਅਤੇ ਧਰਮ ਦੀਆਂ ਸੀਮਾਵਾਂ ਦਾ ਵਿਸਥਾਰ ਕਰਕੇ ਪੂਰੇ ਵਿਸ਼ਵ ਦਾ ਹੋ ਜਾਂਦਾ ਹੈ । ਸ਼ੇਖ਼ ਫ਼ਰੀਦ ਨੂੰ ਅਤੇ ਉਹਨਾਂ ਦੀਆਂ ਸੀਮਾਵਾਂ ਨੂੰ ਵੀ ਏਸੇ ਸ਼੍ਰੇਣੀ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ । ਆਪ ਜੀ ਦੇ 112 ਸਲੋਕ ਅਤੇ 4 ਸ਼ਬਦ (ਦੋ ਸੂਹੀ ਰਾਗ ਵਿਚ ਅਤੇ ਦੋ ਆਸਾ ਰਾਗ ਵਿਚ) ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਸਾਹਿਤਕ ਦ੍ਰਿਸ਼ਟੀ ਤੋਂ ਪ੍ਰਮਾਣਿਕ ਮੰਨੇ ਗਏ ਹਨ । ਇਸ ਤੋਂ ਬਿਨਾਂ ਆਪ ਜੀ ਦੀਆਂ ਹੋਰ ਵੀ ਰਚਨਾਵਾਂ ਉਪਲਬਧ ਹਨ ਪਰ ਉਹਨਾਂ ਤੇ ਵਿਦਵਾਨਾਂ ਅਤੇ ਆਲੋਚਕਾਂ ਨੇ ਪ੍ਰਸ਼ਨ ਚਿੰਨ੍ਹ ਲਾਇਆ ਹੋਇਆ ਹੈ ।

ਆਪ ਜੀ ਦਾ ਜੀਵਨ ਸਾਦਾ ਜੀਵਨ ਅਤੇ ਉੱਚ ਵਿਚਾਰ ਦੀ ਠੋਸ ਮਿਸਾਲ ਹੈ, ਆਪ ਜੀ ਦੀ ਬਾਣੀ ਵਿਚ ਏਨੀ ਮਿਠਾਸ ਸੀ ਕਿ ਲੋਕ ਆਪਣੇ ਆਪ, ਆਪ ਜੀ ਵੱਲ ਖਿੱਚੇ ਚਲੇ ਆਉਂਦੇ ਸਨ । ਆਪ ਗਰੀਬਾਂ ਦੇ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੰਦੇ ਸਨ, ਨਿਮਰਤਾ, ਪ੍ਰੇਮ, ਦਿਆ, ਤਿਆਗ, ਸੇਵਾ, ਸਹਿਣਸ਼ੀਲਤਾ ਦੀ ਸਾਖਸ਼ਾਤ ਮੂਰਤੀ ਸ਼ੇਖ਼ ਫ਼ਰੀਦ ਦੀ ਬਾਣੀ ਵਿਚ ਇਹ ਗੁਣ ਆਮ ਮਿਲਦੇ ਹਨ । ਪ੍ਰਭੂ ਦੀ ਭਗਤੀ ਵਿਚ ਮਗਨ ਰਹਿਣਾ ਦਰਵੇਸ਼ ਹੋਣ ਦਾ ਸਭ ਤੋਂ ਸੌਖਾ ਰਸਤਾ ਹੈ । ਗੁਰੂ ਬਿਨਾਂ ਇਸ ਰਾਹ ਤੇ ਚੱਲਣਾ ਮੁਸ਼ਕਿਲ ਹੈ, ਝੂਠ ਦਾ ਸਹਾਰਾ ਲੈ ਕੇ ਇਸ ਤੇ ਨਹੀਂ ਚਲਿਆ ਜਾ ਸਕਦਾ ਇਸ ਲਈ ਸੱਚ ਜ਼ਰੂਰੀ ਹੈ ।

ਕਿਝੁ ਨ ਬੁਝੈ ਕਿਝੁ ਨਾ ਸੁਝੈ ਦੁਨੀਆਂ ਗੁਝੀ ਭਾਹਿ ॥
ਸਾਂਈ ਮੇਰੇ ਚੰਗਾ ਕੀਤਾ ਨਾਹੀ ਤ ਹੰਭੀ ਤ ਹੰਭੀ ਦਝਾਂ ਆਹਿ ॥

ਫ਼ਰੀਦ ਜੀ ਅਨੁਸਾਰ ਜੋ ਮਨੁੱਖ ਉਸ ਈਸ਼ਵਰ ਨੂੰ ਯਾਦ ਨਹੀਂ ਰੱਖਦੇ, ਉਹ ਇਸ ਸੰਸਾਰ ਵਿਚ ਤਾਂ ਕਸ਼ਟ ਸਹਿੰਦੇ ਹੀ ਹਨ ਅੱਗੇ ਵੀ ਉਹਨਾਂ ਨੂੰ ਮੁਕਤੀ ਨਹੀਂ ਮਿਲਦੀ । ਇਸ ਲਈ ਮੁਕਤੀ ਪ੍ਰਾਪਤ ਕਰਨ ਲਈ ਉਹਨਾਂ ਨੂੰ ਈਸ਼ਵਰ ਦਾ ਸਿਮਰਨ ਜ਼ਰੂਰ ਕਰਨਾ ਚਾਹੀਦਾ ਹੈ ।

ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ ॥

ਐਥੈ ਦੁਖ ਘਣੇਰਿਆ ਅਗੈ ਠਉਰ ਨਾ ਠਾਉ ॥

ਫਰੀਦ ਜੀ ਨੇ ਇਸ ਭੌਤਿਕ ਸੰਸਾਰ ਤੋਂ ਫਿਰਕਤ ਰਹਿਣ ਲਈ ਅਤੇ ਸੋਹਣੀਆਂ ਚੀਜ਼ਾਂ ਤੋਂ ਆਪਣੇ ਮਨ ਨੂੰ ਹਟਾਉਣ ਲਈ ਦਰਵੇਸ਼ ਦਾ ਜੀਵਨ ਬਿਤਾਉਣ ਦੀ ਪ੍ਰੇਰਣਾ ਦਿੱਤੀ ਹੈ । ਉਹ ਕੋਠੇ, ਮੰਡਪ, ਮਾੜੀਆਂ ਆਦਿ ਦੀ ਤਮੰਨਾ ਕਰਨਾ ਵਾਲਿਆਂ ਨੂੰ ਆਖਦੇ ਹਨ ।

ਫਰੀਦਾ ਕੋਠੇ ਮੰਡਪ ਮਾੜੀਆਂ ਉਸਾਰਦੇ ਭੀ ਗਏ ॥

ਕੂੜਾ ਸਉਦਾ ਕਰ ਗਏ ਗੋਰੀ ਆਇ ਪਏ ॥

ਅਤੇ

ਫਰੀਦਾ ਕੋਠੇ ਮੰਪ ਮਾੜੀਆ ਏਤੁ ਨ ਲਾਏ ਚਿਤ ॥

ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥

ਸਮਾਜ ਸੁਧਾਰਕ ਦੇ ਰੂਪ ਵਿੱਚ ਫਰੀਦ ਜੀ ਨੇ ਉਸ ਵੇਲੇ ਦੇ ਸਮਾਜਿਕ ਮਤ-ਭੇਦਾਂ ਨੂੰ ਦੂਰ ਕਰਨ ਲਈ ਉਚ,ਨੀਚ, ਅਮੀਰੀ, ਗਰੀਬੀ ਵਿੱਚ ਪਾੜਾ ਪਾਉਣ ਵਾਲਿਆਂ ਨੂੰ ਈਸ਼ਵਰ ਦੇ ਦਰਬਾਰ ਵਿੱਚ ਚੋਟ ਖਾਣ ਤੋਂ ਸਾਵਧਾਨ ਰਹਿਣ ਲਈ ਕਿਹਾ ਹੈ ।

ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ ॥

ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ ॥

ਅਤੇ

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥

ਜਿਨਾ ਖਾਧੀ ਚੋਪੜੀ ਘਣੇ ਸਹਹਿਗੇ ਦੁਖ ॥

ਏਨਾ ਹੀ ਨਹੀਂ ਦੂਜੇ ਨੂੰ ਅਮੀਰ ਵੇਖ ਕੇ ਆਪਣੇ ਮਨ ਵਿੱਚ ਸਬਰ-ਸੰਤੋਖ ਅਤੇ ਸਹਿਣਸ਼ੀਲਤਾ ਧਾਰਨ ਕਰਨ ਦਾ ਉਪਦੇਸ਼ ਵੀ ਦਿੰਦੇ ਹਨ ਉਹ ਈਸ਼ਵਰ ਵਲੋਂ ਦਿੱਤੀਆਂ ਨੇਮਤਾਂ ਵਿੱਚ ਹੀ ਗੁਜ਼ਾਰਾ ਕਰ ਲੈਣ ਵਿੱਚ ਵਿਸ਼ਵਾਸ ਕਰਦੇ ਹਨ । ਐਵੇਂ ਫਜ਼ੂਲ ਹੀ ਜੀ ਤਰਸਾਉਣ ਨੂੰ ਉਹ ਬੁਰਾ ਸਮਝਦੇ ਹਨ ।

ਰੁਖੀ ਸੁਖੀ ਖਾਇ ਕੇ ਠੰਢਾ ਪਾਣੀ ਪੀਉ ॥

ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥

ਫਰੀਦ ਜੀ ਨੇ ਦੂਜਿਆਂ ਨੂੰ ਉਪਦੇਸ਼ ਦੇ ਕੇ ਸੁਧਾਰਨ ਨਾਲੋਂ ਆਪਣੇ ਆਪ ਨੂੰ ਸੁਧਾਰਨ ਲਈ ਆਖਿਆ ਹੈ ਇਸ ਲਈ ਉਹ ਇੱਕ ਨੁਕਤਾ ਵੀ ਦੱਸਦੇ ਹਨ ਕਿ ਤੁਸੀਂ ਆਪਣੇ ਅਗੁਣਾਂ ਤੇ ਲਾਤੀ ਮਾਰੋ ਦੂਜਿਆਂ ਦੇ ਅਗੁਣ ਨਾ ਦੇਖੋ ਆਦਰਸ਼ ਮਨੁੱਖ ਹੀ ਦੂਜੇ ਨੂੰ ਰਾਹ ਦਰਸਾ ਸਕਦਾ ਹੈ ।

ਫਰੀਦਾ ਕਾਲੇ ਮੈਂਡੇ ਕਪੜੇ ਕਾਲਾ ਮੈਂਡਾ ਵੇਸੁ ॥

ਗੁਨਹੀ ਭਰਿਆ ਮੈਂ ਫਿਰਾ ਲੋਕੁ ਕਹੈ ਦਰਵੇਸੁ ॥ 61 ॥ ਅਤੇ

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥

ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥

ਸਰੀਰ ਨਾਸ਼ਵਾਨ ਹੈ ਬੁਢਾਪਾ ਮੌਤ ਦਾ ਸੰਕੇਤ ਹੈ । ਪੰਜ ਤੱਤਾਂ ਦਾ ਬਣਿਆ ਸਰੀਰ ਅਖੀਰ ਵਿੱਚ ਨਸ਼ਟ ਹੋਣਾ ਹੀ ਹੈ, ਇਸ ਲਈ ਜੀਵਨ ਦੇ ਪ੍ਰਤੀ ਮੋਹ ਨਹੀਂ ਰੱਖਣਾ ਚਾਹੀਦਾ । ਸੌ ਸਾਲ ਜੀਅ ਕੇ ਵੀ ਅੰਤ ਨੂੰ ਮਿੱਟੀ ਹੀ ਹੋਣਾ ਹੈ ।

ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ ॥

ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ ॥

ਇਸ ਲਈ ਮਨੁੱਖ ਨੂੰ ਲੰਮੀ ਉਮਰ ਦੀ ਤਮੰਨਾ ਕਰਨ ਨਾਲੋਂ ਚੰਗੇ ਕੰਮਾਂ ਵੱਲ ਪ੍ਰੇਰਤ ਹੋਣਾ ਚਾਹੀਦਾ ਹੈ । ਚੰਗੇ ਕੰਮ ਕਰਨ ਨਾਲ ਹੀ ਮਨ ਦੀ ਸ਼ਾਂਤੀ ਮਿਲਦੀ ਹੈ । ਪ੍ਰਮਾਤਮਾ ਪ੍ਰਸੰਨ ਹੁੰਦਾ ਹੈ ਬੁਰੇ ਕੰਮਾਂ ਨੂੰ ਛੱਡ ਕੇ ਮਨੁੱਖ ਨੂੰ ਚੰਗੇ ਕੰਮ ਕਰਨੇ ਚਾਹੀਦੇ ਹਨ ਜਿਸ ਨਾਲ ਈਸ਼ਵਰ ਦੇ ਸਾਹਮਣੇ ਜਾ ਕੇ ਸ਼ਰਮਿੰਦਾ ਹੋਣ ਤੋਂ ਬਚਿਆ ਜਾ ਸਕੇ ।

ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥

ਮਤੁ ਸਰਮਿੰਦਾ ਥੀਵਹੀ ਸਾਂਈ ਦੇ ਦਰਬਾਰਿ ॥

ਸ਼ੇਖ ਫਰੀਦ ਦੀ ਕਵਿਤਾ ਭਾਵ ਪ੍ਰਧਾਨ ਹੋਣ ਤੇ ਨਾਲ-ਨਾਲ ਕਲਾਤਮਕ ਦ੍ਰਿਸ਼ਟੀ ਤੋਂ ਵੀ ਸਰੇਸ਼ਟ ਰਚਨਾ ਹੈ ਆਪ ਜੀ ਨੇ ਆਪਣੇ ਭਾਵਾਂ ਨੂੰ ਪ੍ਰਗਟਾਉਣ ਲਈ ਜਿਸ ਭਾਸ਼ਾ ਤੋਂ ਵੀ ਅਨੁਕੂਲ ਸ਼ਬਦ ਮਿਲਿਆ ਉਸ ਨੂੰ ਗ੍ਰਹਿਣ ਕੀਤਾ । ਪ੍ਰਚਲਿਤ ਅਲੰਕਾਰਾਂ ਅਤੇ ਮੁਹਾਵਰਰਿਆਂ ਦਾ ਪ੍ਰਯੋਗ ਆਪ ਜੀ ਦੀ ਬਾਣੀ ਨੂੰ ਚਾਰ ਚੰਨ ਲਾਉਂਦਦਾ ਹੈ । ....ਉਪਮਾ ਰੂਪਕ ਦ੍ਰਿਸ਼ਟਾਂਤ ਆਦਿ ਅਲੰਕਾਰਾਂ ਦਾ ਆਪ ਜੀ ਨੇ ਖੁਲ੍ਹ ਕੇ ਪ੍ਰਯੋਗ ਕੀਤਾ ਹੈ । ਚਿੰਨ੍ਹਾਂ ਅਤੇ ਪ੍ਰਤੀਕਾਂ ਦੇ ਮਾਧਿਅਮ ਤੋਂ ਵੀ ਆਪ ਜੀ ਨੇ ਆਪਣੇ ਭਾਵਾਂ ਨੂੰ ਸਾਕਾਰ ਬਣਾਇਆ । ਛੰਦ ਦੀ ਦ੍ਰਿਸ਼ਟੀ ਤੋਂ ਪ੍ਰਾਕਿਰਤੀ ਵਿੱਚ ਗਾਥਾ ਆਪਰੰਸ ਵਿੱਚ ਦੋਹਾ ਅਤੇ ਸੰਸਕ੍ਰਿਤੀ ਵਿੱਚ ਸਲੋਕ ਦਾ ਮਹੱਤਵ ਪੂਰਨ ਸਥਾਨ ਰਿਹਾ ਹੈ ਇਹ ਕਿਸੇ ਨਾ ਕਿਸੇ ਰੂਪ ਵਿੱਚ ਹਰ ਭਾਸ਼ਾ ਵਿੱਚ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ । ਸ਼ੇਖ ਫਰੀਦ ਜੀ ਨੇ ਵੀ ਆਪਣੀ ਰਚਨਾ ਵਿੱਚ ਇਸ ਹਰਮਨ-ਪਿਆਰੇ ਸਲੋਕ ਨੂੰ ਹੀ ਅਪਣਾਇਆ ਹੈ ਇਸ ਤੋਂ ਬਿਨਾਂ ਆਪ ਜੀ ਨੇ ਸ਼ਬਦ ਵੀ ਰਚੇ ਹਨ ਆਪ ਜੀ ਦੀ ਰਚਨਾ ਭਾਵ ਪੱਖ ਅਤੇ ਕਲਾ ਪੱਖ ਦੀ ਦ੍ਰਿਸ਼ਟੀ ਤੋਂ ਉਤਮ ਸਾਹਿਤ ਦੀ ਸ਼੍ਰੇਣੀ ਵਿੱਚ ਆਉਂਦੀ ਹੈ ਸੰਗਤ ਮਈ ਹੋਣਾ ਆਪ ਜੀ ਦੀ ਬਾਣੀ ਵਿੱਚ ਮਹੱਤਵਪੂਰਨ ਗੁਣ ਹੈ । ਆਪ ਜੀ ਦੀ ਬਾਣੀ ਮਨੁੱਖ ਲਈ ਪ੍ਰੇਰਨਾਦਾਇਕ ਹੈ, ਆਪ ਜੀ ਨੇ ਆਪਣੀ ਬਾਣੀ ਰਾਹੀਂ ਆਮ ਮਨੁੱਖ ਨੂੰ ਸਹੀ ਜੀਵਨ ਦਿਸ਼ਾ ਪ੍ਰਦਾਨ ਕੀਤੀ ਹੈ ਅੱਜ ਵੀ ਆਪ ਜੀ ਦੀ ਬਾਣੀ ਅਸ਼ਾਂਤ ਮਨੁੱਖ ਨੂੰ ਸ਼ਾਨਤੀ ਪ੍ਰਦਾਨ ਕਰਨ ਲਈ ਸਮਰਥ ਹੈ ਆਪ ਜੀ ਦੀ ਇਸ ਅਮਰ ਬਾਣੀ ਦੇ ਸਾਹਿਤ ਅਤੇ ਮਾਨਵੀ ਸਮਾਜ ਸਦਾ ਆਪ ਜੀ ਦਾ ਰਿਣੀ ਰਹੇਗਾ ।

☐

ਸ਼ੇਖ ਫਰੀਦ ਜੀ ਦੀ ਵੈਰਾਗ ਭਾਵਨਾ

ਵੈਰਾਗ ਆਮ ਸ਼ਬਦਾਂ ਵਿੱਚ ਦੁਨਿਆਵੀ ਵਿਸ਼ਾ-ਵਿਕਾਰਾਂ ਅਤੇ ਇਛਾਵਾਂ ਤੋਂ ਵਿਅਕਤੀ ਦੀ ਅਵਸਥਾ ਦਾ ਹੀ ਦੂਜਾ ਨਾਂ ਹੈ । ਭੋਗ-ਵਿਲਾਸ ਵੱਲ ਆਕਰਸ਼ਿਤ ਨਾ ਹੋਣਾ ਆਪਣੇ ਆਪ ਤੇ ਕਾਬੂ ਪਾ ਕੇ ਸੰਜਮਿਤ ਜੀਵਨ ਬਿਤਾਉਣਾ ਹੀ ਵੈਰਾਗ ਹੈ । ਵੈਰਾਗ ਕੋਈ ਕਾਇਰਤਾ ਪੂਰਨ ਜਾਂ ਪਲਾਇਣਵਾਦੀ ਪ੍ਰਵਿਤੀ ਨਹੀਂ ਹੈ । ਨਾ ਹੀ ਇਹ ਕੋਈ ਨਿਵਰਿਤੀ ਮਾਰਗ ਹੈ । ਇਸ ਦਾ ਪੰਧ ਅਨੁਸ਼ਾਸਿਤ ਹੁੰਦਾ ਹੈ ਜੋ ਇਸ ਮਨ ਦੀ ਚੰਚਲਤਾ ਨੂੰ ਕਾਬੂ ਰੱਖਦਾ ਹੈ । ਇਸ ਵਿੱਚ ਸਦਾਚਾਰ ਦੀ ਭਾਵਨਾ ਲੋੜੀਂਦੀ ਹੁੰਦੀ ਹੈ। ਸੰਸਾਰ ਦੇ ਸਾਰੇ ਧਰਮਾਂ ਨੇ ਵੈਰਾਗ ਦੀ ਸਥਿਤੀ ਨੂੰ ਸਾਧਨਾ ਅਤੇ ਇਸ਼ਟ ਦੀ ਪ੍ਰਾਪਤੀ ਲਈ ਸੌਖਾ ਅਤੇ ਵਧੀਆ ਰਾਹ ਦੱਸਿਆ ਹੈ । ਜੋ ਆਦਮੀ ਅਨਾਸਤਕ ਭਾਵ ਨਾਲ ਕਰਮ ਕਰਦਾ ਹੈ ਉਹ ਪਰਮਾਤਮਾ ਨੂੰ ਆਪਣੇ ਸਹਿਜ ਕਰਮਾਂ ਰਾਹੀਂ ਹੀ ਪ੍ਰਾਪਤ ਕਰਨ ਵਿਚ ਸਮਰੱਥ ਹੁੰਦਾ ਹੈ । ਇਸ ਦੇ ਉਲਟ ਜਿਹੜਾ ਆਦਮੀ ਕਰਮਾਂ ਵਿੱਚ ਲਿਪਤ ਹੁੰਦਾ ਹੈ ਉਹ ਸੰਸਾਰਿਕ ਕੰਮਾਂ ਵਿੱਚ ਉਲਝ ਕੇ ਰਹਿ ਜਾਂਦਾ ਹੈ । ਗੀਤਾ ਵਿੱਚ ਇਸ ਭਾਵ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਗਿਆ ਹੈ ।

''ਤਸਮਾਦ ਆਕਸਕਤਹ ਸਤਤ ਕਾਰਯ ਕਰਮ ਸਮਾਚਰ ।
ਅਸਕਤੋ ਹਯਾਚਰ ਕਰਮ ਪਰਮਾਪਨੋਤੀ ਪੂਰੁਸ਼ਹ ॥ ੩-੧੯

ਭਗਵਾਨ ਕ੍ਰਿਸ਼ਨ ਅਰਜੁਨ ਨੂੰ ਕਰਮ ਕਰਨ ਅਤੇ ਫਲ ਦੀ ਇੱਛਾ ਨਾ ਰੱਖਣ ਦਾ ਉਪਦੇਸ਼ ਦਿੰਦੇ ਹੋਏ ਕਹਿੰਦੇ ਹਨ ਕਿ ਹੈ ਅਰਜੁਨ ਤੂੰ ਅਨਾਸਕਤ ਹੋ ਕੇ ਨਿਰੰਤਰਰ ਕਰੱਤਵ ਕਰਮ ਕਰਦਾ ਹੋਇਆ ਚੰਗੀ ਤਰ੍ਹਾਂ ਆਚਰਣ ਕਰ ਕਿਉਂਕਿ ਅਨਾਸਕਤ ਪੁਰਸ਼, ਕਰਮ ਕਰਦਾ ਹੋਇਆ ਪਰਮਾਤਮਾ ਨੂੰ ਪ੍ਰਾਪਤ ਹੁੰਦਾ ਹੈ ।

ਸ਼ੇਖ ਫਰੀਦ ਦੀ ਵੈਰਾਗ ਭਾਵਨਾ ਦਾ ਜੇਕਰ ਅਧਿਆਤਮਵਾਦ ਦੇ ਅੰਤਰਗਤ ਰਹੱਸਵਾਦੀ ਭਾਵਨਾ ਦੀ ਅਵਸਥਾ ਦੇ ਰੂਪ ਵਿੱਚ ਅਧਿਐਨ ਕੀਤਾ ਜਾਵੇ ਤਾਂ ਇਹ ਬਿਰਹੋਂ ਦੇ ਰੂਪ ਵਿੱਚ ਆਤਮਾ ਪ੍ਰਮਾਤਮਾ ਦੀ ਸੰਜੋਗ ਅਵਸਥਾ ਦੇ ਜ਼ਿਆਦਾ ਨੇੜੇ ਲੈ ਜਾਣ ਵਿੱਚ ਸਹਾਇਕ ਹੈ । ਫਰੀਦ ਦੀ ਵੈਰਾਗ ਭਾਵਨਾ ਅਨਾਸਕਤੀ ਵਰਗੀ ਅਵਸਥਾ ਤਾਂ ਪੈਦਾ ਕਰਦੀ ਹੈ । ਇਸ ਦੇ ਨਾਲ਼ ਹੀ ਬਿਰਹੋਂ ਦੀ ਕਸਕ ਵੀ ਪੈਦਾ ਕਰਦੀ ਹੈ ਜੋ ਆਪਣੇ ਪ੍ਰੀਤਮ ਨੂੰ ਮਿਲਣ ਦੀ ਤੀਬਰ ਇੱਛਾ ਬਣ ਜਾਂਦੀ ਹੈ । ਇਹੀ ਬਿਰਹਾ ਆਪਣੇ ਪ੍ਰੀਤਮ ਨੂੰ ਮਿਲਣ ਦਾ ਰਸਤਾ ਪ੍ਰਦਾਨ ਕਰਦਾ ਹੈ । ਬਿਰਹੀ-ਛੂਹ ਨੂੰ ਕੋਈ ਵੀ ਸੰਸਾਰਿਕ ਵਸਤੂ ਚੰਗੀ ਨਹੀਂ ਲਗਦੀ । ਇਹੋ ਭਾਵਨਾ ਮਨੁੱਖ ਦੇ ਮਨ ਦੇ ਅੰਦਰ

ਵੈਰਾਗ ਪੈਦਾ ਕਰਦੀ ਹੈ । ਇਹੋ ਵੈਰਾਗ ਮਿਲਣ ਵਿੱਚ ਸਹਾਈ ਹੁੰਦਾ ਹੈ । ਇਸੇ ਲਈ ਫਰੀਦ ਜੀ ਨੇ ਬਿਰਹਾ ਤੂੰ ਸੁਲਤਾਨ ਕਿਹਾ ਹੈ –

ਬਿਰਹਾ ਬਿਰਹਾ ਆਖੀਐ ਬਿਰਹੁ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥ ॥

ਫਰੀਦ ਜੀ ਦੇ ਅਨੁਸਾਰ ਮੌਤ ਨਿਸਚਿਤ ਹੈ ਅਤੇ ਸਰੀਰ ਨਾਸ਼ਵਾਨ । ਕਰਮਾਂ ਦਾ ਫਲ ਹਰੇਕ ਨੂੰ ਮਿਲਣਾ ਹੈ । ਅੰਤ ਵਿੱਚ ਮਨੁੱਖ ਇਸ ਲਈ ਨਿਰਾਸ਼ ਅਤੇ ਉਦਾਸ ਹੁੰਦਾ ਹੈ ਕਿਉਂ ਜੋ ਉਸ ਦਾ ਸਰੀਰ ਮਿੱਟੀ ਹੋ ਜਾਵੇਗਾ । ਅਜਿਹੀ ਅਵਸਥਾ ਵਿੱਚ ਫਰੀਦ ਜੀ ਮਨੁੱਖ ਨੂੰ ਸਾਵਧਾਨ ਕਰਦੇ ਹੋਏ ਆਖਦੇ ਹਨ ਕਿ ਜੇਕਰ ਮੌਤ ਨਿਸਚਿਤ ਹੈ ਤਾਂ ਇਸ ਝੂਠੇ ਸੰਸਾਰ ਅਤੇ ਨਾਸ਼ਵਾਨ ਸਰੀਰ ਨਾਲ ਮੋਹ ਕਰਨ ਨਾਲੋਂ ਈਸ਼ਵਰ ਨਾਲ ਪ੍ਰੇਮ ਕਰੋ ।

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨਾ ਜਾਇ ॥
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥

ਸ਼ੇਖ ਫਰੀਦ ਦੀ ਬਾਣੀ ਸੰਸਾਰਿਕ ਨਾਸ਼ਮਾਨਤਾ, ਮੌਤ ਦੀ ਨਿਸ਼ਚਿਤਤਾ ਅਤੇ ਬੁਢਾਪੇ ਦਾ ਅਹਿਸਾਸ ਕਰਾਉਂਦੇ ਹੋਏ ਵਿਅਕਤੀ ਦਾ ਵਾਤਾਵਰਣ ਬਣਾਉਣ ਲਈ ਇਕ ਪਿੱਠਭੂਮੀ ਤਿਆਰ ਕਰਦੀ ਹੈ । ਉਮਰ ਕਿੰਨੀ ਵੀ ਲੰਮੀ ਕਿਉਂ ਨਾ ਹੋਵੇ ਅੰਤ ਵਿੱਚ ਸਰੀਰ ਨੇ ਮਿੱਟੀ ਹੀ ਹੋਣਾ ਹੈ । ਬੁਢਾਪਾ ਮੌਤ ਦਾ ਇਸ਼ਾਰਾ ਹੈ । ਮਨੁੱਖ ਲਈ ਚਿਤਾਵਨੀ ਹੈ ।

ਬੁਢਾ ਹੋਆ ਸ਼ੇਖ ਫਰੀਦੁ ਕੰਬਣਿ ਲਗੀ ਦੇਹ ॥
ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ ॥

ਇਸ ਲਈ ਲੰਮੀ ਉਮਰ ਦੀ ਕਾਮਨਾ ਕਰਨ ਵਾਲੇ ਅਤੇ ਇਸ ਜੀਵਨ ਨੂੰ ਆਨੰਦ ਪੂਰਵਕ ਬਿਤਾਉਣ ਵਾਲੇ ਆਪਣੀ ਮੰਜ਼ਿਲ ਨੂੰ ਪਛਾਨਣ ਦੀ ਕੋਸ਼ਿਸ਼ ਕਰਨ । ਆਪਣੀ ਧਨ-ਦੌਲਤ ਦਾ ਮਾਨ ਨਾ ਕਰਨ । ਆਪਣੇ ਜੀਵਨ ਨੂੰ ਸਾਰਥਕ ਬਣਾਉਣ । ਪਰਮਾਤਮਾ ਹੀ ਤੇਰਾ ਉਧਾਰ ਕਰ ਸਕਦਾ ਹੈ ਉਸ ਨੂੰ ਯਾਦ ਰੱਖ । ਅੰਤ ਵਿੱਚ ਤੂੰ ਉਸ ਦੀ ਹੀ ਸ਼ਰਨ ਵਿੱਚ ਜਾਣਾ ਹੈ । ਸਮਾਂ ਸਭ ਤੋਂ ਬਲਵਾਨ ਹੈ । ਤੂੰ ਉਸ ਤੋਂ ਬਚ ਨਹੀਂ ਸਕਦਾ । ਇਸ ਲਈ ਧਨ-ਦੌਲਤ, ਮਹਿਲ-ਮਾੜੀਆਂ ਦਾ ਮਾਣ ਨਾ ਕਰ,

ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥
ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥ ੫੭ ॥

ਫਰੀਦ ਜੀ ਨੇ ਹਮੇਸ਼ਾਂ ਆਪਣੇ ਆਪ ਨੂੰ ਹਉਮੈ ਤੋਂ ਮੁਕਤ ਰੱਖਣ ਦਾ ਯਤਨ ਕੀਤਾ । ਉਹਨਾਂ ਨੇ ਆਪਣੀਆਂ ਜ਼ਰੂਰਤਾਂ ਤੇ ਸੰਜਮ ਵਰਤ ਕੇ ਸੰਸਾਰ ਵਿੱਚ ਰਹਿੰਦੀਆਂ ਵੀ ਆਪਣੇ ਆਪ ਨੂੰ ਵਿਸ਼ਾ-ਵਿਕਾਰਾਂ ਵਿੱਚ ਲਿਪਤ ਹੋਣ ਤੋਂ ਬਚਾਇਆ ।

ਉਹਨਾਂ ਦਾ ਸਮੁੱਚਾ ਜੀਵਨ ਇਕ ਦਰਵੇਸ਼ ਦਾ ਜੀਵਨ ਹੈ ਜਿਸ ਵਿੱਚ ਸੰਜਮ, ਸਬਰ, ਸੰਤੋਖ, ਸਹਿਨਸ਼ੀਲਤਾ ਦੀ ਪ੍ਰਧਾਨਤਾ ਹੈ । ਦਰਵੇਸ਼ ਸੰਸਾਰ ਵਿੱਚ ਰਹਿੰਦੀਆਂ ਵੀ ਵਿਅਕਤ ਭਾਵ ਨਾਲ ਰਹਿੰਦਾ ਹੈ । ਉਹ ਵਸਤਾਂ ਨੂੰ ਇਕੱਠਾ ਕਰਨ ਵਿੱਚ ਵਿਸ਼ਵਾਸ ਨਹੀਂ ਕਰਦਾ । ਦਰਵੇਸ਼ ਦਾ ਜੀਵਨ ਬਹੁਤ ਕਠਿਨ ਹੁੰਦਾ ਹੈ । ਸਾਰੀਆਂ ਚੀਜ਼ਾਂ ਦੇ ਹੁੰਦਿਆਂ ਵੀ ਉਹਨਾਂ ਦੀ ਵਰਤੋਂ ਨਾ ਕਰਨਾ । ਮਨ ਦੀ ਚੰਚਲਤਾ ਤੇ ਕਾਬੂ ਰੱਖਣਾ, ਇਛਾਵਾਂ ਦਾ ਦਮਨ ਕਰਨਾ, ਈਸ਼ਵਰ ਪ੍ਰਤੀ ਆਸਥਾਵਾਨ ਹੋਣਾ, ਸਚਮੁਚ ਕਿੰਨਾ ਮੁਸ਼ਕਿਲ ਹੁੰਦਾ ਹੈ । ਫਰੀਦ ਜੀ ਨੇ ਕਥਨੀ ਅਤੇ ਕਰਨੀ ਦਾ ਫਰਕ ਮਿਟਾ ਕੇ ਆਜੀਵਨ ਸੰਕਲਪ ਨੂੰ ਨਿਭਾਇਆ । ਰਾਹ ਵਿੱਚ ਆਉਣ ਵਾਲੀ ਹਰ ਮੁਸ਼ਕਿਲ ਨੂੰ ਹਿੰਮਤ ਨਾਲ ਸਹਿਣ ਕੀਤਾ, ਪਰ ਆਪਣੇ ਰਸਤੇ ਤੋਂ ਨਹੀਂ ਹਟੇ, ਉਹ ਲਿਖਦੇ ਹਨ :–

ਫਰੀਦਾ ਦਰ ਦਰਵੇਸ਼ੀ ਗਾਖੜੀ ਚਲਾਂ ਦੁਨੀਆਂ ਭਤਿ ॥
ਬੰਨਿ ਉਠਾਈ ਪੋਟਲੀ ਕਿਥੈ ਵੰਞਾ ਘਤਿ ॥

ਇਸ ਦਰਵੇਸ਼ ਦੇ ਭੇਖ ਨੂੰ ਧਾਰਣ ਕਰਨਾ ਹਰੇਕ ਆਦਮੀ ਦੇ ਵਸ ਦੀ ਗੱਲ ਨਹੀਂ ਹੈ । ਕੋਈ ਸ਼ਹਿਨਸ਼ੀਲ ਅਤੇ ਨਿਮਰਤਾ ਵਾਲਾ ਮਨੁੱਖ ਹੀ ਇਸ ਨੂੰ ਧਾਰਨ ਕਰ ਸਕਦਾ ਹੈ :–

ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥
ਦਰਵੇਸ਼ਾਂ ਨੋ ਲੋੜੀਐ ਰੁੱਖਾਂ ਦੀ ਜੀਰਾਂਦਿ ॥

ਸਚਮੁਚ ਹੀ ਦਰਵੇਸ਼ ਆਪਣੇ ਨਿਜੀ ਸੁਆਰਥਾਂ ਤੋਂ ਉਪਰ ਉਠ ਕੇ ਪਰਉਪਕਾਰ ਵਿੱਚ ਲਗ ਜਾਂਦਾ ਹੈ । ਉਹ ਨਿਜ ਤੋਂ ਧਰ ਵੱਲ ਅੱਗੇ ਵੱਧਦਾ ਹੈ । ਉਹ ਰੱਬ ਤੋਂ ਆਪਣੇ ਲਈ ਨਹੀਂ ਦੂਜਿਆਂ ਲਈ ਮੰਗਦਾ ਹੈ । ਉਸ ਲਈ ਆਪਣੇ ਤੋਂ ਪਰਾਏ ਦਾ ਭੇਤ ਖਤਮ ਹੋ ਜਾਂਦਾ ਹੈ । ਉਸ ਦੇ ਅੰਦਰ ਹਉਮੈਂ ਦਾ ਸਦਾ ਲਈ ਨਾਸ਼ ਹੋ ਜਾਂਦਾ ਹੈ । ਅਸਲ ਵਿੱਚ ਦੇਖਿਆ ਜਾਵੇ ਤਾਂ ਹਉਮੈਂ ਹੀ ਸੰਸਾਰ ਵਿੱਚ ਮੋਹ ਦਾ ਕਾਰਨ ਹੈ । ਜੇ ਕਰ ਆਦਮੀ ਇਸ ਤੋਂ ਮੁਕਤ ਹੋ ਸਕੇ ਤਾਂ ਵੈਰਾਗ ਆਪਣੇ ਆਪ ਆਦਮੀ ਦੇ ਅੰਦਰ ਪੈਦਾ ਹੋ ਜਾਂਦਾ ਹੈ । ਫਰੀਦ ਜੀ ਨੇ ਆਪਣੀ ਬਾਣੀ ਅੰਦਰ ਆਪਣੇ ਆਪ ਨੂੰ ਗੁਣਹੀਨ ਦੱਸਿਆ ਹੈ ।

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰ ਦੇਖੁ ॥

ਸ਼ੇਖ ਫਰੀਦ ਨੇ ਆਪਣੀ ਬਾਣੀ ਵਿੱਚ ਦੁਨਿਆਵੀ ਅਸਥਿਰਤਾ, ਸਰੀਰ ਦੀ ਨਾਸ਼ਮਾਨਤਾ ਅ ਈਵਸ਼ਰ ਦੇ ਸਿਮਰਨ ਦਾ ਵਰਣਨ ਕੀਤਾ ਹੈ । ਫਰੀਦ ਜੀ ਬਾਰ-ਬਾਰ ਆਖਦੇ ਹਨ ਕਿ ਹੇ ਮਨੁੱਖ ! ਇਹ ਜੀਵਨ ਬੀਤਦਾ ਜਾ ਰਿਹਾ ਹੈ । ਅਜਿਹਾ ਸਮਾਂ ਦੁਬਾਰਾ ਹੱਥ ਨਹੀਂ ਆਵੇਗਾ ਇਸ ਲਈ ਸੰਸਾਰਿਕਤਾ ਵਿੱਚ ਮੋਹ ਪੈਦਾ

ਕਰਨ ਦੀ ਥਾਂ ਈਸ਼ਵਰ ਦਾ ਸਿਮਰਨ ਕਰਕੇ ਆਪਣੇ ਜੀਵਨ ਨੂੰ ਸਫਲ ਕਰੋ । ਭਜਨ-ਬੰਦਗੀ ਦਾ ਸਮਾਂ ਤੂੰ ਸੰਸਾਰ ਵਿੱਚ ਫ਼ਜ਼ੂਲ ਦੇ ਕੰਮਾਂ ਵਿੱਚ ਗੁਆ ਰਿਹਾ ਹੈ :—

ਫਰੀਦਾ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ ॥
ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ ॥

ਸ਼ੇਖ ਫਰੀਦ ਜੀ ਨੇ ਮਨੁੱਖ ਨੂੰ ਸੁਚੇਤ ਕਰਦੇ ਹੋਏ ਮੌਤ ਦੇ ਅਨੇਕਾਂ ਹਵਾਲਿਆਂ ਤੋਂ ਚੰਗੇ ਕੰਮ ਕਰਨ ਦੀ ਪ੍ਰੇਰਨਾ ਦਿੱਤੀ ਹੈ । ਉਹਨਾਂ ਬੁਢਾਪੇ ਨੂੰ ਮੌਤ ਦਾ ਸੰਕੇਤ ਦੱਸਿਆ ਹੈ ਅਤੇ ਕਿਹਾ ਹੈ ਕਿ ਜੀਵਨ ਨਾਸ਼ਵਾਨ ਹੈ, ਇਸ ਲਈ ਮਨੁੱਖ ਨੂੰ ਜੀਵਨ ਤੇ ਗਰਵ ਨਹੀਂ ਕਰਨਾ ਚਾਹੀਦਾ ।

ਫਰੀਦਾ ਜੇ ਜਾਣਾ ਤਿਲ ਥੋੜੜੇ ਸਮਲਿ ਬੁਕੁ ਭਰੀ ॥
ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰੀ ॥

ਮਨੁੱਖ ਨੂੰ ਆਪਣੀਆਂ ਇਛਾਵਾਂ ਤੇ ਕਾਬੂ ਪਾਉਣਾ ਚਾਹੀਦਾ ਹੈ । ਹਉਮੈਂ ਤੋਂ ਬਚਣ ਲਈ ਭੋਗ-ਵਿਲਾਂਸ ਤੋਂ ਗੁਰੇਜ਼ ਕਰਨਾ ਚਾਹੀਦਾ ਹੈ । ਦੁਨੀਆਂ ਵਿੱਚ ਰਹਿ ਕੇ ਵੀ ਵਸਤਾਂ ਦਾ ਸੰਗ੍ਰਹਿ ਨਾ ਕਰਨਾ ਹੀ ਸੱਚਾ ਵੈਰਾਗ ਹੈ । ਫਰੀਦ ਜੀ ਦੇ ਅਨੁਸਾਰ ਮਨੁੱਖ ਦੀਆਂ ਇਛਾਵਾਂ ਹੀ ਵੈਰਾਗ ਵਿੱਚ ਰੋੜਾ ਹਨ ਅਤੇ ਮੋਹ ਦਾ ਕਾਰਨ ਹਨ । ਇੱਛਾਵਾਂ ਪੂਰੀਆਂ ਕਰਨ ਦੀ ਕੋਸ਼ਿਸ਼ ਵਿੱਚ ਰਹਿਣ ਵਾਲਾ ਮਨੁੱਖ ਸਦਾ ਦੁਖੀ ਰਹਿੰਦਾ ਹੈ ।

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥
ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥

ਫਰੀਦ ਜੀ ਦੇ ਅਨੁਸਾਰ ਮਨੁੱਖ ਨੂੰ ਸਬਰ ਅਤੇ ਸੰਤੋਖ ਨਾਲ ਆਪਣਾ ਜੀਵਨ ਬਿਤਾਉਣਾ ਚਾਹੀਦਾ ਹੈ । ਦੂਜਿਆਂ ਦੀ ਖ਼ੁਸ਼ਹਾਲ ਜ਼ਿੰਦਗੀ ਦੇਖ ਦੇ ਤੜਪਨਾ ਨਹੀਂ ਚਾਹੀਦਾ । ਜੋ ਕੁੱਝ ਰੱਬ ਨੇ ਦਿੱਤਾ ਹੈ ਉਸ ਤੇ ਸੰਤੋਖ ਕਰਨਾ ਚਾਹੀਦਾ ਹੈ ।

ਫਰੀਦਾ ਮੈਂ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥
ਗਹਿਲਾ ਰੂਹੁ ਨਾ ਜਾਣਈ ਸਿਰੁ ਭੀ ਮਿਟੀ ਖਾਇ ॥

ਸਾਰਾ ਸ਼ੰਸਾਰ ਹੀ ਦੁੱਖਾਂ ਵਿੱਚ ਲਿਪਤ ਹੈ । ਇਸ ਲਈ ਮਨੁੱਖ ਨੂੰ ਇਸ ਭਰਮ ਵਿੱਚ ਨਹੀਂ ਰਹਿਣਾ ਚਾਹੀਦਾ ਕਿ ਸਿਰਫ਼ ਮੈਂ ਹੀ ਦੁਖੀ ਹਾਂ । ਹਰੇਕ ਪ੍ਰਾਣੀ ਦੂਜੇ ਨੂੰ ਹੀ ਸੁਖੀ ਸਮਝਦਾ ਹੈ ਪਰ ਦੇਖਣ ਤੋਂ ਬਾਅਦ ਉਸ ਦਾ ਭਰਮ ਦੂਰ ਹੋ ਜਾਂਦਾ ਹੈ । ਦੂਜੇ ਦਾ ਦੁੱਖ ਵੇਖ ਕੇ ਆਪਣਾ ਦੁੱਖ ਘੱਟ ਲੱਗਣ ਲੱਗ ਪੈਂਦਾ ਹੈ । ਫਰੀਦ ਜੀ ਮਨੁੱਖ ਨੂੰ ਹੌਸਲਾ ਦੇਣ ਲਈ ਕਹਿੰਦੇ ਹਨ ਕਿ ਸਾਰਾ ਸੰਸਾਰ ਹੀ ਇਸ ਦੁੱਖ ਦੀ ਅੱਗ ਵਿੱਚ ਬਲ ਰਿਹਾ ਹੈ :—

ਫਰੀਦਾ ਮੈਂ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ ਤਾਂ ਘਰਿ-ਘਰਿ ਏਹਾ ਅਗਿ ॥

ਇਸ ਦੁੱਖ ਤੋਂ ਮੁਕਤ ਹੋਣ ਲਈ ਫਰੀਦ ਜੀ ਨੇ ਸੰਸਾਰਿਕਤਾ ਤੋਂ ਦੂਰ ਰਣਿ ਲਈ ਉਪਦੇਸ਼ ਦਿੱਤਾ ਹੈ । ਫਰੀਦ ਜੀ ਆਪ ਗ੍ਰਿਹਸਥੀ ਸਨ । ਉਹਨਾਂ ਨੇ ਖੁਦ ਦਰਵੇਸ਼ ਦਾ ਜੀਵਨ ਬਿਤਾਇਆ । ਉਹ ਜਲ ਵਿੱਚ ਕੰਵਲ ਦੀ ਤਰ੍ਹਾਂ ਨਿਰਲੇਪ ਭਾਵ ਨਾਲ ਅਨਾਸਕਤ ਰਹੇ । ਭੌਤਿਕ ਪਦਾਰਥਾਂ ਤੋਂ ਮੋਹ ਤਿਆਗ ਹੀ ਉਹਨਾਂ ਦਾ ਵੈਰਾਗ ਸਬੰਧੀ ਸੰਦੇਸ਼ ਹੈ । ਸਾਰੇ ਮਹਿਲ-ਮਾੜੀਆਂ ਇਥੇ ਹੀ ਰਹਿ ਜਾਂਦੇ ਹਨ । ਨਾਲ ਕੁੱਝ ਵੀ ਨਹੀਂ ਜਾਂਦਾ :-

ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥
ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥

ਫਰੀਦ ਜੀ ਨੇ ਮੌਤ ਦਾ ਜ਼ਿਕਰ ਕਰਦੇ ਹੋਏ ਦੱਸਿਆ :-

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥

ਫਰੀਦ ਜੀ ਨੇ ਮੌਤ ਦਾ ਜ਼ਿਕਰ ਕਰਦੇ ਹੋਏ ਮਨੁੱਖ ਨੂੰ ਸਾਵਧਾਨ ਕੀਤਾ ਹੈ ਕਿ ਆਪਣੇ ਜੀਵਨ ਦੇ ਮਹੱਤਵ ਨੂੰ ਪਛਾਣੋ । ਜੀਵਨ ਦਾ ਸਮਾਂ ਨਿਸਚਿਤ ਹੈ ਜੋ ਬੀਤਣ ਤੇ ਵਾਪਿਸ ਨਹੀਂ ਆਉਂਦਾ ਹੈ । ਉਹਨਾਂ ਦਾ ਉਦੇਸ਼ ਮਨੁੱਖ ਨੂੰ ਮੌਤ ਤੋਂ ਡਰਾਉਣਾ ਨਹੀਂ ਸਗੋਂ ਸੁਚੇਤ ਕਰਨਾ ਹੈ । ਉਹ ਮਨੁੱਖ ਨੂੰ ਮੋਹ-ਮਾਇਆ ਤੇ ਵਿਸ਼ਾ-ਵਿਕਾਰਾਂ ਤੋਂ ਮੁਕਤ ਰਹਿਣ ਲਈ ਪ੍ਰੇਰਨਾ ਦੇਂਦੇ ਹਨ । ਮਨੁੱਖ ਨੂੰ ਚੰਗੇ ਕੰਮ ਕਰਨ ਲਈ ਉਪਦੇਸ਼ ਦੇਂਦੇ ਹਨ ਅਤੇ ਬੁਰੇ ਕੰਮਾਂ ਤੋਂ ਦੂਰ ਰਹਿਣ ਲਈ ਕਹਿੰਦੇ ਹਨ :-

ਫਰੀਦਾ ਕੋਠੇ ਧੁਕਣੁ ਕੇਤੜਾ ਪਿਰ ਨੀਦੜੀ ਨਿਵਾਰਿ ॥
ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ ॥

ਫਰੀਦ ਜੀ ਦੀ ਵੈਰਾਗ ਭਾਵਨਾ ਉਦਾਰਤਾ ਦੀ ਪੱਖਪਾਤੀ ਹੈ । ਉਹਨਾਂ ਨੇ ਸੰਸਾਰ-ਤਿਆਗ ਦੀ ਥਾਂ ਸੰਸਾਰਿਕਤਾ ਦੇ ਤਿਆਗ ਤੇ ਜ਼ੋਰ ਦਿੱਤਾ ਹੈ । ਉਹਨਾਂ ਨੇ ਜੰਗਲਾਂ ਵਿੱਚ ਜਾ ਕੇ ਜਪ-ਤਪ ਕਰਨ ਨਾਲੋਂ ਆਪਣੇ-ਆਪ ਨੂੰ ਉਸ ਈਸ਼ਵਰ ਦੇ ਪ੍ਰਤੀ ਸਮਰਪਿਤ ਕਰਨਾ ਚੰਗਾ ਸਮਝਿਆ ਹੈ ਜੋ ਆਦਮੀ ਦੇ ਹਿਰਦੇ ਵਿੱਚ ਵਸਦਾ ਹੈ । ਬਾਹਰੀ ਆਡੰਬਰਾਂ ਦੇ ਉਹ ਸਖਤ ਵਿਰੋਧੀ ਸਨ । ਉਹਨਾਂ ਦੇ ਅਨੁਸਾਰ ਸੰਸਾਰ ਵਿੱਚ ਉਦਾਸੀਨ ਭਾਵ ਨਾਲ ਵਿਚਰਨਾ ਹੀ ਸੱਚਾ ਵੈਰਾਗ ਹੈ ।

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥

ਸਾਰੇ ਜੀਵਾਂ ਵਿੱਚ ਉਸੇ ਈਸ਼ਵਰ ਦਾ ਵਾਸ ਹੈ । ਉਹ ਸ੍ਰਿਸ਼ਟੀ ਦੇ ਕਣ-ਕਣ ਵਿੱਚ ਵਿਦਮਾਨ ਹੈ । ਇਸ ਲਈ ਉਸ ਨੂੰ ਲੱਭਣ ਦੀ ਵੀ ਲੋੜ ਨਹੀਂ ਹੈ । ਉਹ ਕਹਿੰਦੇ ਹਨ ਕਿ ਕਿਸੇ ਨਾਲ ਵੀ ਬੁਰਾ ਵਤੀਰਾ ਨਾ ਵਰਤੋ । ਕਿਸੇ ਦਾ ਵੀ ਦਿਲ ਦੁਖੀ ਨਾ ਕਰੋ :-

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੇ ਕੰਤੁ ॥

ਜਦ ਉਹ ਈਸ਼ਵਰ ਹਰ ਜੀਅ ਵਿੱਚ ਹੈ ਤਾਂ ਫੇਰ ਉਸ ਨੂੰ ਪ੍ਰਾਪਤ ਕਰਨ ਲਈ ਹਿਰਦੇ ਨੂੰ ਟਟੋਲਣ ਦੀ ਹੀ ਲੋੜ ਹੈ ਭਟਕਣ ਦੀ ਨਹੀਂ । ਹਉਮੈਂ ਦਾ ਤਿਆਗ, ਨਿਮਰਤਾ, ਸਦਭਾਵ ਆਦਿ ਗੁਣਾਂ ਨਾਲ ਹੀ ਉਸ ਦੀ ਪ੍ਰਾਪਤੀ ਸੰਭਵ ਹੈ ਤਾਂ ਫੇਰ ਸੰਸਾਰ ਦੇ ਤਿਆਗ ਦੀ ਨਹੀਂ ਸੰਸਾਰਿਕਤਾ ਦੇ ਤਿਆਗ ਦੀ ਲੋੜ ਹੈ । ਅਸਲ ਵਿੱਚ ਇਹੋ ਵੈਰਾਗ ਹੈ । ਸਭ ਕੁਝ ਹੁੰਦਿਆਂ ਵੀ ਕਿਸੇ ਚੀਜ਼ ਦੀ ਇਛਾ ਨਾ ਕਰਨਾ । ਪੰਜਾਂ ਵਿਕਾਰਾਂ ਤੋਂ ਦੂਰ ਰਹਿਣਾ ਅਤੇ ਆਤਮ-ਸੰਜਮ ਰੱਖਣਾ ਹੀ ਅਸਲ ਵਿੱਚ ਵੈਰਾਗ ਹੈ ।

ਸ਼ੇਖ ਫਰੀਦ ਨੇ ਆਪਣੀ ਬਾਣੀ ਵਿੱਚ ਵੈਰਾਗ ਲਈ ਕਿਧਰੇ ਵੀ ਸੰਸਾਰ ਦੇ ਤਿਆਗ ਦੀ ਗੱਲ ਨਹੀਂ ਕੀਤੀ । ਉਹਨਾਂ ਨੇ ਹਮੇਸ਼ਾ ਸੰਸਾਰਿਕਤਾ ਦੇ ਤਿਆਗ ਦਾ ਹੀ ਉਪਦੇਸ਼ ਦਿੱਤਾ ਹੈ । ਸ਼ੇਖ ਫਰੀਦ ਦੀ ਵੈਰਾਗ ਭਾਵਨਾ ਜਲ ਵਿੱਚ ਕੰਵਲ ਦੀ ਤਰ੍ਹਾਂ ਸੰਸਾਰ ਵਿੱਚ ਰਹਿ ਕੇ ਵੀ ਵਿਰਕਤ ਰਹਿਣ, ਭੋਗਾਂ ਤੋਂ ਦੂਰ ਰਹਿਣ ਅਤੇ ਸਬਰ, ਸੰਤੋਖ ਪੂਰਨ ਜੀਵਨ ਬਿਤਾਉਣ ਦੇ ਨਾਲ-ਨਾਲ ਆਪਣੇ ਪ੍ਰੀਤਮ ਨੂੰ ਮਿਲਣ ਦਾ ਯਤਨ ਕਰਦੇ ਹੋਈ ਜੀਉਣ ਦਾ ਹੀ ਸੰਦੇਸ਼ ਦੇਂਦੀ ਹੈ । ਉਹਨਾਂ ਦੀ ਸੰਪੂਰਨ ਬਾਣੀ ਇਸੇ ਸਦਭਾਵਨਾ ਪੂਰਨ ਵੈਰਾਗ ਭਾਵਨਾ ਨਾਲ ਭਰਭੂਰ ਹੈ ।

□

ਫ਼ਰੀਦ ਬਾਣੀ ਵਿਚ ਮਨੁੱਖੀ ਕਦਰਾਂ-ਕੀਮਤਾਂ

ਪੰਜਾਬ ਦੀ ਧਰਤੀ ਨੂੰ ਇਸ ਗੱਲ ਦਾ ਮਾਨ ਹੈ ਕਿ ਇਥੇ ਸਮੇਂ-ਸਮੇਂ ਤੇ ਅਨੇਕਾਂ, ਸੰਤਾਂ, ਪੀਰਾਂ, ਫ਼ਕੀਰਾਂ ਅਤੇ ਗੁਰੂਆਂ ਨੇ ਜਨਮ ਲਿਆ। ਇਹਨਾਂ ਨੇ ਏਥੋਂ ਦੇ ਭਟਕੇ ਹੋਏ ਮਨੁੱਖ ਨੂੰ ਸਹੀ ਜੀਵਨ ਜਾਂਚ ਸਿਖਾਈ। ਉਹਨਾਂ ਨੇ ਇਸ ਭੌਤਿਕ ਸੰਸਾਰ ਨੂੰ ਤਿਆਗ ਕੇ ਸੱਚ ਦੇ ਰਾਹ ਤੇ ਚੱਲਣ ਦਾ ਉਪਦੇਸ਼ ਦਿੱਤਾ। ਇਹਨਾਂ ਮਹਾਂ ਪੁਰਖਾਂ ਨੇ ਜੀਵਨ ਦਾ ਸੱਚ ਲੱਭਣ ਲਈ ਆਪਣਾ ਸਾਰਾ ਜੀਵਨ ਉਸੇ ਲੇਖੇ ਲਾ ਦਿੱਤਾ। ਉਹਨਾਂ ਨੇ ਲੋਕਾਂ ਦੇ ਦੁੱਖ-ਦਰਦ ਨੂੰ ਮਹਿਸੂਸ ਕੀਤਾ। ਉਹਨਾਂ ਨੇ ਆਪਣੇ ਯਤਨਾਂ ਰਾਹੀਂ ਦੂਰ ਕਰਨ ਦਾ ਉਪਰਾਲਾ ਵੀ ਕੀਤਾ। ਇਹਨਾਂ ਮਹਾਨ ਲੋਕਾਂ ਨੇ ਬਿਨਾਂ ਕਿਸੇ ਸੁਵਾਰਥ ਭਾਵ ਤੋਂ ਲੋਕਾਂ ਦੀ ਭਲਾਈ ਦੇ ਕੰਮ ਕੀਤੇ ਉਹਨਾਂ ਨੇ ਮਾਨਵਤਾ ਦੀ ਰੱਖਿਆ ਅਤੇ ਸ਼ਾਂਤੀ ਲਈ ਸਾਰੇ ਸੰਸਾਰ ਭਰ ਵਿਚ ਮਾਨਵਤਾ ਦਾ ਪ੍ਰਚਾਰ ਕੀਤਾ। ਉਹਨਾਂ ਨੇ ਸਾਰੇ ਸੰਸਾਰ ਨੂੰ ਇੱਕ ਪਰਿਵਾਰ ਮੰਨ ਕੇ ਹਰ ਮਨੁੱਖ ਨੂੰ ਉਸ ਦਾ ਅੰਗ ਮੰਨਿਆ ਹੈ। ਇਹਨਾਂ ਮਹਾਨ ਪੁਰਖਾਂ ਨੇ ਲੋਕਾਂ ਦੇ ਦਿਲਾਂ ਨੂੰ ਜਿੱਤ ਕੇ ਮਹਾਨਤਾ ਪ੍ਰਾਪਤ ਕੀਤੀ। ਸ਼ੇਖ ਫ਼ਰੀਦ ਵੀ ਇਹਨਾਂ ਮਹਾਂ ਪੁਰਸ਼ਾਂ ਵਿਚੋਂ ਹੀ ਇੱਕ ਸਨ। ਇਹਨਾਂ ਦਾ ਪੂਰਾ ਨਾਂ ਹਜ਼ਰਤ ਬਾਬਾ ਸ਼ੇਖ ਫ਼ਰੀਦ ਫਰੀਦੂ ਦੀਨ ਮਾਸੂਦ ਗੰਜ਼ੇ ਸ਼ੰਕਰ ਸੀ। ਬਾਬਾ ਫ਼ਰੀਦ ਦੀ ਸ਼ਖ਼ਸ਼ੀਅਤ ਬਹੁਮੁੱਖੀ ਪ੍ਰਤਿਭਾ ਦੀ ਦੇਣ ਸੀ।

ਬਾਬਾ ਫ਼ਰੀਦ ਪੰਜਾਬ ਦੇ ਪਹਿਲੇ ਕਵੀ ਮੰਨੇ ਜਾਂਦੇ ਹਨ। ਉਹਨਾਂ ਨੇ ਆਪਣੇ ਵਿਚਾਰ ਲੋਕਾਂ ਦੀ ਮਾਤ ਭਾਸ਼ਾ ਵਿਚ ਪ੍ਰਗਟ ਕੀਤੇ। ਉਹਨਾਂ ਨੇ ਸਥਾਨਕ ਭਾਸ਼ਾ ਨੂੰ ਆਪਣੇ ਵਿਚਾਰਾਂ ਦਾ ਮਾਧਿਅਮ ਬਣਾਇਆ ਇਸ ਲਈ ਉਹਨਾਂ ਨੇ ਲੋਕਾਂ ਨੂੰ ਪ੍ਰੇਰਤ ਕਰਨ ਲਈ ਉਸ ਵੇਲੇ ਦੀ ਪ੍ਰਚਲਿਤ ਲੋਕ ਭਾਸ਼ਾ ਲਹਿੰਦੀ ਵਿਚ ਆਪਣੀ ਬਾਣੀ ਰਚੀ। ਆਪ ਜੀ ਪੰਜਾਬੀ ਸਾਹਿੱਤ ਪ੍ਰੰਪਰਾ ਦੇ ਮੋਢੀ ਹਨ। ਉਹ ਪਹਿਲੇ ਸੂਫ਼ੀ ਸੰਤ ਸਨ ਜਿਹਨਾਂ ਨੇ ਪੰਜਾਬੀ ਵਿਚ ਸਾਹਿੱਤ ਰਚਨ ਦੀ ਪਹਿਲ ਕੀਤੀ। ਉਹਨਾਂ ਦੇ ੧੧੨ ਸ਼ਲੋਕ ਅਤੇ ੪ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਉਹਨਾਂ ਦੀਆਂ ਸਿਖਿਆਵਾਂ ਕਿਸੇ ਖਾਸ ਵਰਗ ਜਾਂ ਜਾਤ ਲਈ ਨਹੀਂ ਸਨ ਬਲਕਿ ਸਮੁੱਚੀ ਮਨੁੱਖਤਾ ਲਈ ਸਨ। ਉਹਨਾਂ ਨੇ ਆਪਣੇ ਚੰਗਿਆਈ ਤੇ ਸਚਿਆਈ ਭਰੇ ਅਨੁਭਵ ਲੋਕਾਂ ਤੱਕ ਪਹੁੰਚਾਉਣ ਲਈ ਬਾਣੀ ਦੀ ਰਚਨਾ ਕੀਤੀ। ਉਹਨਾਂ ਨੇ ਦੂਰ-

ਦੂਰ ਤੱਕ ਇਸ ਦਾ ਪ੍ਰਚਾਰ ਕੀਤਾ ਤੇ ਲੋਕਾਂ ਦੇ ਦਿਲਾਂ ਵਿਚ ਆਪਣੀ ਥਾਂ ਬਣਾਈ। ਉਹ ਹਮੇਸ਼ਾਂ ਸ੍ਰਿਸ਼ਟੀ ਦੇ ਸੱਚ ਨੂੰ ਅਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣਾ ਚਾਹੁੰਦੇ ਸਨ। ਉਹਨਾਂ ਨੇ ਮਨੁੱਖ ਨੂੰ ਇਹ ਦੱਸਣ ਲਈ ਕਿ ਸੰਸਾਰ ਨਾਸ਼ਵਾਨ ਹੈ ਇਸ ਵਿਚ ਲਿਪਤ ਨਹੀਂ ਹੋਣਾ ਚਾਹੀਦਾ ਕਈ ਉਦਾਹਰਨਾਂ ਦੇ ਕੇ ਸਮਝਾਇਆ। ਮਰਨ ਤੋਂ ਬਾਅਦ ਕੁਝ ਵੀ ਸਾਥ ਨਹੀਂ ਜਾਂਦਾ, ਸਾਰੇ ਖਜ਼ਾਨੇ ਅਤੇ ਮਹਿਲ ਮਾੜੀਆਂ ਏਥੇ ਹੀ ਰਹਿ ਜਾਂਦੀਆਂ ਹਨ।

ਫ਼ਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥
ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥ ੪੭ ॥

ਆਦਮੀ ਨੂੰ ਸੁਚੇਤ ਕਰਨ ਲਈ ਉਹਨਾਂ ਨੇ ਮੌਤ ਦਾ ਅਤੇ ਬੁਢਾਪੇ ਦਾ ਰੇਖਾ ਚਿਤਰ ਵੀ ਖਿੱਚਿਆ ਹੈ ਤਾਂ ਜੋ ਆਦਮੀ ਪ੍ਰੇਮ ਅਤੇ ਭਾਈਚਾਰੇ ਦਾ ਮਹੱਤਵ ਸਮਝ ਸਕੇ। ਫ਼ਰੀਦ ਜੀ ਨੇ ਆਪਣੀ ਬਾਣੀ ਵਿਚ ਆਦਰਸ਼ ਮਨੁੱਖ ਦਾ ਸਰੂਪ ਨਿਰਧਾਰਤ ਕੀਤਾ ਹੈ। ਉਹਨਾਂ ਨੇ ਸਦਾਚਾਰ ਰਾਹੀਂ ਅਧਿਆਤਮਕ ਫ਼ਤਹਿ ਹਾਸਿਲ ਕਰਨ ਦੀ ਜਾਂਚ ਵੀ ਸਿਖਾਈ ਹੈ। ਉਹਨਾਂ ਦੀ ਬਾਣੀ ਕਾਲ ਅਤੇ ਕਾਲ ਦੀਆਂ ਸੀਮਾਵਾਂ ਤੋਂ ਪਰੇ ਹੈ। ਉਹਨਾਂ ਨੇ ਸੱਚੀ ਮਨੁੱਖਤਾ ਦੀ ਖੋਜ ਲਈ ਆਪਣਾ ਸਾਰਾ ਜੀਵਨ ਸਮਰਪਿਤ ਕਰ ਦਿੱਤਾ। ਪਰ-ਉਪਕਾਰ ਦੀ ਭਾਵਨਾ ਮਨੁੱਖੀ ਜੀਵਨ ਦਾ ਵੱਡ-ਮੁੱਲਾ ਗਹਿਣਾ ਹੈ ਜਿਸ ਨਾਲ ਮਨੁੱਖ ਸਦੀਵੀ ਸ਼ਾਂਤੀ ਪ੍ਰਾਪਤ ਕਰ ਸਕਦਾ ਹੈ। ਇਸ ਲਈ ਉਹਨਾਂ ਨੇ ਆਪਣਾ ਸਾਰਾ ਜੀਵਨ ਮਜ਼ਲੂਮਾਂ ਅਤੇ ਲੋੜਵੰਦਾਂ ਲਈ ਸਮਰਪਿਤ ਕਰ ਦਿੱਤਾ।

ਰੁਖੀ ਸੁਖੀ ਖਾਇ ਕੇ ਠੰਢਾ ਪਾਣੀ ਪੀਉ ॥
ਫ਼ਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥ ੨੮ ॥

ਫ਼ਰੀਦ ਜੀ ਉਨਾਂ ਲੋਕਾਂ ਦੀ ਨਿਖੇਧੀ ਵੀ ਕਰਦੇ ਹਨ ਜਿਹੜੇ ਆਪਣੀ ਲਿਆਕਤ ਦਾ ਘੁਮੰਡ ਕਰਦੇ ਹਨ। ਫ਼ਰੀਦ ਜੀ ਆਖਦੇ ਹਨ ਕਿ ਜੋ ਕੋਈ ਵਿਦਵਾਨ ਹੈ ਤਾਂ ਉਸ ਨੂੰ ਇਸ ਦਾ ਦੁਰ-ਉਪਯੋਗ ਦੂਜਿਆਂ ਲਈ ਨਹੀਂ ਕਰਨਾ ਚਾਹੀਦਾ। ਆਪਣੇ ਔਗੁਣਾਂ ਵੱਲ ਝਾਤ ਮਾਰਨੀ ਚਾਹੀਦੀ ਹੈ। ਆਪਣੇ ਔਗੁਣਾਂ ਨੂੰ ਦੂਰ ਕਰਨ ਕਰਕੇ ਹੀ ਤੁਸੀਂ ਆਦਰਸ਼ ਮਾਨਵ ਬਣ ਸਕਦੇ ਹੋ।

ਫ਼ਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨਾ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾ ਕਰ ਦੇਖੁ ॥ ੬ ॥

ਬਾਬਾ ਫ਼ਰੀਦ ਜੀ ਨੇ ਸਮਾਜਿਕ ਬਰਾਬਰੀ ਲਈ ਆਪਣੀ ਬਾਣੀ ਵਿਚ ਥਾਂ-ਥਾਂ ਤੇ ਮਨੁੱਖ ਨੂੰ ਸੁਚੇਤ ਕੀਤਾ ਹੈ। ਉਹ ਆਖਦੇ ਹਨ ਕਿ ਇਸ ਸੰਸਾਰ ਵਿਚ ਕੋਈ ਵੀ ਚੀਜ਼ ਛੋਟੀ ਜਾਂ ਤੁਛ ਨਹੀਂ ਹੈ। ਸਮਾਜ ਦਾ ਹਰ ਵਰਗ ਅਤੇ ਮਨੁੱਖ ਸਮੇਂ ਅਤੇ ਸਥਾਨ ਅਨੁਸਾਰ ਆਪਣਾ ਮਹੱਤਵ ਰੱਖਦਾ ਹੈ। ਇਸ ਲਈ ਇਹਨਾਂ ਦਾ ਵੀ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਸਮਾਜ ਵਿਚ ਸੁਖ-ਸ਼ਾਂਤੀ ਅਤੇ ਸਮਤਾ ਦਾ ਮਾਹੌਲ ਪੈਦਾ ਹੋ ਸਕੇਗਾ। ਉਹ ਆਖਦੇ ਹਨ ਕਿ ਮਿੱਟੀ ਦੀ ਨਿੰਦਿਆ ਵੀ ਨਹੀਂ ਕਰਨੀ ਚਾਹੀਦੀ ਕਿਉਂਕਿ ਜੇ ਅੱਜ ਇਹ ਤੁਹਾਡੇ ਪੈਰਾਂ ਹੇਠ ਹੈ ਤਾਂ ਮਰਨ ਤੋਂ ਬਾਅਦ ਇਹ ਤੁਹਾਡੇ ਉਪਰ ਹੋਵੇਗੀ।

ਫ਼ਰੀਦਾ ਖਾਕੁ ਨਾ ਨਿੰਦੀਐ ਖਾਕੂ ਜੇਡੁ ਨਾ ਕੋਇ ॥
ਜੀਵਦਿਆ ਪੈਰਾ ਤਲੇ ਮੁਇਆ ਉਪਰ ਹੋਇ ॥ ੧੭ ॥

ਬਾਬਾ ਫ਼ਰੀਦ ਜੀ ਨੇ ਆਪਣੇ ਸੰਦੇਸ਼ ਆਮ ਲੋਕਾਂ ਤੱਕ ਪਹੁੰਚਾਉਣ ਲਈ ਇਕ ਅਜਿਹੀ ਭਾਸ਼ਾ ਦਾ ਪ੍ਰਯੋਗ ਕੀਤਾ ਜਿਹੜੀ ਹਰ ਆਦਮੀ ਸਮਝ ਸਕਦਾ ਸੀ। ਉਹਨਾਂ ਨੇ ਅਧਿਆਤਮਕ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਆਪ ਇੱਕ ਦਰਵੇਸ਼ ਦਾ ਜੀਵਨ ਬਿਤਾਇਆ ਅਤੇ ਸੱਚ ਦਾ ਰਾਹ ਅਪਣਾਇਆ। ਉਹਨਾਂ ਨੇ ਉਸ ਵੇਲੇ ਦੇ ਸਰਮਾਏਦਾਰ ਵਰਗ ਨੂੰ ਚਿਤਾਵਨੀ ਦਿੰਦਿਆਂ ਅਤੇ ਲਤਾੜੇ ਵਰਗ ਨੂੰ ਸਬਰ ਅਤੇ ਸੰਤੋਖ ਦਾ ਪਾਠ ਪੜ੍ਹਾਉਂਦਿਆਂ ਕਿਹਾ।

ਫ਼ਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥
ਜਿਨਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ ॥ ੨੮ ॥

ਬਾਬਾ ਫ਼ਰੀਦ ਜੀ ਹਮੇਸ਼ਾ ਆਪਸੀ ਭਾਈਚਾਰੇ ਦਾ ਸੁਨੇਹਾ ਦਿੰਦੇ ਹਨ। ਉਹਨਾਂ ਨੇ ਕਿਹਾ ਕਿ ਪਿਆਰ ਅਤੇ ਹਮਦਰਦੀ ਹੀ ਸੰਸਾਰ ਵਿਚ ਸੱਚ ਅਤੇ ਅਹਿੰਸਾ ਲਿਆਉਣ ਵਿਚ ਸਮਰਥ ਹੈ। ਉਹਨਾਂ ਨੇ ਏਥੋ ਤੱਕ ਕਿਹਾ ਹੈ ਕਿ ਜੇਕਰ ਕੋਈ ਤੁਹਾਡੇ ਤੇ ਵਾਰ ਵੀ ਕਰਦਾ ਹੈ ਤਾਂ ਉਸਦਾ ਮੋੜਵਾਂ ਜਵਾਬ ਨਹੀਂ ਦੇਣਾ ਚਾਹੀਦਾ, ਉਸ ਨੂੰ ਖਿਮਾ ਕਰ ਦੇਣਾ ਚਾਹੀਦਾ ਹੈ।

ਫ਼ਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨਾ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ॥ ੭ ॥

ਬਾਬਾ ਫ਼ਰੀਦ ਜੀ ਨੇ ਅਨੁਭਵ ਕੀਤਾ ਕਿ ਪਿਆਰ ਮਨੁੱਖਤਾ ਦੀ ਸਭ ਤੋਂ ਵੱਡੀ ਸ਼ਕਤੀ ਹੈ। ਇਕ ਸੂਫ਼ੀ ਸਾਧਕ ਹੋਣ ਦੇ ਨਾਤੇ ਉਹਨਾਂ ਨੇ ਆਪਣੀ ਮੰਜ਼ਿਲ ਪ੍ਰਾਪਤ ਕਰਨ ਲਈ ਸੱਚੇ ਪਿਆਰ ਨੂੰ ਮਹੱਤਤਾ ਦਿੱਤੀ। ਉਹਨਾਂ ਦੇ ਅਨੁਸਾਰ ਉਸ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਲਈ ਪਿਆਰ ਹੀ ਇਕ ਸੱਚਾ ਤੇ ਸੁੱਚਾ ਮਾਧਿਅਮ ਹੋ ਸਕਦਾ ਹੈ। ਉਹਨਾਂ ਨੇ ਕਿਹਾ ਕਿ ਪਿਆਰ ਦੇ ਰਸਤੇ ਵਿਚ ਆਉਣ ਵਾਲੀਆਂ ਮੁਸੀਬਤਾਂ ਤੋਂ ਘਬਰਾਉਣਾ ਨਹੀਂ ਚਾਹੀਦਾ। ਆਪਣੀ ਮੰਜ਼ਿਲ ਨੂੰ ਪਾਉਣ ਲਈ ਸਗੋਂ ਇਹਨਾਂ ਮੁਸੀਬਤਾਂ ਦਾ ਟਾਕਰਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।

ਫ਼ਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਰਹਾ ਤ ਤੁਟੈ ਨੇਹੁ ॥ ੨੪ ॥

ਉਹਨਾਂ ਦਾ ਨਿਰਨਾ ਸੀ।

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥ ੨੫ ॥

ਫ਼ਰੀਦ ਜੀ ਦੀ ਬਾਣੀ ਦਾ ਇਕ ਹੋਰ ਮਹੱਤਵਪੂਰਨ ਪਹਿਲੂ ਇਹ ਸੀ ਕਿ ਸਵੈ-ਮਾਨ ਬਰਕਰਾਰ ਰੱਖੋ। ਕਿਸੇ ਕੋਲੋਂ ਵੀ ਭਾਵੇਂ ਕੋਈ ਰਾਜਾ ਹੀ ਕਿਉਂ ਨਾ ਹੋਵੇ ਮੰਗਣ ਦੇ ਖਿਲਾਫ਼ ਸਨ। ਉਹਨਾਂ ਨੇ ਮੰਗਣ ਨਾਲੋਂ ਮੌਤ ਨੂੰ ਚੰਗਾ ਸਮਝਿਆ ਹੈ। ਕੇਵਲ ਆਤਮ ਸਨਮਾਨ ਵਾਲੇ ਆਦਮੀ ਨੂੰ ਹੀ ਜੀਉਣ ਦਾ ਅਧਿਕਾਰ ਹੈ ਸਵੈ-ਸਨਮਾਨ ਤੋਂ ਰਹਿਤ ਜੀਵਨ ਨਾਲੋਂ ਉਹ ਮੌਤ ਨੂੰ ਚੰਗਾ ਸਮਝਦੇ ਹਨ ਤੇ ਆਖਦੇ ਹਨ :-

ਫ਼ਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥ ੪੨ ॥

ਬਾਬਾ ਫ਼ਰੀਦ ਸੁਭਾਅ ਦੇ ਉਦਾਰ ਅਤੇ ਹਮਦਰਦੀ ਰੱਖਣ ਵਾਲੇ ਸਨ। ਉਹਨਾਂ ਨੇ ਉਹਨਾਂ ਲੋਕਾਂ ਦੀ ਖੁਲ ਕੇ ਹਮਾਇਤ ਕੀਤੀ ਜਿਹੜੇ ਅਮੀਰਾਂ ਵਲੋਂ ਅਤੇ ਸ਼ਕਤੀਸ਼ਾਲੀ ਲੋਕਾਂ ਦੇ ਹੱਥੋਂ ਦੁੱਖੀ ਸਨ। ਉਹਨਾਂ ਨੇ ਉੱਚ ਵਰਗ ਦੇ ਲੋਕਾਂ ਨੂੰ ਵੀ ਤਾੜਨਾ ਕੀਤੀ ਕਿ ਉਹ ਉਹਨਾਂ ਨਾਲ ਬੇ-ਇਨਸਾਫੀ ਨਾ ਕਰਨ ਅਤੇ ਉਹਨਾਂ ਨੂੰ ਸਮਾਜ ਦਾ ਅੰਗ ਸਮਝ ਕੇ ਉਹਨਾਂ ਦਾ ਬਣਦਾ ਹੱਕ ਦੇਣ। ਉਹਨਾਂ ਨੂੰ ਹਰ ਇੱਕ ਜੀਵ ਵਿਚ ਉਸ ਰੱਬੀ ਜੋਤੀ ਹੋਣ ਦਾ ਅਹਿਸਾਸ ਵੀ ਕਰਵਾਇਆ। ਉਹਨਾਂ ਨੇ ਏਥੋਂ ਤੱਕ ਕਿਹਾ ਕਿ ਜੋ ਮਨੁੱਖ ਗਰੀਬਾਂ ਨਾਲ ਨਿਆਂ ਨਹੀਂ ਕਰਦੇ ਤਾਂ ਉਹ ਪ੍ਰਮਾਤਮਾ ਪ੍ਰਤੀ ਵੀ ਸੱਚੇ ਨਹੀਂ ਸਨ। ਫ਼ਰੀਦ ਜੀ ਨੇ

ਕਿਹਾ ਕਿ ਹਰ ਮਨੁੱਖ ਵਿਚ ਪ੍ਰਮਾਤਮਾ ਦਾ ਵਾਸਾ ਹੈ ਇਸ ਲਈ ਸਾਰੇ ਮਨੁੱਖ ਬਰਾਬਰ ਹਨ।

ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥ ੧੨੯ ॥

ਉਹਨਾਂ ਨੇ ਏਥੋ ਤੱਕ ਵੀ ਕਿਹਾ ਹੈ :-

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ ॥ ੧੩੦ ॥

ਬਾਬਾ ਫ਼ਰੀਦ ਜੀ ਨੇ ਸਾਨੂੰ ਆਪਣੀ ਬਾਣੀ ਰਾਹੀਂ ਆਦਰਸ਼ ਮਨੁੱਖ ਬਨਣ ਲਈ ਇਕ ਅਜਿਹੀ ਸੇਧ ਦਿੱਤੀ ਹੈ ਜੋ ਬਹੁਤ ਹੀ ਆਸਾਨੀ ਨਾਲ ਸਾਨੂੰ ਮੰਜ਼ਿਲ ਵੱਲ ਲਿਜਾ ਸਕਦੀ ਹੈ। ਜਿਸ ਨਾਲ ਆਪਸੀ ਮਤ-ਭੇਦ ਅਤੇ ਵੈਰ-ਵਿਰੋਧ ਬੜੀ ਆਸਾਨੀ ਨਾਲ ਦੂਰ ਹੋ ਸਕਦੇ ਹਨ। ਨਿਮਰਤਾ ਮਨੁੱਖਤਾ ਦਾ ਸਭ ਤੋਂ ਮਹੱਤਵਪੂਰਨ ਗੁਣ ਹੈ। ਫ਼ਰੀਦ ਜੀ ਦੇ ਅਨੁਸਾਰ ਜੇ ਆਦਮੀ ਘਾਹ ਵਾਂਗ ਨਿਮਰ ਅਤੇ ਲਿਫਨ ਵਾਲਾ ਹੋਵੇ ਤਾਂ ਕੋਈ ਉਸ ਦਾ ਕੁੱਝ ਨਹੀਂ ਵਿਗਾੜ ਸਕਦਾ। ਇਸ ਨਾਲ ਉਸ ਅੰਦਰ ਸਬਰ ਅਤੇ ਸੰਤੋਖ ਦੀ ਭਾਵਨਾ ਆਪਣੇ ਆਪ ਪੈਦਾ ਹੋ ਜਾਵੇਗੀ। ਮਨੁੱਖੀ ਜੀਵਨ ਇੱਕ ਦਰੱਖਤ ਦੀ ਤਰ੍ਹਾਂ ਹੋਣਾ ਚਾਹੀਦਾ ਹੈ ਜਿਹੜਾ ਧੁੱਪ, ਵਰਖਾ ਅਤੇ ਕੁਹਾੜੇ ਦੀ ਮਾਰ ਵੀ ਸਹਿ ਲੈਂਦਾ ਹੈ। ਉਹ ਆਖਦੇ ਹਨ:-

ਫ਼ਰੀਦਾ ਥੀਉ ਪਵਾਹੀ ਦਭੁ ॥ ਜੇ ਸਾਂਈ ਲੋੜਹਿ ਸਭੁ ॥
ਇਕ ਛਿਜਹਿ ਬਿਆ ਲਤਾੜੀਅਹਿ ॥ ਤਾਂ ਸਾਂਈ ਦੈ ਦਰ ਵਾੜੀਅਹਿ ॥ ੧੬ ॥

ਅੱਗੇ ਉਹ ਆਖਦੇ ਹਨ :-

ਫ਼ਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥
ਦਰਵੇਸਾਂ ਨੋ ਲੋੜੀਐ ਰੁੱਖਾਂ ਦੀ ਜੀਰਾਂਦਿ ॥ ੬੦ ॥

ਬਾਬਾ ਫ਼ਰੀਦ ਨੇ ਸਮਾਜ ਨੂੰ ਪਿਆਰ, ਸ਼ਾਂਤੀ, ਏਕਤਾ, ਹਮਦਰਦੀ, ਆਜ਼ਾਦੀ ਅਤੇ ਬਰਾਬਰੀ ਦਾ ਸੰਦੇਸ਼ ਦਿੱਤਾ। ਉਹਨਾਂ ਨੇ ਸੰਪਰਦਾਇਕ ਸਦਭਾਵਨਾ ਅਤੇ ਵਿਸ਼ਵ ਭਾਈਚਾਰੇ ਨੂੰ ਵਿਸ਼ਵ ਸ਼ਾਂਤੀ ਲਈ ਜ਼ਰੂਰੀ ਦੱਸਿਆ। ਉਹਨਾਂ ਨੇ ਉੱਚ ਅਤੇ ਨੀਚ ਵਿਚਾਲੇ ਨਫ਼ਰਤ ਦੀਆਂ ਦਿਵਾਰਾਂ ਨੂੰ ਗਿਰਾਉਣ ਦੀ ਭਰਪੂਰ ਕੋਸ਼ਿਸ਼ ਕੀਤੀ। ਉਹ ਮਨੁੱਖਤਾ ਦੇ ਪ੍ਰਤੀਕ ਸਨ ਅਤੇ ਉਹਨਾਂ ਨੇ ਜਾਤ ਪਾਤ, ਧਰਮ, ਰੰਗ ਭੇਦ ਦੇ ਆਧਾਰ ਤੇ ਮਨੁੱਖਤਾ ਨੂੰ ਵੰਡਣ ਤੋਂ ਗੁਰੇਜ਼ ਕਰਨ ਲਈ ਕਿਹਾ ਹੈ। ਬਾਬਾ ਫ਼ਰੀਦ ਨੇ ਭਟਕੇ ਹੋਏ

ਮਨੁੱਖ ਨੂੰ ਸਦਾਚਾਰ ਦਾ ਰਾਹ ਦਰਸਾਇਆ।

ਬਾਬਾ ਫ਼ਰੀਦ ਮਹਾਮਾਨਵ ਸਨ। ਉਹਨਾਂ ਨੇ ਹਮੇਸ਼ਾਂ ਮਾਨਵਤਾ ਦੀ ਭਲਾਈ ਲਈ ਕੰਮ ਕੀਤੇ, ਉਹਨਾਂ ਨੇ ਸਾਰਾ ਜੀਵਨ ਅਧਿਆਤਮਕ ਨੈਤਿਕ ਅਤੇ ਸਮਾਜਿਕ ਮਨੁੱਖੀ ਕਦਰਾਂ-ਕੀਮਤਾਂ ਦੀ ਸਥਾਪਨਾ ਦੇ ਲੇਖੇ ਲਾਇਆ। ਉਹਨਾਂ ਨੇ ਸੱਚ ਦਾ ਮਾਰਗ ਦਿਖਾ ਕੇ ਮਨੁੱਖ ਨੂੰ ਆਪਣੀ ਮੰਜ਼ਿਲ ਵੱਲ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ। ਉਹਨਾਂ ਨੇ ਆਪਣੇ ਅਨੁਭਵਾਂ ਨੂੰ ਆਪਣੀ ਬਾਣੀ ਰਾਹੀਂ ਆਮ ਆਦਮੀ ਤੱਕ ਪਹੁੰਚਾਇਆ। ਉਹਨਾਂ ਦੀਆਂ ਸਿਖਿਆਵਾਂ ਅੱਜ ਲੜਾਈ ਝਗੜੇ ਅਤੇ ਤਨਾਅ ਦੇ ਮਾਹੌਲ ਵਿਚ ਬਹੁਤ ਮਹੱਤਵ-ਪੂਰਨ ਹਨ। ਬਾਬਾ ਫ਼ਰੀਦ ਨੇ ਇਕ ਵਰਗਹੀਣ ਸਮਾਜ ਦਾ ਸੁਪਨਾ ਲਿਆ ਸੀ ਜਿਸ ਵਿਚ ਕੋਈ ਮਤ-ਭੇਦ ਨਾ ਹੋਵੇ। ਉਹਨਾਂ ਨੇ ਆਪਣੀਆਂ ਸਿਖਿਆਵਾਂ ਰਾਹੀਂ ਆਪਣੇ ਸੰਦੇਸ਼ ਨੂੰ ਆਮ ਆਦਮੀ ਤੱਕ ਪਹੁੰਚਾਉਣ ਵਿਚ ਕੋਈ ਕਸਰ ਨਹੀਂ ਛੱਡੀ। ਅਸਲ ਵਿਚ ਉਹਨਾਂ ਦੀਆਂ ਇਹ ਸਿਖਿਆਵਾਂ ਅੱਜ ਦੇ ਭਟਕੇ ਹੋਏ ਮਨੁੱਖ ਲਈ ਚਾਨਣ ਮੁਨਾਰੇ ਵਾਂਗ ਉਸ ਨੂੰ ਦਿਸ਼ਾਂ ਪ੍ਰਦਾਨ ਕਰਦੀਆਂ ਹਨ। ਉਹਨਾਂ ਦੀ ਬਾਣੀ ਉਹਨਾਂ ਦੇ ਅਧਿਆਤਮਕ ਅਤੇ ਦਾਰਸ਼ਨਿਕ ਤੱਤ ਨੂੰ ਉਜਾਗਰ ਕਰਨ ਵਿਚ ਅੱਜ ਵੀ ਉਨੀ ਹੀ ਸਮਰੱਥ ਹੈ ਜਿੰਨੀ ਉਹਨਾਂ ਦੇ ਆਪਣੇ ਯੁੱਗ ਵਿਚ ਸੀ।

* * * * * *

'ਫ਼ਰੀਦ-ਬਾਣੀ' - ਮਨੁੱਖਤਾ ਦਾ ਸੰਦਰਭ

ਸੂਫ਼ੀ ਪਰੰਪਰਾ ਦੀ ਚਿਸ਼ਤੀ ਸੰਪ੍ਰਦਾਇ ਦੇ ਪ੍ਰਸਿੱਧ ਪ੍ਰਚਾਰਕ ਫ਼ਰੀਦੂਦੀਨ ਮਾਸੂਦ ਗੰਜ-ਏ-ਸ਼ਕਰ ਦਾ ਜਨਮ ਉਸ ਸਮੇਂ ਹੋਇਆ ਜਦੋਂ ਭਾਰਤ ਰਾਜਨੀਤਕ ਤੌਰ ਤੇ ਸੰਘਰਸ਼ ਦੇ ਦੌਰ ਵਿਚੋਂ ਲੰਘ ਰਿਹਾ ਸੀ। ਹਮਲਾਵਰਾਂ ਨੇ ਭਾਰਤ ਦੀ ਸੰਸਕ੍ਰਿਤੀ ਨੂੰ ਨਸ਼ਟ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਉਸ ਸਮੇਂ ਦੇ ਜ਼ਾਲਮ ਅਤੇ ਅਤਿਆਚਾਰੀ ਰਾਜਿਆਂ ਦੇ ਅਨਿਆਂ ਤੋਂ ਜਨਤਾ ਤੋਬਾ ਕਰ ਰਹੀ ਸੀ। ਅਜਿਹੇ ਸਮੇਂ ਵਿਚ ਬਾਬਾ ਫ਼ਰੀਦ ਨੇ ਪੰਜਾਬ ਦੀ ਧਰਤੀ ਤੇ ਮਾਨਵ-ਪ੍ਰੇਮ ਦਾ ਸੰਚਾਰ ਕਰਨ ਵਾਲੀ ਅਮਰ ਬਾਣੀ ਦੀ ਰਚਨਾ ਕੀਤੀ ਅਤੇ ਘੁੰਮ ਫਿਰ ਕੇ ਦੁੱਖੀ ਮਾਨਵ ਨੂੰ ਅਭੈ-ਦਾਨ ਦਿੱਤਾ। ਪੰਜਵੇਂ ਗੁਰੂ ਅਰਜਨ ਦੇਵ ਵਲੋਂ ਉਹਨਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨਾ ਉਹਨਾਂ ਦੀ ਪਵਿੱਤਰ ਬਾਣੀ ਦੀ ਮਹੱਤਤਾ ਅਤੇ ਲੋਕ ਪ੍ਰਿਯਤਾ ਦਾ ਨਿਗੱਰ ਪ੍ਰਮਾਣ ਹੈ। ਇਹੋ ਕਾਰਨ ਹੈ ਕਿ ਬਾਬਾ ਫ਼ਰੀਦ ਨੂੰ ਸੂਫ਼ੀ ਅਤੇ ਗੁਰਮਤਿ ਪਰੰਪਰਾ ਦੋਨਾਂ ਵਿਚ ਹੀ ਇਕੋ ਜਿਹਾ ਆਦਰ-ਮਾਣ ਪ੍ਰਾਪਤ ਹੈ।

ਫ਼ਰੀਦ ਜੀ ਨੇ ਆਪਣੀ ਬਾਣੀ ਵਿਚ ਮਨੁੱਖ ਨੂੰ ਉਹਨਾਂ ਸਾਰੇ ਚੰਗੇ ਗੁਣਾਂ ਨੂੰ ਅਪਨਾਉਣ ਦੀ ਪ੍ਰੇਰਣਾ ਕੀਤੀ ਹੈ ਜਿਹੜੇ ਇਕ ਆਦਰਸ਼ ਮਨੁੱਖ ਵਿਚ ਹੋਣੇ ਚਾਹੀਦੇ ਹਨ। ਸਦਾਚਾਰ ਮਨੁੱਖ ਨੂੰ ਮਨੁੱਖਤਾ ਵੱਲ ਲੈ ਜਾਣ ਦਾ ਸਹਿਜ ਤੇ ਸਰਲ ਸਾਧਨ ਹੈ। ਇਹੋ ਸਦਾਚਾਰ ਮਨੁੱਖ ਨੂੰ ਮੁਸੀਬਤਾਂ ਤੋਂ ਮੁਕਤ ਕਰਦਾ ਹੈ। ਸਦਾਚਾਰ ਮਨੁੱਖਤਾ ਪ੍ਰਤੀ ਸਹਿਯੋਗ, ਦਇਆ, ਪ੍ਰੇਮ, ਹਮਦਰਦੀ ਅਤੇ ਭਾਵੁਕ ਜ਼ਜਬੇ ਨੂੰ ਵਿਕਸਿਤ ਕਰਦਾ ਹੈ। ਇਹਨਾਂ ਗੁਣਾਂ ਸਦਕਾ ਹੀ ਮਨੁੱਖ ਅੰਦਰ ਮਨੁੱਖਤਾ ਦਾ ਸੰਚਾਰ ਹੁੰਦਾ ਹੈ। ਉਹ ਇਕੱਲਤਾ ਤੇ ਸਮਾਜਿਕਤਾ ਵੱਲ ਵਧਦਾ ਹੈ। ਉਹ ਆਪਣੇ ਜੀਵਨ ਦੀਆਂ ਸੌੜੀਆਂ ਇਛਾਵਾਂ, ਮਾਨਤਾਵਾਂ ਤੇ ਕਦਰਾਂ-ਕੀਮਤਾਂ ਤੋਂ ਉਪਰ ਉਠ ਕੇ ਵਿਸ਼ਵ ਭਾਈਚਾਰੇ ਦੀ ਭਾਵਨਾ ਤੋਂ ਸਰਾਬੋਰ ਹੋ ਕੇ ਸਾਰੇ ਮਾਨਵ-ਸਮਾਜ ਨੂੰ ਇੱਕ ਪਰਿਵਾਰ ਸਮਝਦਾ ਹੈ। ਆਪਣੇ ਪਰਾਏ ਦਾ ਭਿੰਨ-ਭੇਦ ਖਤਮ ਹੋ ਜਾਂਦਾ ਹੈ।

ਅਯਮ ਨਿਜਹ ਪਰੋਵੇਤੀ ਗਣਨਾ ਲਘੂਚੇਤਸਾਮ।
ਉਦਾਰ ਚਰਿਤਾਨਾਮ ਤੂੰ ਵਸੂਧੇਵ ਕੁਟੰਬਕਮ॥

(ਅਰਥਾਤ ਇਹ ਮੇਰਾ ਹੈ, ਇਹ ਪਰਾਇਆ ਹੈ ਅਜਿਹਾ ਤੰਗ ਦਿਲ ਵਾਲੇ ਹੀ ਸੋਚਦੇ ਹਨ। ਉਦਾਰ ਦਿਲ ਵਾਲਿਆਂ ਲਈ ਤਾਂ ਸਾਰੀ ਧਰਤੀ ਹੀ ਇੱਕ ਪਰਿਵਾਰ ਦੇ ਸਮਾਨ ਹੈ।)

ਅਜਿਹੀ ਭਾਵਨਾ ਵਾਲਾ ਇਨਸਾਨ ਮਹਾ-ਮਾਨਵ ਹੋ ਜਾਂਦਾ ਹੈ। ਉਹ ਹਮੇਸ਼ਾਂ ਪਰਉਪਰਕਾਰ ਦੀ ਭਾਵਨਾ ਨਾਲ ਆਪਣੇ ਸਮੁੱਚੇ ਜੀਵਨ ਨੂੰ ਦੂਜਿਆਂ ਲਈ ਸਮਰਪਿਤ ਕਰ ਦੇਂਦਾ ਹੈ। ਉਹ ਮਨੁੱਖਤਾ ਦੀ ਰੱਖਿਆ ਲਈ ਆਪਣਾ ਸਮੁੱਚੇ ਜੀਵਨ ਨੂੰ ਦੂਜਿਆਂ ਲਈ ਸਮਰਪਿਤ ਕਰ ਦੇਂਦਾ ਹੈ। ਉਹ ਮਨੁੱਖਤਾ ਦੀ ਰੱਖਿਆ ਲਈ ਆਪਣਾ ਸਭ-ਕੁਝ ਤਿਆਗ ਦਿੰਦਾ ਹੈ। ਮਨੁੱਖ ਦੀ ਇਹੋ ਭਾਵਨਾ ਉਸ ਨੂੰ ਲੋਕ-ਨਾਇਕ ਬਣਾਉਣ ਲਈ ਸਮਰੱਥ ਸਿੱਧ ਹੁੰਦੀ ਹੈ। ਉਹ ਮਨੁੱਖ ਦੂਜਿਆਂ ਤੋਂ ਉਪਰ ਉੱਠ ਕੇ ਸੱਚ ਨੂੰ ਪਾ ਲੈਂਦਾ ਹੈ। ਉਹ ਜਾਣ ਲੈਂਦਾ ਹੈ ਕਿ ਮਨੁੱਖੀ ਪ੍ਰੇਮ ਹੀ ਰੱਬੀ ਪ੍ਰੇਮ ਹੈ। ਇਸ ਲਈ ਮਨੁੱਖ-ਮਾਤਰ ਦੇ ਪ੍ਰਤੀ ਸਦਭਾਵਨਾ ਰੱਖਣਾ ਹੀ ਸੱਚੀ ਪ੍ਰਭੂ ਭਗਤੀ ਹੈ। ਇਹੋ ਮਨੁੱਖਤਾ ਦਾ ਮੂਲ ਆਧਾਰ ਹੈ ਤੇ ਮਨੁੱਖਤਾ ਹੀ ਮਨੁੱਖ ਨੂੰ ਸਹੀ ਜੀਵਨ ਦਿਸ਼ਾ ਪ੍ਰਦਾਨ ਕਰਦੀ ਹੈ। ਮਨੁੱਖੀ ਜੀਵਨ ਨੂੰ ਸਾਰਥਕ ਬਣਾਉਣ ਤੇ ਉਦੇਸ਼ਾਂ ਦੀ ਪ੍ਰਾਪਤੀ ਲਈ ਮਨੁੱਖਤਾ ਦਾ ਵੱਡਮੁੱਲਾ ਯੋਗਦਾਨ ਹੈ। ਅਸਲ ਵਿਚ ਮਨੁੱਖਤਾ ਹੀ ਈਸ਼ਵਰ - ਪ੍ਰਾਪਤੀ ਦਾ ਰਾਹ ਦਰਸਾਉਂਦੀ ਹੈ। ਮਨੁੱਖ ਨੂੰ ਚੰਗਿਆਈਆਂ ਵੱਲ ਪ੍ਰੇਰਣਾ ਹੀ ਮਨੁੱਖਤਾ ਦਾ ਪਰਮ-ਧਰਮ ਹੈ।

ਮਨੁੱਖਤਾ ਦੇ ਹਵਾਲੇ ਵਿਚ ਜਦੋਂ ਅਸੀਂ ਫ਼ਰੀਦ-ਬਾਣੀ ਦਾ ਅਧਿਐਨ ਕਰਦੇ ਹਾਂ ਤਾਂ ਸਾਨੂੰ ਮਹਿਸੂਸ ਹੁੰਦਾ ਹੈ ਕਿ ਸਮੁੱਚੀ ਫ਼ਰੀਦ-ਬਾਣੀ ਮਨੁੱਖਤਾ ਦਾ ਹੀ ਸੰਦੇਸ਼ ਦਿੰਦੀ ਹੈ। ਫ਼ਰੀਦ ਜੀ ਆਪ ਇਕ ਆਦਰਸ਼ ਮਨੁੱਖ ਸਨ। ਉਹ ਮਨੁੱਖੀ ਗੁਣਾਂ, ਸੱਚ, ਪ੍ਰੇਮ, ਅਹਿੰਸਾ, ਤਿਆਗ, ਦਇਆ, ਸਹਿਯੋਗ, ਸਦਭਾਵਨਾ ਅਤੇ ਹਮਦਰਦੀ ਦੀ ਸਾਕਾਰ ਮੂਰਤੀ ਸਨ। ਉਹਨਾਂ ਦਾ ਜੀਵਨ ਸਮੁੱਚੀ ਮਾਨਵਤਾ ਨੂੰ ਸਮਰਪਿਤ ਸੀ। ਆਪਣੇ ਸਮੇਂ ਦੀ ਤਰਸਯੋਗ ਹਾਲਤ ਵੇਖ ਕੇ ਉਹਨਾਂ ਦਾ ਮਨ ਸੰਸਾਰ ਤੋਂ ਉਪਰਾਮ ਹੋ ਗਿਆ। ਉਹਨਾਂ ਰਾਜਸੀ ਭੋਗਾਂ ਨੂੰ ਠੁਕਰਾ ਦਿੱਤਾ ਅਤੇ ਪਰਮ-ਤੱਤ ਦੀ ਖੋਜ ਲਈ ਨਿਕਲੇ ਤੁਰੇ। ਉਹ ਜਾਣਦੇ ਸਨ ਕਿ ਸੰਸਾਰ ਦੇ ਸੁੱਖ ਆਰਾਮ ਮਹਿਲ ਮਾੜੀਆ ਅੰਤ ਵੇਲੇ ਏਥੇ ਹੀ ਰਹਿ ਜਾਣਗੇ।

ਫ਼ਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥
ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥ ੫੭ ॥

ਸੰਸਾਰ ਤੋਂ ਵਿਰੱਕਤ ਹੋਣ ਦਾ ਕਾਰਨ ਸੰਸਾਰ ਦੀ ਨਾਸ਼ਮਾਨਤਾ ਹੈ । ਫ਼ਰੀਦ ਜੀ ਨੇ ਆਪਣੀ ਬਾਣੀ ਵਿਚ ਥਾਂ-ਥਾਂ ਤੇ ਇਸ ਦਾ ਜ਼ਿਕਰ ਕੀਤਾ ਹੈ । ਉਹਨਾਂ ਦਾ ਉਦੇਸ਼ ਮਨੁੱਖ ਨੂੰ ਡਰਾਉਣਾ ਨਹੀਂ ਅਤੇ ਨਾ ਹੀ ਉਹਨਾਂ ਨੇ ਕਦੀ ਦੁਨੀਆਂ ਨੂੰ ਛੱਡ ਜਾਣ ਦੀ ਗੱਲ ਕੀਤੀ । ਉਹਨਾਂ ਦਾ ਮਕਸਦ ਤਾਂ ਸਿਰਫ ਇੰਨਾ ਹੈ ਕਿ ਮਨੁੱਖ ਇਸ ਸੰਸਾਰ ਵਿਚ ਲਿਪਤ ਹੋਣ ਨਾਲੋਂ ਚੰਗੇ ਕੰਮਾਂ ਵੱਲ ਲਗੇ । ਸਚਾਈ ਅਤੇ ਚੰਗਿਆਈ ਦੇ ਰਾਹ ਤੇ ਚੱਲ ਕੇ ਈਸ਼ਵਰ ਨੂੰ ਪ੍ਰਾਪਤ ਕਰ ਸਕੇ । ਪਰ ਅਗਿਆਨੀ ਮਨੁੱਖ ਉਸ ਰੱਬ ਨੂੰ ਬਾਹਰ ਜੰਗਲਾਂ ਵਿਚ ਲੱਭਦਾ ਫਿਰਦਾ ਹੈ । ਉਹ ਇਹ ਗੱਲ ਨਹੀਂ ਜਾਣਦਾ ਕਿ ਰੱਬ ਤਾਂ ਹਰ ਪ੍ਰਾਣੀ ਦੇ ਅੰਦਰ ਵਿਦਮਾਨ ਹੈ । ਮਾਇਆ ਦੇ ਭਰਮ ਵਸ ਹੋਕੇ ਉਹ ਉਸ ਨੂੰ ਪਛਾਣ ਨਹੀਂ ਸਕਦਾ। ਜਪ-ਤਪ ਕਰਕੇ ਉਹ ਆਪਣੇ ਸ਼ਰੀਰ ਨੂੰ ਕਸ਼ਟ ਦੇ ਰਿਹਾ ਹੈ ਪਰ ਦਿਲੋਂ ਉਸ ਨੂੰ ਯਾਦ ਨਹੀਂ ਕਰਦਾ । ਇਸੇ ਕਰਕੇ ਉਸ ਨੂੰ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ ।

ਫ਼ਰੀਦਾ ਥੀਉ ਪਵਾਹੀ ਦਭੁ । ਜੇ ਸਾਂਈ ਲੋੜਹਿ ਸਭੁ ॥
ਇਕ ਛਿਜਹਿ ਬਿਆ ਲਤਾੜੀਅਹਿ ॥ ਤਾਂ ਸਾਂਈ ਦੇ ਦਰਿ ਵਾੜੀਅਹਿ ॥੧੬॥

ਅਤੇ

ਫ਼ਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥
ਦਰਵੇਸਾਂ ਨੋ ਲੋੜੀਐ ਰੁੱਖਾਂ ਦੀ ਜੀਰਾਂਦਿ ॥ ੬੦ ॥

ਜਦੋਂ ਮਨੁੱਖ ਸੰਸਾਰਿਕ, ਇਛਾਵਾਂ ਨੂੰ ਤਿਆਗ ਕੇ ਨਿਰ ਸੁਆਰਥ-ਭਾਵ ਨਾਲ ਜੀਉਂਦਾ ਹੈ ਤਾਂ ਸਾਰੇ ਪ੍ਰਾਣੀਆਂ ਨੂੰ (ਆਤਮਵਤ ਸਰਵ ਭੂਤੇਸ਼ੂ) ਆਪਣੇ ਜਿਹਾ ਸਮਝਦਾ ਹੈ । ਉਹ ਕਿਸੇ ਨੂੰ ਵੱਡਾ ਜਾਂ ਛੋਟਾ ਨਹੀਂ ਸਮਝਦਾ । ਉਹ ਇਸ ਦੁਨੀਆਂ ਦੀ ਕਿਸੇ ਵੀ ਚੀਜ਼ ਨੂੰ ਤੁੱਛ ਵਸਤੂ ਨਹੀਂ ਸਮਝਦਾ । ਫ਼ਰੀਦ ਜੀ ਤਾਂ ਖਾਕੁ (ਮਿੱਟੀ) ਦੀ ਵੀ ਨਿੰਦਿਆ ਨਹੀਂ ਕਰਦੇ । ਉਹਨਾ ਅਨੁਸਾਰ ਮਿੱਟੀ ਤੁਛ ਵਸਤੂ ਨਹੀਂ ਹੈ । ਮਰਨ ਤੋਂ ਬਾਅਦ ਮਿੱਟੀ ਹੀ ਸਾਨੂੰ ਸਮੇਟਦੀ ਹੈ :-

ਫ਼ਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ ॥
ਜੀਵਦਿਆ ਪੈਰਾ ਤਲੇ ਮੁਇਆ ਉਪਰ ਹੋਇ ॥ ੧੭ ॥

ਜਦੋਂ ਆਦਮੀ ਕਿਸੇ ਨੂੰ ਵੀ ਛੋਟਾ ਨਹੀਂ ਸਮਝੇਗਾ ਤਾਂ ਯਕੀਨੀ ਤੌਰ ਤੇ ਬਰਾਬਰੀ ਦੀ ਭਾਵਨਾ ਪੈਦਾ ਹੋਵੇਗੀ ਅਤੇ ਮਨੁੱਖੀ ਸਮਾਜ ਅੰਦਰ ਏਕਤਾ ਦੀ ਭਾਵਨਾ ਆਪਣੇ ਆਪ ਪੈਦਾ ਹੋ ਜਾਵੇਗੀ ।

ਮਨੁੱਖਤਾ ਦੇ ਸੰਦਰਭ ਵਿਚ ਨੈਤਿਕ ਗੁਣਾਂ ਦਾ ਬਹੁਤ ਹੀ ਮਹੱਤਵਪੂਰਨ ਸਥਾਨ ਹੈ। ਨੈਤਿਕਤਾ ਹੀ ਮਨੁੱਖ ਨੂੰ ਸਦਾਚਾਰ ਵੱਲ ਲੈ ਜਾਣ ਵਿਚ ਸਹਾਈ ਹੁੰਦੀ ਹੈ ਅਤੇ ਅਨੁਸ਼ਾਸਨ ਅਤੇ ਸੰਜਮ ਪੂਰਨ ਜੀਵਨ ਜੀਊਣ ਦੀ ਜਾਂਚ ਸਿਖਾਉਂਦੀ ਹੈ। ਫ਼ਰੀਦ ਜੀ ਦੀ ਸਮੁੱਚੀ ਬਾਣੀ ਨੈਤਿਕਤਾ ਨਾਲ ਭਰਪੂਰ ਹੈ। ਇਹਨਾਂ ਨੇ ਕੱਟੜਤਾ ਅਤੇ ਤੰਗ ਦਿਲੀ ਤੋਂ ਉਪਰ ਉਠ ਕੇ ਮਨੁੱਖ ਨੂੰ ਅਜਿਹਾ ਰਸਤਾ ਵਿਖਾਇਆ ਜਿਸ ਤੇ ਚੱਲ ਕੇ ਉਹ ਨਿਹੱਥਾ ਹੀ ਸਾਰੀ ਦੁਨੀਆਂ ਜਿੱਤ ਸਕਦਾ ਹੈ। ਉਹਨਾਂ ਦੀ ਬਾਣੀ ਦਾ ਇੱਕ-ਇੱਕ ਅੱਖਰ ਵਿਸ਼ਵ-ਸ਼ਾਂਤੀ ਅਤੇ ਮਨੁੱਖੀ ਪ੍ਰੇਮ ਦਾ ਮੂਲ-ਮੰਤ੍ਰ ਹੈ। ਉਹਨਾਂ ਨੇ ਆਪਣੀ ਬਾਣੀ ਵਿਚ ਮਨੁੱਖ ਨੂੰ ਅਜਿਹੇ ਉਪਾਅ ਦਰਸਾਏ ਹਨ ਜਿਹਨਾਂ ਤੇ ਅਮਲ ਕਰਕੇ ਮਨੁੱਖ ਸਭ ਕੁਝ ਪ੍ਰਾਪਤ ਕਰ ਸਕਦਾ ਹੈ। ਮਨੁੱਖਤਾ ਦਾ ਮਹਾਨ ਗੁਣ ਹੋਰ ਕੀ ਹੋ ਸਕਦਾ ਹੈ। ਮਨੁੱਖਤਾ ਦਾ ਮਹਾਨ ਗੁਣ ਹੀ ਉਸ ਦੀ ਮਹਾਨਤਾ ਦਾ ਆਧਾਰ ਹੈ। ਜੇ ਆਦਮੀ ਆਤਮ-ਸੰਜਮ ਅਤੇ (ਇੰਦ੍ਰੀ-ਨਿਗ੍ਰਹ) ਇੰਦਰੀਆਂ ਨੂੰ ਕਾਬੂ ਕਰਕੇ ਆਪਣੇ ਕ੍ਰੋਧ (ਗੁੱਸੇ) ਤੇ ਕਾਬੂ ਪਾ ਲਵੇ ਤਾਂ ਬੁਰਾ ਕਰਨ ਵਾਲੇ ਦਾ ਵੀ ਭਲਾ ਕਰਨ ਦੇ ਸਮੱਰਥ ਹੋ ਜਾਵੇਗਾ।

ਫ਼ਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥ ੭੮ ॥

ਭਾਵੇਂ ਹੈ ਤਾਂ ਇਹ ਕੰਮ ਬਹੁਤ ਹੀ ਮੁਸ਼ਕਲ ਕਿ ਆਦਮੀ ਬੁਰੇ ਦਾ ਵੀ ਭਲਾ ਕਰੇ ਪਰ ਇਸ ਨਾਲ ਬਦਲੇ ਦੀ ਭਾਵਨਾ ਖਤਮ ਹੋ ਜਾਵੇਗੀ। ਲੜਾਈਆਂ-ਝਗੜੇ ਆਪਣੇ ਆਪ ਹੀ ਖਤਮ ਹੋ ਜਾਣਗੇ। ਵਿਸ਼ਵ ਸ਼ਾਂਤੀ ਦੀ ਸਥਾਪਨਾ ਹੋ ਸਕੇਗੀ ਅਤੇ ਮਨੁੱਖਤਾ ਦਾ ਕਲਿਆਣ ਹੋ ਸਕੇਗਾ। ਇਸ ਨਾਲ ਆਤਮ ਭਾਵ ਪੈਦਾ ਹੋਵੇਗਾ। ਆਤਮ ਭਾਵ ਪੈਦਾ ਹੋਣ ਨਾਲ ਮਨੁੱਖ ਦੂਜੇ ਦਾ ਬੁਰਾ ਸੋਚ ਹੀ ਨਹੀਂ ਸਕਦਾ। ਉਹ ਮਹਾਨਤਾ ਦੀ ਉਸ ਅਵਸਥਾ ਨੂੰ ਪਾ ਲੈਂਦਾ ਹੈ ਜਿਥੇ ਖਿਮਾ ਅਲੰਕਾਰ ਬਣ ਜਾਂਦੀ ਹੈ। ਉਹ ਤਾਂ ਦੂਜਿਆਂ ਦੇ ਵਾਰ ਦਾ ਜੁਆਬ ਵੀ ਨਹੀਂ ਦੇਂਦਾ। ਫ਼ਰੀਦ ਜੀ ਨੇ ਇਸ ਮਨੁੱਖੀ ਵਤੀਰੇ ਨੂੰ ਆਪਣੀ ਬਾਣੀ ਵਿਚ ਇੰਜ ਦਰਜ ਕੀਤਾ ਹੈ।

ਫ਼ਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ॥ ੭ ॥

ਆਦਮੀ ਸਮਾਜ ਵਿਚ ਰਹਿ ਕੇ ਹਮੇਸ਼ਾ ਦੂਜਿਆਂ ਦੇ ਔਗੁਣ ਵੇਖਦਾ ਹੈ ਫ਼ਰੀਦ ਜੀ ਆਖਦੇ ਹਨ ਕਿ ਮਨੁੱਖ ਨੂੰ ਦੂਜਿਆਂ ਦੇ ਨਹੀਂ ਆਪਣੇ ਔਗੁਣਾਂ ਨੂੰ ਵੇਖਣਾ ਚਾਹੀਦਾ

ਹੈ। ਆਪਣੇ ਆਪ ਨੂੰ ਗੁਣੀ ਜਾਂ ਮਹਾਨ ਕਹਿਣ ਵਾਲਾ ਘੁਮੰਡੀ ਤਾਂ ਹੋ ਸਕਦਾ ਹੈ, ਮਹਾਨ ਨਹੀਂ। ਮਨੁੱਖ ਨੂੰ ਇਹਨਾਂ ਛੋਟੀਆਂ-ਛੋਟੀਆਂ ਗੱਲਾਂ ਤੋਂ ਉਪਰ ਉਠ ਕੇ ਆਪਣੇ ਔਗੁਣਾਂ ਨੂੰ ਦੂਰ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਆਤਮ-ਵਿਸ਼ਲੇਸ਼ਣ ਕਰਨ ਨਾਲ ਮਨੁੱਖ ਦੂਜਿਆਂ ਦੇ ਔਗੁਣ ਨਹੀਂ ਵੇਖੇਗਾ ਬਲਕਿ ਆਪਣੇ ਔਗੁਣ ਜਾਣ ਕੇ ਉਹ ਉਹਨਾਂ ਨੂੰ ਦੂਰ ਕਰਨ ਦਾ ਯਤਨ ਕਰੇਗਾ।

ਫ਼ਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾ ਕਰਿ ਦੇਖੁ ॥੬॥

ਸਬਰ ਅਤੇ ਸੰਤੋਖ ਨਾਲ ਮਨੁੱਖੀ ਲੋੜ ਦੀ ਭਾਵਨਾ ਆਪਣੇ ਆਪ ਖਤਮ ਹੋ ਜਾਂਦੀ ਹੈ। ਸਬਰ ਨਾਲ ਮਨੁੱਖ ਨੂੰ ਸੰਜਮ ਅਤੇ ਅਨੁਸ਼ਾਸਨ ਨਾਲ ਜੀਵਨ ਜਿਉਣ ਦੀ ਆਦਤ ਬਣਦੀ ਹੈ। ਇਛਾਵਾਂ ਤੇ ਉਹ ਕਾਬੂ ਪਾ ਲੈਂਦਾ ਹੈ। ਦੂਜਿਆਂ ਨੂੰ ਵੇਖ ਕੇ ਆਪਣੀ ਤੁਲਨਾ ਕਰਨ ਵਾਲਾ ਮਨੁੱਖ ਦੁੱਖੀ ਹੁੰਦਾ ਹੈ। ਅਮੀਰ ਨੂੰ ਵੇਖ ਕੇ ਹਰ ਆਦਮੀ ਅਮੀਰ ਹੋਣਾ ਚਾਹੁੰਦਾ ਹੈ। ਇਸ ਲਈ ਇਹ ਗਲਤ ਅਤੇ ਬੁਰੇ ਕੰਮ ਕਰਦਾ ਹੈ। ਕਦੇ-ਕਦੇ ਉਹ ਅਨੈਤਿਕ ਅਤੇ ਦੁਰਾਚਾਰੀ ਵੀ ਹੋ ਜਾਂਦਾ ਹੈ। ਉਸ ਵਿਚੋਂ ਸਬਰ, ਸੰਤੋਖ ਅਤੇ ਸਹਿਨਸ਼ੀਲਤਾ ਵਰਗੇ ਗੁਣ ਖਤਮ ਹੋ ਜਾਂਦੇ ਹਨ। ਫ਼ਰੀਦ ਜੀ ਆਖਦੇ ਹਨ ਕਿ ਜੇ ਆਦਮੀ ਰੱਬ ਵਲੋਂ ਬਖਸ਼ੀਆਂ ਦਾਤਾਂ ਤੇ ਸਬਰ-ਸੰਤੋਖ ਕਰਕੇ ਗੁਜ਼ਾਰਾ ਕਰੇ ਤਾਂ ਉਸ ਨੂੰ ਚੁੱਖੀ ਨਹੀਂ ਹੋਣਾ ਚਾਹੀਦਾ। ਇਸ ਸਮਾਜ ਵਿਚ ਫੈਲੀਆਂ ਕੁਰੀਤੀਆਂ ਆਪਣੇ ਆਪ ਖਤਮ ਹੋ ਜਾਣਗੀਆਂ। ਜੇ ਆਦਮੀ ਆਪਣੇ ਤੇ ਕਾਬੂ ਅਤੇ ਦੂਜਿਆਂ ਵੱਲ ਵੇਖ ਕੇ ਆਪਣਾ ਮਨ ਨਾ ਤਰਸਾਏ ਤਾਂ ਹੀ ਮਨੁੱਖ ਸੁਖੀ ਰਹਿ ਸਕਦਾ ਹੈ :-

ਫ਼ਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥
ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ ॥ ੨੬ ॥

ਰੱਬ ਨੇ ਸਾਰੇ ਮਨੁੱਖਾਂ ਨੂੰ ਇਕ ਜਿਹਾ ਬਣਾਇਆ ਹੈ। ਤਾਕਤਵਰ ਵਿਅਕਤੀ ਕਮਜ਼ੋਰਾਂ 'ਤੇ ਆਪਣੀ ਤਾਕਤ ਨਾਲ, ਉਹਨਾਂ ਨੂੰ ਡਰਾ ਕੇ ਆਪਣਾ ਅਧਿਕਾਰ ਜਮਾ ਲੈਂਦੇ ਹਨ। ਇਹੋ ਭਾਵਨਾ ਵੈਰ, ਵਿਰੋਧ, ਈਰਖਾ ਨੂੰ ਜਨਮ ਦੇਂਦੀ ਹੈ। ਨਤੀਜੇ ਵਜੋਂ ਲੜਾਈ-ਝਗੜੇ ਹੁੰਦੇ ਹਨ। ਫ਼ਰੀਦ ਜੀ ਨੇ ਆਜਾਦੀ ਅਤੇ ਆਤਮ ਨਿਰਭਰਤਾ ਨੂੰ ਜੀਵਨ ਵਿਚ ਬਹੁਤ ਹੀ ਮਹੱਤਵਪੂਰਨ ਮੰਨਿਆ ਹੈ। ਅੱਜ ਅਸੀਂ ਵੇਖਦੇ ਹਾਂ ਕਿ ਇੱਕ ਮੁਲਕ ਦੂਜੇ ਨੂੰ ਡਰਾ ਧਮਕਾ ਕੇ ਆਪਣੀ ਸ਼ਕਤੀ ਰਾਹੀਂ ਆਪਣੇ ਅਧੀਨ ਕਰਨਾ ਚਾਹੁੰਦਾ ਹੈ। ਅਮੀਰ,

ਗਰੀਬ ਨੂੰ ਵੱਡਾ, ਛੋਟੇ ਨੂੰ ਆਪਣੇ ਅਧੀਨ ਕਰਨਾ ਚਾਹੁੰਦਾ ਹੈ। ਪਰ ਕੋਈ ਵੀ ਪਰਾ ਅਧੀਨ ਨਹੀਂ ਰਹਿਣਾ ਚਾਹੁੰਦਾ। ਫ਼ਰੀਦ ਜੀ ਅਨੁਸਾਰ ਦੂਜੇ ਦੇ ਅਧੀਨ ਰਹਿਣ ਨਾਲੋਂ ਤਾਂ ਮੌਤ ਹੀ ਚੰਗੀ ਹੈ।

ਫ਼ਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥ ੪੨ ॥

ਮਨੁੱਖੀ ਪ੍ਰੇਮ ਮਨੁੱਖਤਾ ਦਾ ਸਰਵ ਉਤਮ ਗੁਣ ਹੈ। ਪ੍ਰੇਮ ਨਾਲ ਮਨੁੱਖ ਦੁਸ਼ਮਣ ਨੂੰ ਵੀ ਆਪਣਾ ਬਣਾ ਸਕਦਾ ਹੈ। ਪ੍ਰੇਮ ਨਾਲ ਆਪਣੇ ਇਸ਼ਟ ਨੂੰ ਪ੍ਰਸੰਨ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਪ੍ਰੇਮ ਪਿਆਰੇ ਨੂੰ ਮਿਲਣ ਦਾ ਰਾਹ ਦਰਸਾਉਂਦਾ ਹੈ। ਜਿਹਨਾਂ ਦੇ ਹਿਰਦੇ ਵਿਚ ਪ੍ਰੇਮ ਪਨਪਦਾ ਹੈ ਉਹ ਪ੍ਰੀਤਮ ਲਈ ਆਤਮ ਬਲੀਦਾਨ ਤਕ ਦੇ ਦੇਂਦੇ ਹਨ। ਆਤਮ-ਸਮਰਪਨ ਪ੍ਰੇਮ ਦੀ ਪਹਿਲੀ ਸ਼ਰਤ ਹੈ। ਕਦੇ-ਕਦੇ ਤਾਂ ਇਹ ਭਾਵਨਾ ਇੰਨੀ ਤੀਬਰ ਹੋ ਜਾਂਦੀ ਹੈ ਕਿ ਆਦਮੀ ਆਪਣੇ ਪ੍ਰੀਤਮ ਦੇ ਦੀਦਾਰ ਲਈ ਹਨੇਰੀ, ਤੂਫ਼ਾਨ, ਮੀਂਹ ਆਦਿ ਦੀ ਵੀ ਪਰਵਾਹ ਨਹੀਂ ਕਰਦਾ। ਉਸਦੇ ਸਾਰੇ ਸ਼ੰਕੇ ਆਪੇ ਦੂਰ ਹੋ ਜਾਂਦੇ ਹਨ। ਫੇਰ ਕੋਈ ਵੀ ਰੁਕਾਵਟ ਉਸ ਦਾ ਰਸਤਾ ਨਹੀਂ ਰੋਕ ਸਕਦੀ। ਫ਼ਰੀਦ ਜੀ ਅਜਿਹੀ ਅੰਵਸਥਾ ਦਾ ਜ਼ਿਕਰ ਕਰਦੇ ਹਨ :-

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਰਹਾ ਤੇ ਤੁਟੈ ਨੇਹੁ ॥ ੨੪ ॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥ ੨੫ ॥

ਜੇਕਰ ਮਨੁੱਖ ਅੰਦਰ ਪ੍ਰੇਮ ਦੀ ਅਜਿਹੀ ਜੋਤ ਜਗੇ ਪਵੇ ਤਾਂ ਉਸ ਵਿਚੋਂ ਈਰਖਾ, ਅਤੇ ਵੈਰ-ਵਿਰੋਧ ਆਪ ਮੁਹਾਰੇ ਨਿਕਲ ਜਾਣਗੇ। ਪ੍ਰੇਮ ਪਿਆਰ ਨਾਲ ਸਦਭਾਵਨਾ ਦਾ ਜਨਮ ਹੁੰਦਾ ਹੈ। ਇਸ ਨਾਲ ਹੀ ਲੋਕ ਸੇਵਾ ਦੀ ਭਾਵਨਾ ਪੈਦਾ ਹੁੰਦੀ ਹੈ। ਅਸਲ ਵਿਚ ਮਨੁੱਖ ਦਾ ਮਨੁੱਖ ਪ੍ਰਤੀ ਪਿਆਰ ਮਾਨਵਤਾ ਦੀ ਪਹਿਲੀ ਪੌੜੀ ਹੈ। ਇਹੋ ਪਿਆਰ ਹੀ ਮਨੁੱਖਤਾ ਦਾ ਘੇਰਾ ਵਿਸ਼ਾਲ ਕਰਕੇ ਵਿਸ਼ਵ ਭਾਈਚਾਰੇ ਦਾ ਰੂਪ ਧਾਰਨ ਕਰ ਲੈਂਦਾ ਹੈ।

ਸਮਾਜ ਵਿਚ ਫੈਲੀਆਂ ਬੁਰਾਈਆਂ ਨੂੰ ਦੂਰ ਕਰਨ ਲਈ ਬਾਬਾ ਫ਼ਰੀਦ ਨੇ ਆਪਣੀ ਬਾਣੀ ਵਿਚ ਅਜਿਹੀਆਂ ਮਨੁੱਖੀ ਕਦਰਾਂ-ਕੀਮਤਾਂ ਦਰਸਾਈਆਂ ਹਨ ਜੋ ਸਦੀਵੀਂ ਅਤੇ ਸਾਰਵਭੌਮਿਕ ਹਨ। ਉਹਨਾਂ ਦੀ ਬਾਣੀ ਦੁੱਖੀ ਮਨੁੱਖ ਨੂੰ ਸ਼ਾਂਤੀ ਤਾਂ ਪ੍ਰਦਾਨ ਕਰਦੀ

ਹੀ ਹੈ ਨਾਲ ਦੀ ਨਾਲ ਇਛਾਵਾਂ 'ਤੇ ਕਾਬੂ ਪਾ ਕੇ ਦੁੱਖਾਂ ਨੂੰ ਸਦਾ ਲਈ ਖਤਮ ਕਰਨ ਲਈ ਪ੍ਰੇਰਤ ਵੀ ਕਰਦੀ ਹੈ। ਉਹਨਾਂ ਦੀ ਬਾਣੀ ਮਨੁੱਖ ਨੂੰ ਇਕ ਅਜਿਹਾ ਧਰਾਤਲ ਪ੍ਰਦਾਨ ਕਰਦੀ ਹੈ ਜਿਥੇ ਅਮੀਰ, ਗਰੀਬ, ਛੋਟੇ-ਵੱਡੇ ਦਾ ਭੇਦ ਖਤਮ ਹੋ ਜਾਂਦਾ ਹੈ। ਮਨੁੱਖ ਆਪਣੀ ਹੋਂਦ ਨੂੰ ਪਛਾਨਣ ਦੇ ਸਮਰੱਥ ਹੋ ਜਾਂਦਾ ਹੈ ਅਤੇ ਦੂਜਿਆਂ ਨੂੰ ਵੀ ਆਪਣੇ ਜਿਹਾ ਸਮਝ ਕੇ ਅਨੰਦਮਈ ਹੋ ਜਾਂਦਾ ਹੈ।

ਫ਼ਰੀਦ ਜੀ ਨੇ ਆਪਣੀ ਬਾਣੀ ਵਿਚ ਉਹਨਾਂ ਸਾਰੇ ਮਨੁੱਖੀ ਗੁਣਾਂ ਨੂੰ ਸ਼ਾਮਿਲ ਕੀਤਾ ਹੈ ਜੋ ਇਕ ਆਦਰਸ਼ ਮਨੁੱਖ ਲਈ ਜ਼ਰੂਰੀ ਹੁੰਦੇ ਹਨ। ਉਹਨਾਂ ਨੇ ਆਪਣੀ ਬਾਣੀ ਵਿਚ ਕੌੜੇ ਸੱਚ ਨੂੰ ਵੀ ਨੀਰਸਤਾ ਅਤੇ ਉਪਦੇਸ਼-ਭਾਵ ਮਹਿਸੂਸ ਨਹੀਂ ਹੁੰਦਾ। ਉਹਨਾਂ ਦੇ ਮੁਤਾਬਕ ਜੇ ਆਦਮੀ ਆਪਣੇ ਔਗੁਣਾਂ ਨੂੰ ਦੂਰ ਕਰ ਲਵੇ ਤਾਂ ਸਾਰਾ ਸਮਾਜ ਦੇਸ਼ ਅਤੇ ਸੰਸਾਰ ਮਨੁੱਖੀ ਗੁਣਾਂ ਨਾਲ ਭਰਪੂਰ ਹੋ ਜਾਣਗੇ। ਮਨੁੱਖਤਾ ਖੁਦ-ਬ-ਖੁਦ ਅਵਤਰਿਤ ਹੋ ਜਾਵੇਗੀ।

ਫ਼ਰੀਦਾ ਕਾਲੇ ਮੈਂਡੇ ਕਪੜੇ ਕਾਲਾ ਮੈਂਡਾ ਵੇਸੁ ॥
ਗੁਨਹੀ ਭਰਿਆ ਮੈਂ ਫਿਰਾ ਲੋਕੁ ਕਹੈ ਦਰਵੇਸੁ ॥੬੧॥

ਫ਼ਰੀਦ ਜੀ ਆਪਣੇ ਯੁੱਗ ਦੇ ਪ੍ਰਤੀਨਿਧ ਕਵੀ ਸਨ। ਉਹਨਾਂ ਨੇ ਆਪਣੇ ਯੁੱਗ ਦਾ ਆਪਣੀ ਬਾਣੀ ਵਿਚ ਸਕਾਰਤਮਕ ਪ੍ਰਗਟਾਅ ਕੀਤਾ ਹੈ। ਉਹ ਮਨੁੱਖ ਨੂੰ ਆਤਮ-ਬੋਧ ਲਈ ਪ੍ਰੇਰਤ ਕਰਦੇ ਹਨ ਤਾਂ ਕਿ ਉਹ ਬੁਰਾਈ ਤੋਂ ਬੱਚ ਸਕੇ। ਉਹ ਹਉਮੈ ਤੋਂ ਬੱਚ ਸਕੇ। ਕਿਸੇ ਨੂੰ ਵੀ ਛੋਟਾ ਨਾ ਸਮਝੇ। ਸੱਚੇ ਰਾਹ ਤੇ ਚੱਲ ਸਕੇ। ਬੁਰੇ ਨਾਲ ਵੀ ਭਲਾ ਕਰੇ। ਇਹਨਾਂ ਗੁਣਾਂ ਸਦਕਾ ਹੀ ਮਨੁੱਖ ਮਹਾਨ ਬਣ ਸਕਦਾ ਹੈ। ਅਜਿਹੇ ਗੁਣਾਂ ਵਾਲਾ ਮਨੁੱਖ ਸਾਰੇ ਸੰਸਾਰ ਨੂੰ ਆਪਣਾ ਬਣਾ ਸਕਦਾ ਹੈ। ਫ਼ਰੀਦ ਬਾਣੀ ਇਹਨਾਂ ਗੁਣਾਂ ਵੱਲ ਹੀ ਪ੍ਰੇਰਿਤ ਕਰਦੀ ਹੈ। ਅੱਜ ਸੰਸਾਰ ਵਿਚ ਦੁਰਲੱਭ ਮਨੁੱਖਤਾ ਦੀ ਪੁਨਰਸਥਾਪਨਾ ਲਈ ਫ਼ਰੀਦ ਬਾਣੀ ਮਨੁੱਖ ਲਈ ਰਾਹ ਮੋਕਲਾ ਕਰਦੀ ਹੈ। ਅੱਜ ਦੇ ਭਟਕੇ ਹੋਏ ਤੇ ਨਿਰਾਸ਼ ਮਨੁੱਖ ਲਈ ਫ਼ਰੀਦ ਬਾਣੀ ਚਾਨਣ ਮੁਨਾਰੇ ਵਾਂਗ ਹੈ। ਫ਼ਰੀਦ ਜੀ ਦੀ ਸੰਪੂਰਨ ਬਾਣੀ ਉਹਨਾਂ ਦੇ ਆਪਣੇ ਨਿਜੀ ਅਨੁਭਵਾਂ ਦਾ ਨਿਚੋੜ ਹੈ। ਉਹਨਾਂ ਆਪਣੇ ਸਾਧਨਾਂ ਤੋਂ ਜੋ ਕੁਝ ਵੀ ਗ੍ਰਹਿਣ ਕੀਤਾ ਉਸ ਨੂੰ ਲੋਕ ਭਲਾਈ ਲਈ ਆਪਣੀ ਬਾਣੀ ਰਾਹੀਂ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਹਿੱਤ ਪਿਆਰ ਦਾ ਰਾਹ ਖੋਲਿਆ। ਮਾਨਵ-ਕਲਿਆਣ ਲਈ ਉਹ ਹਮੇਸ਼ਾ ਸੰਘਰਸ਼ਸ਼ੀਲ ਰਹੇ। ਮਨੁੱਖਤਾ ਦੀ ਰੱਖਿਆ ਉਹਨਾਂ ਦੇ ਜੀਵਨ ਦਾ ਮੂਲ ਮੰਤਵ ਸੀ।

ਉਹ ਖੁਦ ਮਾਨਵਤਾ ਦੇ ਪੁੰਜ ਸਨ। ਆਪਣੇ ਸੰਘਰਸ਼ਮਈ ਜੀਵਨ ਤੋਂ ਜੋ ਅਨੁਭਵ ਉਹਨਾਂ ਪ੍ਰਾਪਤ ਕੀਤੇ ਸਨ ਉਹਨਾਂ ਨੂੰ ਮਨੁੱਖੀ ਸਮਾਜ ਦੀ ਭਲਾਈ ਲਈ ਸਮਰਪਤ ਕਰਨ ਵਿਚ ਉਹਨਾਂ ਕਤਈ ਸੰਕੋਚ ਨਹੀਂ ਕੀਤਾ।

ਅੱਜ ਵਿਸ਼ਵ-ਸ਼ਾਂਤੀ ਦੀ ਸਥਾਪਨਾ ਲਈ ਸਾਰਾ ਵਿਸ਼ਵ ਚਿੰਤਤ ਅਤੇ ਯਤਨਸ਼ੀਲ ਹੈ। ਪਰ ਇਹ ਵਿਸ਼ਵ-ਸ਼ਾਂਤੀ ਦੇ ਸਾਰੇ ਉਪਰਾਲੇ ਬੇਅਰਥ ਹਨ। ਸ਼ਾਂਤੀ ਦੀ ਸਥਾਪਨਾ ਕਦੇ ਵੀ ਹਥਿਆਰਾਂ ਨਾਲ ਨਹੀਂ ਹੋ ਸਕਦੀ ਸਗੋਂ ਸਦਭਾਵਨਾ ਨਾਲ ਹੀ ਸੰਭਵ ਹੈ। ਇਹ ਕੰਮ ਫ਼ਰੀਦ ਬਾਣੀ ਦੇ ਸੰਦੇਸ਼ ਰਾਹੀਂ ਕਰਨਾ ਹੋਰ ਵੀ ਸੌਖਾ ਤੇ ਸੰਭਵ ਹੈ। ਪਰ ਇਸ ਲਈ ਚਿੰਤਨ ਅਤੇ ਅਮਲ ਦੀ ਵਧੇਰੇ ਲੋੜ ਹੈ। ਤਦ ਹੀ ਮਨੁੱਖ, ਮਨੁੱਖ ਦੇ ਹਿੱਤ ਦੀ ਗੱਲ ਸੋਚ ਸਕਦਾ ਹੈ। ਇਹੀ ਅੱਜ ਦੀ ਮੰਗ ਹੈ। ਫ਼ਰੀਦ ਬਾਣੀ ਸਾਡੇ ਲਈ ਦਰਪੇਸ਼ ਸਮੱਸਿਆਵਾਂ ਦਾ ਹੱਲ ਪੇਸ਼ ਕਰਦੀ ਹੈ ਅਤੇ ਮਨੁੱਖਤਾ ਦਾ ਰਾਹ ਸੌਖਾ ਕਰਦੀ ਹੈ। ਬਾਬਾ ਫ਼ਰੀਦ ਜੀ ਦੀ ਬਾਣੀ ਸਮੁੱਚੀ ਮਨੁੱਖਤਾ ਲਈ ਅੱਜ ਵੀ ਉਨੀ ਹੀ ਪ੍ਰਸੰਗਿਕ ਅਤੇ ਸਾਰਥਕ ਹੈ ਜਿੰਨੀ ਉਹਨਾਂ ਦੇ ਆਪਣੇ ਯੁੱਗ ਵਿਚ ਸੀ।

* * * * * *

ਮਹਾਨ ਸੂਫ਼ੀ-ਸਾਧਕ ਬਾਬਾ ਸ਼ੇਖ ਫ਼ਰੀਦ ਅਤੇ ਮਲ਼ਿਕ ਮੁਹੰਮਦ ਜਾਇਸੀ

ਸੂਫ਼ੀ ਮਤ ਕਦੋਂ ਹੋਂਦ ਵਿਚ ਆਇਆ ਇਹ ਕਹਿਣਾ ਬਹੁਤ ਮੁਸ਼ਕਿਲ ਹੈ। ਹਾਂ ਏਨਾਂ ਜ਼ਰੂਰ ਹੈ ਕਿ ਹਿੰਦੁਸਤਾਨ ਵਿਚ ਆਉਣ ਤੋਂ ਪਹਿਲਾਂ ਇਸ ਦੀ ਪਿੱਠ-ਭੂਮੀ ਜ਼ਰੂਰ ਤਿਆਰ ਹੋ ਚੁੱਕੀ ਸੀ। ਸ਼ੁਰੂ ਵਿਚ ਸੂਫ਼ੀ ਮਤ ਕੋਈ ਸੰਪਰਦਾਇ ਨਹੀਂ ਸੀ। ਕੁੱਝ ਸਾਧਕ ਨਿੱਜੀ ਤੌਰ ਤੇ ਸਾਧਨਾ ਕਰਦੇ ਸਨ, ਬਾਅਦ ਵਿਚ ਉਹਨਾਂ ਦੇ ਪੈਰੋਕਾਰਾਂ ਦੀ ਗਿਣਤੀ ਵਧਦੀ ਗਈ। ਉਹਨਾਂ ਦੇ ਮੱਤਾਂ ਅਤੇ ਸਿਧਾਂਤਾਂ ਦਾ ਪਰਚਾਰ ਹੁੰਦਿਆਂ ਇਸ ਤਰ੍ਹਾਂ ਸਾਧਕਾਂ ਦਾ ਇਕ ਸੰਪਰਦਾਇ ਬਣ ਗਿਆ। ਸ਼ੁਰੂ-ਸ਼ੁਰੂ ਵਿਚ ਇਹ ਸਾਧਕ ਬਹੁਤ ਉਦਾਰ ਸਨ ਅਤੇ ਧਾਰਮਿਕ ਬੰਧਨਾਂ ਤੋਂ ਮੁਕਤ ਸਨ। ਇਹਨਾਂ ਦੀ ਸਾਧਨਾ ਪੱਧਤੀ ਪ੍ਰੇਮ ਤੇ ਆਧਾਰਤ ਸੀ। ਇਹਨਾਂ ਨੇ ਲੌਕਿਕ ਪ੍ਰੇਮ ਨੂੰ ਆਧਾਰ ਮੰਨ ਕੇ ਅਲੌਕਿਕ ਪ੍ਰੇਮ ਦੀ ਨੀਂਹ ਰੱਖੀ। ਅਸਲ ਵਿਚ ਵੇਖਿਆ ਜਾਏ ਤਾਂ ਸੂਫ਼ੀ ਮੱਤ ਦੀ ਸ਼ੁਰਆਤ ਇਸਲਾਮੀ ਕੱਟੜਤਾ ਅਤੇ ਸੰਕੀਰਣਤਾ ਨਾਲ ਸ਼ੁਰੂ ਹੋਈ। ਇਸਲਾਮੀ ਕੱਟੜਤਾ ਦੀ ਪ੍ਰਤੀਕਿਰਿਆ ਦੇ ਫਲਸਰੂਪ ਹੀ ਸੂਫ਼ੀਆਂ ਦੀ ਸਹਿਜ ਸੁਭਾਵਿਕ ਅਤੇ ਪ੍ਰੇਮ ਮੂਲਕ ਸਾਧਨਾ ਪੱਧਤੀ ਦਾ ਵਿਕਾਸ ਹੋਇਆ।

ਭਾਰਤ ਵਿਚ ਸੂਫ਼ੀ ਸਾਧਕਾਂ ਦੀ ਇੱਕ ਵਿਸ਼ਾਲ ਪ੍ਰੰਪਰਾ ਵੇਖਣ ਨੂੰ ਮਿਲਦੀ ਹੈ। ਸੂਫ਼ੀ ਮੱਤ ਦਾ ਜਨਮ ਭਾਵੇਂ ਕਿਧਰੇ ਵੀ ਹਇਆ ਹੋਵੇ ਪਰ ਇਸ ਦਾ ਵਿਕਾਸ ਭਾਰਤ ਵਿਚ ਹੀ ਹੋਇਆ। ਪ੍ਰੇਮ ਦੀ ਕਸੌਟੀ ਦਾ ਚਿਤਰਣ ਜਿੰਨਾਂ ਇਹਨਾਂ ਸੂਫ਼ੀ ਸਾਧਕਾਂ ਦੀਆਂ ਰਚਨਾਵਾਂ ਵਿਚ ਮਿਲਦਾ ਹੈ ਏਨਾ ਕਿਧਰੇ ਹੋਰ ਨਹੀਂ। ਹਿੰਦੀ ਸਾਹਿੱਤ ਇਤਿਹਾਸ ਦਾ ਭਗਤੀ ਕਾਲ ਸੁਨਹਿਰਾ ਕਾਲ ਕਹਾਉਂਦਾ ਹੈ। ਉਸ ਵਿਚ ਨਿਰਗੁਣ ਤੇ ਸਰਗੁਣ ਕਾਵਿ ਧਾਰਾਵਾਂ ਇਕੋ ਸਮੇਂ ਵਗਦੀਆਂ ਰਹੀਆਂ ਹਨ। ਸੂਫ਼ੀ ਕਾਵਿ-ਧਾਰਾ ਨਿਰਗੁਣ ਵਾਦੀ ਸੰਤਾਂ ਦੇ ਸਮੇਂ ਹੀ ਪ੍ਰਚਲਿਤ ਰਹੀ। ਨਿਰਗੁਣ ਸੰਤਾਂ ਨੇ ਗਿਆਨ ਨੂੰ ਈਸ਼ਵਰ ਪ੍ਰਾਪਤੀ ਦੀ ਕਸੌਟੀ ਮੰਨਿਆ ਤੇ ਸੂਫ਼ੀਆਂ ਨੇ ਪ੍ਰੇਮ ਨੂੰ। ਪ੍ਰੇਮ ਮਾਰਗੀ ਸੂਫ਼ੀ ਕਾਵਿ ਪ੍ਰੰਪਰਾ ਵਿਚ ਕੁਤੁਬਨ, ਮੰਜਨ, ਉਸਮਾਨ, ਕਾਸ਼ਮ ਸਾਹ, ਨੂਰ ਮੁਹੰਮਦ, ਸ਼ੇਖ ਨਾਸਾਰ ਅਲੀ ਮੁਰਾਦ ਅਨੇਕਾਂ ਕਵੀਆਂ ਨੇ ਆਪਣਾ ਯੋਗਦਾਨ ਪਾਇਆ। ਮਲਿਕ ਮੁਹੰਮਦ ਜਾਇਸੀ ਇਸ

ਕਾਵਿ ਧਾਰਾ ਦੇ ਪ੍ਰਤੀਨਿਧ ਕਵੀ ਮੰਨੇ ਜਾਂਦੇ ਹਨ । ਉਹਨਾਂ ਦੀ ਪ੍ਰਤੀਨਿਧ ਰਚਨਾ 'ਪਦਮਾਵਤ' ਹੈ । ਭਾਵੇਂ ਭਗਤੀ ਕਾਲੀ ਸੂਫ਼ੀ ਕਾਵਿ ਧਾਰਾ ਨੇ ਸੂਫ਼ੀ ਸਿਧਾਤਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਪਰ ਪੰਜਾਬੀ ਵਿਚ ਸੂਫ਼ੀ ਮੱਤ ਦਾ ਮੁੱਢ ਬਾਬਾ ਸ਼ੇਖ ਫ਼ਰੀਦ ਨੇ 12ਵੀ ਸਦੀ ਵਿਚ ਬੰਨ੍ਹਿਆ । ਉਸ ਸਮੇਂ ਮੁਲਤਾਨੀ ਭਾਸ਼ਾ ਵਿਕਸਤ ਹੋ ਚੁੱਕੀ ਸੀ । ਅਰਬੀ ਅਤੇ ਫਾਰਸੀ ਬਾਬਾ ਸ਼ੇਖ ਫ਼ਰੀਦ ਨੇ ਵਿਰਸੇ 'ਚੋਂ ਪ੍ਰਾਪਤ ਕੀਤੀ ਸੀ । ਇਸ ਤੋਂ ਇਲਾਵਾ ਉਹਨਾਂ ਨੇ ਆਪਣੀ ਜ਼ਿੰਦਗੀ ਦੇ ਕੁਝ ਵਰ੍ਹੇ ਦਿੱਲੀ, ਅਜ਼ਮੇਰ ਅਤੇ ਹਾਂਸੀ ਵਿਖੇ ਬਿਤਾਏ ਸਨ । ਸ਼ੇਖ ਜੀ ਬਚਪਨ ਤੋਂ ਹੀ ਈਸ਼ਵਰ ਭਗਤੀ ਵਿਚ ਮਗਨ ਰਹਿੰਦੇ ਸਨ ਅਤੇ ਕੁਰਾਨ-ਸ਼ਰੀਫ ਦਾ ਪਾਠ ਕਰਨ ਲੱਗ ਪਏ ਸਨ।

ਮਲਿਕ ਮੁਹੰਮਦ ਜਾਇਸੀ ਦਾ ਜਨਮ 15ਵੀਂ ਸਦੀ ਦੇ ਆਸ-ਪਾਸ ਹੋਇਆ ਕੁਝ ਵਿਦਵਾਨਾਂ ਨੇ ਇਹਨਾਂ ਦਾ ਜਨਮ 1494 ਈ: ਅਤੇ ਅਸਥਾਨ ਗਾਜ਼ੀਪੁਰ ਉੱਤਰ ਪ੍ਰਦੇਸ਼ ਵਿਖੇ ਜਾਇਸ ਨਾਂ ਦੇ ਸਥਾਨ ਨੂੰ ਮੰਨਿਆ ਹੈ । ਜਿਸ ਤੇ ਇਹਨਾਂ ਦਾ ਨਾਂ ਜਾਇਸੀ ਪ੍ਰਸਿੱਧ ਹੋਇਆ । ਜਾਇਸੀ ਬਚਪਨ ਤੋਂ ਹੀ ਇੱਕ ਅੱਖ ਵਾਲੇ ਸਨ ਅਤੇ ਕਰੂਪ ਸਨ ਕੁਝ ਵਿਦਵਾਨਾਂ ਨੇ ਇਹਨਾਂ ਨੂੰ ਲੂਲੇ ਅਤੇ ਕੁੱਬ ਵਾਲੇ ਵੀ ਦੱਸਿਆ ਹੈ ਇਕ ਲੋਕ ਕਥਾ ਅਨੁਸਾਰ ਕਿਹਾ ਜਾਂਦਾ ਹੈ ਕਿ ਇਕ ਵਾਰ ਸ਼ੇਰ ਸ਼ਾਹ ਸੂਰੀ ਉਹਨਾਂ ਦੇ ਇਸ ਰੂਪ ਨੂੰ ਵੇਖ ਕੇ ਹੱਸ ਪਏ । ਜਾਇਸੀ ਨੇ ਬਾਦਸ਼ਾਹ ਨੂੰ ਸੰਬੋਧਤ ਕਰਦੇ ਹੋਏ ਕਿਹਾ ਆਪ ਮੇਰੇ ਤੇ ਕਿਉਂ ਹੱਸਦੇ ਹੋ ਉਸ ਘੁਮਿਆਰ ਤੇ ਹੱਸੋ । ਇਸ ਤੇ ਸ਼ੇਰ ਸ਼ਾਹ ਨੇ ਸ਼ਰਮਿੰਦਾ ਹੋ ਕੇ ਜਾਇਸੀ ਤੋਂ ਖਿਮਾ ਯਾਚਨਾ ਕੀਤੀ । ਅਮੇਠੀ ਦੇ ਮਹਾਂਰਾਜਾ ਰਾਮ ਸਿੰਘ ਇਹਨਾਂ ਦਾ ਬਹੁਤ ਆਦਰ ਕਰਦੇ ਸਨ ਕਿਉਂਕਿ ਇਹਨਾਂ ਦੇ ਅਸ਼ੀਰਵਾਦ ਨਾਲ ਹੀ ਉਹਨਾਂ ਦੇ ਘਰ ਸੰਤਾਨ ਹੋਈ ਸੀ । ਕਿਹਾ ਜਾਂਦਾ ਹੈ ਕਿ ਜਾਇਸੀ ਦੀ ਸ਼ਾਦੀ ਵੀ ਹੋਈ ਸੀ ਤੇ ਉਹਨਾਂ ਦੇ ਕਈ ਸੰਤਾਨਾਂ ਸਨ । ਜਿੰਹਨਾਂ ਦਾ ਗੁਰੂ ਸਰਾਪਾਂ ਕਾਰਨ ਅੰਤ ਹੋ ਗਿਆ ਸੀ । ਪਰ ਕੁਝ ਵਿਦਵਾਨਾਂ ਦੇ ਅਨੁਸਾਰ ਇਹਨਾਂ ਦੇ ਵਿਵਾਹਿਕ ਜੀਵਨ ਬਾਰੇ ਸ਼ੱਕ ਹੈ । ਇਹਨਾਂ ਦੀ ਮੌਤ ਸੰਨ ੧੫੪੨ ਵਿਚ ਅਮੇਠੀ ਦਰਬਾਰ ਦੇ ਇਕ ਸ਼ਿਕਾਰੀ ਦੇ ਹੱਥੋ ਹੋਈ । ਸ਼ਿਕਾਰੀ ਦੇ ਹੱਥੋ ਉਸ ਵੇਲੇ ਮੌਤ ਹੋਈ ਜਦੋਂ ਇਹ ਰਾਤ ਨੂੰ ਇੱਕ ਜੰਗਲ ਵਿਚ ਬੈਠ ਕੇ ਸ਼ੇਰ ਦੀ ਆਵਾਜ਼ ਵਿਚ ਪੀਰੇ ਮੁਗਾਂ ਦਾ ਜਾਪ ਕਰ ਰਹੇ ਸਨ । ਅਮੇਠੀ ਦੇ ਰਾਜ ਮਹਿਲਾਂ ਦੇ ਨੇੜੇ ਇਹਨਾਂ ਦਾ ਮਜਾਰ ਸਥਿਤ ਹੈ । ਹੁਣ ਤੱਕ ਦੀਆਂ ਉਪਲਬੱਧ ਰਚਨਾਵਾਂ ਵਿਚ ਚਿੱਤਰ ਰੇਖਾ, ਅਖਰਾਵਟ, ਆਖਰੀ ਕਲਾਮ ਮਹਰੀ ਬਾਈਸੀ (ਅਧੂਰੀ) ਕਾਹਨਾਵਤ ਅਤੇ ਪਦਮਾਵਤ ਹੀ ਪ੍ਰਮਾਣਿਤ

ਮੰਨੀਆਂ ਗਈਆਂ ਹਨ। ਪਦਮਾਵਤ ਮਹਾਂ ਕਾਵਿ ਉਹਨਾਂ ਦੀ ਪ੍ਰਸਿੱਧੀ ਦਾ ਆਧਾਰ ਹੈ। ਪਦਮਾਵਤ ਦੀ ਰਚਨਾ ਸੂਫ਼ੀ, ਭਗਤੀ ਦੇ ਸਿਧਾਂਤਾਂ ਤੇ ਹੋਈ ਹੈ। ਇਸ ਵਿਚ ਭਾਰਤੀ ਸਮਾਜ ਵਿਚ ਪ੍ਰਚਲਿਤ ਰਤਨ ਸੇਨ ਅਤੇ ਪਦਮਾਵਤੀ ਦੀ ਲੌਕਿਕ ਪ੍ਰੇਮ ਕਥਾ ਦੇ ਮਾਧਿਅਮ ਤੋਂ ਅਲੌਕਿਕ ਪ੍ਰੇਮ ਦਾ ਚਿਤਰਣ ਕੀਤਾ ਗਿਆ ਹੈ।

ਜਾਇਸੀ ਨੇ ਆਪਣੇ ਜੀਵਨ ਕਾਲ ਵਿਚ ਦੋ ਗੁਰੂ ਧਾਰਨ ਕੀਤੇ। ਸਈਅਦ ਅਸ਼ਰਫ ਅਤੇ ਮੋਹਿਦੀ। ਉਹਨਾਂ ਦੀਆਂ ਰਚਨਾਵਾਂ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਸਈਅਦ ਅਸ਼ਰਫ ਉਹਨਾਂ ਦੇ ਦੀਖਿਆ ਗੁਰੂ ਅਤੇ ਮੋਹਿਦੀ ਉਹਨਾਂ ਦੇ ਕਾਵਿ ਗੁਰੂ ਸਨ। ਉਹਨਾਂ ਨੇ ਆਪਣੀ ਕਾਵਿ ਰਚਨਾ ਰਾਹੀਂ ਭਾਰਤੀ ਸੰਸਕ੍ਰਿਤੀ ਦੇ ਪ੍ਰਤੀ ਸੱਚੀ ਨਿਸ਼ਠਾ, ਧਰਮ ਪ੍ਰਤੀ ਆਸਥਾ ਅਤੇ ਹਿੰਦੂ-ਮੁਸਲਿਮ ਸੰਸਕ੍ਰਿਤੀ ਦੇ ਏਕੇ ਦੇ ਪ੍ਰਤੀ ਸੱਚੇ ਦਿਲੋਂ ਸ਼ਮਰਪਿਤ ਕੀਤਾ ਹੈ। ਜਾਇਸੀ ਜਾਤ ਦੇ ਮੁਸਲਮ ਅਤੇ ਸੂਫ਼ੀ ਕਵੀ ਹੁੰਦੇ ਹੋਇਆ ਵੀ ਹਿੰਦੀ ਸਾਹਿੱਤ ਦੇ ਸੂਰ, ਤੁਲਸੀ ਅਤੇ ਕਬੀਰ ਵਾਂਗ ਹੀ ਮਹੱਤਵਪੂਰਨ ਹਨ।

ਪੰਜਾਬੀ ਸਾਹਿੱਤ ਦੇ ਪਿਤਾਮਾ ਸ਼ੇਖ ਫ਼ਰੀਦ ਗੰਜ਼-ਏ-ਸ਼ਕਰ ਮਸੂਦ ਹਨ। ਗੰਜ਼-ਏ-ਸ਼ਕਰ ਮਸੂਦ ਦਾ ਜਨਮ ਜਾਇਸੀ ਤੋਂ ਲਗਭਗ 300 ਵਰ੍ਹੇ ਪਹਿਲਾਂ ਸਨ 1175 ਈ: ਨੂੰ ਗੱਟੀ ਵਾਲਾ (ਖੋਤਵਾਲ) ਜ਼ਿਲ੍ਹਾ ਮੁਲਤਾਨ ਪੰਜਾਬ ਵਿਚ ਹੋਇਆ। ਕੁਝ ਗ੍ਰੰਥਾਂ ਵਿਚ ਇਹਨਾਂ ਦਾ ਜਨਮ ਸਨ 1171 ਈ: ਵੀ ਦੱਸਿਆ ਗਿਆ ਹੈ। ਫ਼ਰੀਦ ਜੀ ਨੇ ਆਪਣੀ ਮੁੱਢਲੀ ਸਿੱਖਿਆ ਆਪਣੇ ਪਿੰਡ ਹੀ ਪ੍ਰਾਪਤ ਕੀਤੀ। ਇਸ ਤੋਂ ਬਾਅਦ ਮੁਲਤਾਨ ਦੇ ਮੁਲਾਨਾ ਤਿਰਮਜੀ ਜੁਦੀਨ ਮਿਨਹਾ ਦੀ ਮਸਜਿਦ ਦੇ ਮਦਰਸੇ ਵਿਚ ਗ੍ਰੰਥਾਂ ਦਾ ਅਧਿਐਨ ਕੀਤਾ। ਇਸ ਸਮੇਂ ਤੱਕ ਆਪ ਜੀ ਨੂੰ ਕੁਰਾਨ ਸ਼ਰੀਫ ਜ਼ੁਬਾਨੀ ਯਾਦ ਹੋ ਗਿਆ ਸੀ। ਏਸੇ ਦੌਰਾਨ ਆਪ ਜੀ ਦਾ ਸੰਪਰਕ ਇੱਕ ਯੁੱਗ ਮੁਰਸ਼ਦ ਖਵਾਜਾ ਬਖ਼ਤਿਆਰ ਕਾਕੀ ਨਾਲ ਹੋਇਆ। ਫ਼ਰੀਦ ਜੀ ਨੇ ਉਹਨਾਂ ਨੂੰ ਆਪਣਾ ਗੁਰੂ ਧਾਰਨ ਕਰ ਲਿਆ। ਵਾਜਾ ਮੀਨੂ ਦੀਨ ਚਿਸਤੀ ਨੇ ਆਪ ਜੀ ਤੇ ਅਸੀਮ ਕਿਰਪਾ ਕਰਕੇ ਆਪ ਜੀ ਨੂੰ ਅਥਾਹ ਗਿਆਨ ਦਾ ਭੰਡਾਰ ਦਿੱਤਾ ਅਤੇ ਬਖ਼ਤਿਆਰ ਕਾਕੀ ਨੇ ਆਪ ਜੀ ਨੂੰ ਤਪੱਸਿਆ ਕਰਨ ਲਈ ਪਰੇ ਰਿਆ। ਆਪ ਜੀ ਦੇ ਹਿਰਦੇ ਵਿਚ ਛੁਪੀ ਹੋਈ ਰੱਬੀ ਲਗਨ ਨੂੰ ਆਮ ਪੁਰਖ ਬਹੁਤ ਜਲਦੀ ਭਾਂਪ ਲੈਂਦੇ ਸਨ। ਆਪ ਜੀ ਸਭ ਕੁਝ ਛੱਡ ਕੇ ਤਪੱਸਿਆ ਲਈ ਹਾਂਸੀ ਆ ਗਏ। ਏਥੇ ਲਗਭਗ 20 ਸਾਲ ਤਪੱਸਿਆ ਕੀਤੀ। ਆਪ ਜੀ ਦੇ ਮੁਰਸ਼ਦ ਬਖ਼ਤਿਆਰ ਕਾਕੀ ਜੀ ਦੇ ਪਰਲੋਕ ਸਿਧਾਰਨ 'ਤੇ ਆਪ ਜੀ ਨੇ ਚਿਸਤੀ ਸੰਪਰਦਾਇ ਦੀ ਵਾਗਡੋਰ

ਸੰਭਾਲੀ ਪਰ ਆਪ ਹਾਂਸੀ ਛੱਡ ਕੇ ਫਿਰ ਆਪਣੇ ਪਿੰਡ ਆ ਗਏ । ਕੁਝ ਸਮਾਂ ਰਹਿਣ ਤੋਂ ਬਾਅਦ ਅਜੋਧਨ ਨਾਮੀ ਅਸਥਾਨ ਤੇ ਚਲੇ ਗਏ ਜਿਸ ਨੂੰ ਅੱਜ ਕਲ੍ਹ ਪਾਕ ਪਟਨ ਆਖਿਆ ਜਾਂਦਾ ਹੈ । ਇਹ ਅਸਥਾਨ ਆਪ ਜੀ ਨੂੰ ਭਜਨ ਬੰਦਗੀ ਲਈ ਅਨੁਕੂਲ ਲੱਗਾ ਇਸ ਲਈ ਆਪ ਏਥੇ ਹੀ ਰਹਿਣ ਲੱਗ ਪਏ ।

ਆਪ ਗ੍ਰਹਿਸਥੀ ਸਨ । ਆਪ ਜੀ ਦੀਆਂ ਇਕ ਤੋਂ ਵੱਧ ਸ਼ਾਦੀਆਂ ਸਨ । ਜਿਸ ਤੋਂ 8 ਸੰਤਾਨਾਂ ਹੋਈਆਂ । ਆਪ ਜੀ ਨੇ ਗ੍ਰਹਿਸਥੀ ਹੁੰਦਿਆ ਹੋਇਆ ਵੀ ਸੰਸਾਰ ਤੋਂ ਨਿਰਲੇਪ ਰਹਿ ਕੇ ਜਪ-ਤਪ ਕਰਕੇ ਆਪਣੀ ਆਤਮਾ ਨੂੰ ਉਸ ਦਿਵ-ਸ਼ਕਤੀ ਨਾਲ ਪ੍ਰਕਾਸ਼ਤ ਕੀਤਾ । ਆਖਿਆ ਜਾਂਦਾ ਹੈ ਕਿ ਇੱਕ ਦਿਨ ਆਪ ਇਸ਼ਾ ਦੀ ਨਮਾਜ਼ ੩ ਵਾਰ ਅਦਾ ਕਰਨ ਤੋਂ ਬਾਅਦ ਬੇਹੋਸ਼ ਹੋ ਕੇ ਡਿੱਗ ਪਏ ਅਤੇ 'ਯਾ ਹੀ ਯਾ ਕਿਊਮ' ਅਰਥਾਤ ਏ ਸਦਾ ਰਹਿਣ ਵਾਲੇ ਅਭਿਲਾਸ਼ੀ ਖੁਦਾ ਕਹਿੰਦੇ ਹੋਏ 15 ਅਕਤੂਬਰ ਸਨ 1265 ਈ: ਨੂੰ ਪਰਲੋਕ ਸਿਧਾਰ ਗਏ । ਪਰਲੋਕ ਸਿਧਾਰਨ ਤੋਂ ਪਹਿਲਾ ਆਪ ਜੀ ਨੇ ਸ਼ੇਖ ਨਿਜ਼ਾਮੂਦੀਨ ਔਲੀਆ ਨੂੰ ਆਪਣੀ ਗੱਦੀ ਦਾ ਵਾਰਿਸ ਬਣਾ ਦਿੱਤਾ ਸੀ ।

ਬਾਬਾ ਸ਼ੇਖ ਫ਼ਰੀਦ ਅਤੇ ਮੁਹੰਮਦ ਜਾਇਸ਼ੀ ਦੋਵੇਂ ਮਹਾਨ ਸੂਫ਼ੀ ਸਾਧਕ ਸਨ । ਸ਼ੇਖ ਫ਼ਰੀਦ ਅਰਬੀ ਫ਼ਾਰਸੀ ਅਤੇ ਪੰਜਾਬੀ ਵਿਚ ਕਵਿਤਾ ਰਚਦੇ ਸਨ । ਮਲਿਕ ਮੁਹੰਮਦ ਜਾਇਸੀ ਅਵੱਧੀ (ਹਿੰਦੀ) ਸੂਫ਼ੀ ਕਾਵਿ ਧਾਰਾ ਅਰਥਾਤ ਪ੍ਰੇਮ ਮਾਰਗੀ ਸ਼ਾਖਾ ਦੇ ਪ੍ਰਤੀਨਿਧ ਕਵਿ ਦੇ ਰੂਪ ਦੇ ਵਿਚ ਸਥਾਪਿਤ ਹੋਏ । ਭਾਵੇਂ ਫ਼ਰੀਦ ਤੇ ਜਾਇਸੀ ਦਾ ਰਚਨਾ ਕਾਲ ਭਿੰਨ ਹੈ ਪਰ ਉਹਨਾਂ ਦਾ ਕੰਮ ਅਤੇ ਉਦੇਸ਼ ਇੱਕ ਹੈ ਸੂਫ਼ੀ ਕਾਵਿ ਧਾਰਾ ਦਾ ਪ੍ਰਚਾਰ । ਫ਼ਰੀਦ ੧੨ਵੀਂ ਸਦੀ ਵਿਚ ਹੋਏ ਸਨ ਅਤੇ ਜਾਇਸੀ ੧੫ਵੀਂ ਸਦੀ ਵਿਚ ਪਰ ਇਸ ੩੦੦ ਸਾਲ ਦੇ ਅੰਤਰ ਦੇ ਬਾਵਜੂਦ ਵੀ ਸੂਫ਼ੀ ਕਾਵਿ ਧਾਰਾ ਦਾ ਪ੍ਰਵਾਹ ਰੁਕਿਆ ਨਹੀਂ ਲਗਾਤਾਰ ਅੱਗੇ ਵਧਦਾ ਗਿਆ । ਇਹ ਫ਼ਰੀਦ ਵਰਗੇ ਸੂਫ਼ੀ ਸਾਧਕਾਂ ਦੀ ਨਿਸ਼ਠਾ ਅਤੇ ਪ੍ਰਚਾਰ ਪੱਧਤੀ ਦਾ ਹੀ ਫਲ ਹੈ । ਭਾਵੇਂ ਦੋ ਸੂਫ਼ੀ ਸਾਧਕਾਂ ਦਾ ਅਧਿਐਨ ਇਕ ਅਜੀਬ ਜਿਹੀ ਗੱਲ ਲਗਦੀ ਹੈ ਤਾਂ ਵੀ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ 300 ਸਾਲਾਂ ਦੇ ਅੰਤਰ ਦੇ ਬਾਵਜੂਦ ਵੀ ਭਾਸ਼ਾ ਦੀ ਭਿੰਨਤਾ, ਸਥਾਨ ਦੀ ਭਿੰਨਤਾ ਹੁੰਦਿਆ ਹੋਇਆ ਵੀ ਦੋਨਾਂ ਕਵੀਆਂ ਦੀ ਵਿਚਾਰਧਾਰਾ ਸੂਫ਼ੀ ਸਿਧਾਤਾਂ ਦੇ ਅਨੁਕੂਲ ਸੀ । ਫ਼ਰੀਦ ਜੀ ਦਾ ਜਨਮ ਪੰਜਾਬ ਵਿਚ ਹੋਇਆ ਸੀ ਜਦ ਕਿ ਜਾਇਸੀ ਦਾ ਜਨਮ ਰਾਇਬਰੇਲੀ (ਉੱਤਰ ਪ੍ਰਦੇਸ਼) ਵਿਖੇ ਹੋਇਆ ਸੀ । ਫ਼ਰੀਦ ਬਾਣੀ ਪੰਜਾਬੀ ਵਿਚ ਹੈ ਜਦ ਕਿ ਜਾਇਸੀ ਦੀਆਂ ਸਾਰੀਆਂ

ਰਚਨਾਵਾਂ ਅਵਧੀ (ਹਿੰਦੀ) ਵਿਚ ਹਨ । ਫ਼ਰੀਦ ਜੀ ਨੇ ਆਪਣੀ ਬਾਣੀ ਭਿੰਨ-ਭਿੰਨ ਛੰਦਾ ਵਿਚ ਰਚੀ ਜਦ ਕਿ ਜਾਇਸੀ ਨੇ ਪ੍ਰਬੰਧ ਕਾਵਿ ਅਤੇ ਖੰਡ ਕਾਵਿ ਦੀ ਰਚਨਾ ਕੀਤੀ । ਇਹਨਾਂ ਭਿੰਨਤਾਵਾਂ ਦੇ ਆਧਾਰ ਤੇ ਉਹਨਾਂ ਦੀਆਂ ਰਚਨਾਵਾਂ ਵਿਚ ਵੀ ਮੌਲਿਕ ਅੰਤਰ ਸੁਭਾਵਕ ਹੈ ਜੋ ਉਹਨਾਂ ਦੇ ਸਥਾਨਕ ਅਤੇ ਭਾਸ਼ਾ ਸਬੰਧੀ ਪ੍ਰਭਾਵਾਂ ਦਾ ਲਖਾਇਕ ਹੈ । ਫਿਰ ਵੀ ਉਹਨਾਂ ਨੇ ਆਪਣੀਆਂ ਰਚਨਾਵਾਂ ਵਿਚ ਸੂਫੀ ਸਿਧਾਂਤਾਂ ਦਾ ਨਿਰੂਪਣ ਕੀਤਾ ਹੈ।

ਦੋਨੋਂ ਮਹਾਨ ਸੂਫ਼ੀ ਸਾਧਕ ਅਧਿਆਤਮਕ ਸਾਹਿੱਤ ਦੇ ਨਾਲ-ਨਾਲ ਸਾਹਿੱਤਿਕ ਜਗਤ ਦੇ ਵੀ ਸਥਾਪਿਤ ਵਿਦਵਾਨ ਹਨ । ਫ਼ਰੀਦ ਪੰਜਾਬੀ ਸਾਹਿੱਤ ਦੇ ਆਦਿ ਕਵੀ ਤੇ ਜਾਇਸੀ ਭਗਤੀ ਕਾਲ ਦੇ ਪ੍ਰੇਮ ਮਾਰਗੀ ਸ਼ਾਖਾ ਦੇ ਪ੍ਰਮੁੱਖ ਕਵੀ ਹਨ । ਦੋਨੋਂ ਰਾਜ ਦਰਬਾਰ ਵਲੋਂ ਸਨਮਾਨਿਤ ਕਵੀ ਸਨ । ਗੁਲਾਮ ਬਾਦਸ਼ਾਹ ਬਲਬਨ ਦਾ ਦਾਮਾਦ ਹੋਣ ਕਾਰਨ ਫ਼ਰੀਦ ਜੀ ਨੂੰ ਰਾਜ ਵਿਚ ਆਦਰ ਮਾਣ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਂਦਾ ਸੀ। ਉਧਰ ਅਮੇਠੀ ਦੇ ਰਾਜਾ ਰਾਮ ਸਿੰਘ ਜਾਇਸੀ ਦਾ ਬਹੁਤ ਮਾਣ ਕਰਦੇ ਸਨ । ਕਿਉਂਕਿ ਇਹਨਾਂ ਦੇ ਅਸ਼ੀਰਵਾਦ ਨਾਲ ਹੀ ਉਹਨਾਂ ਦੇ ਘਰ ਔਲਾਦ ਹੋਈ ਸੀ । ਦੋਨੋਂ ਮਾਨਵਤਾਵਾਦੀ ਕਵੀ ਹਨ ਦੋਨੋਂ ਸੂਫ਼ੀ ਪਰਚਾਰਕ ਅਤੇ ਸਾਧਕ ਹਨ । ਦੋਨਾਂ ਕਵੀਆਂ ਨੇ ਆਪਣੇ ਮਤ ਦੀ ਸਥਾਪਨਾ ਲਈ ਕਿਸੇ ਦੂਸਰੇ ਮੱਤ ਦਾ ਖੰਡਨ ਨਹਾ ਕੀਤਾ । ਦੋਨੋ ਨਿਰਗੁਣ ਬ੍ਰਹਮ ਵਿਚ ਆਸਥਾ ਰੱਖਦੇ ਹਨ । ਦੋਨਾਂ ਨੇ ਪ੍ਰੇਮ ਦੇ ਮਹੱਤਵ ਨੂੰ ਪਛਾਣਦਿਆ ਹੋਇਆ ਬਿਰਹਾਂ ਨੂੰ ਮਹੱਤਵਪੂਰਨ ਮੰਨਿਆ ਹੈ ।

ਫ਼ਰੀਦ ਅਤੇ ਜਾਇਸੀ ਦੇ ਕਾਵਿੰ ਵਿਚ ਭਾਵੇਂ ਪ੍ਰਸੰਥਿਤੀਆਂ ਅਤੇ ਸਥਾਨਕ ਸੰਦਰਭਾਂ ਦੇ ਪ੍ਰਭਾਵ ਦੇ ਕਾਰਣ ਅਤੇ ਭਾਸ਼ਾ ਗਤ ਤੇ ਸ਼ੈਲੀ ਗਤ ਪਰਵਿਰਤਨ ਦੇ ਫ਼ਲਸਰੂਪ ਕੋਈ ਫਰਕ ਨਜ਼ਰ ਆਉਂਦਾ ਹੋਵੇ ਤਾਂ ਵੀ ਦਾਰਸ਼ਨਿਕਤਾ ਦੋਨਾਂ ਦੀ ਕਵਿਤਾ ਵਿਚੋਂ ਸਮਾਨ ਰੂਪ ਵਿਚ ਝਲਕਦੀ ਹੈ । ਦੋਵੇਂ ਗੁਰੂ ਦੇ ਮਹੱਤਵ ਨੂੰ ਪਛਾਣਦੇ ਹਨ । ਸੂਫ਼ੀ ਇਸ ਨੂੰ ਮੁਰਸਦ ਕਹਿੰਦੇ ਹਨ । ਇਸ ਮਾਇਆ ਜਾਲ ਤੋਂ ਨਿਕਲਣ ਲਈ ਗੁਰੂ ਹੀ ਜੀਵ ਦਾ ਮਾਰਗ ਦਰਸ਼ਨ ਕਰਦਾ ਹੈ । ਫਰੀਦ ਜੀ ਅਨੁਸਾਰ ਇਹ ਸੰਸਾਰ ਰੰਗਸਥਲੀ ਹੈ । ਵਿਸ਼ੇ ਵਾਸ਼ਨਾਵਾਂ ਦਾ ਜ਼ਹਿਰੀਲਾ ਬਾਗ ਬਹੁਤ ਹੀ ਆਕਰਸ਼ਕ ਹੈ ਅਤੇ ਜਿੰਨ੍ਹਾ ਤੇ ਗੁਰੂ ਜਾਂ ਪੀਰ ਦੀ ਨਿਗਾਹ ਪੈਂਦੀ ਹੈ ਉਹ ਹੀ ਇਹਨਾ ਵਿਸ਼ੇ ਵਾਸ਼ਨਾਵਾਂ ਤੋਂ ਬੱਚ ਸਕਦੇ ਹਨ ।

ਫ਼ਰੀਦਾ ਭੂਮੀ ਰੰਗਾਵਲੀ ਮੰਝਿ ਵਿਸੂਲਾ ਬਾਗ ॥
ਜੋ ਜਨ ਪੀਰ ਨਿਵਾਜਿਆ ਤਿੰਨਾ ਅੰਚ ਨਾ ਲਾਗ ॥

ਇਸੇ ਤਰ੍ਹਾਂ ਜਾਇਸੀ ਵੀ ਗੁਰੂ ਨੂੰ ਮਾਰਗ ਦਰਸ਼ਕ ਮੰਨਦੇ ਹਨ ਉਹਨਾਂ ਦੇ ਪਦਮਾਵਤ ਵਿਚ ਪ੍ਰਤੀਕਆਤਮਕ ਕਥਾ ਸੂਤਰ ਹੈ। ਜਿਹੜਾ ਜੀਵ ਆਤਮਾ ਰਾਜਾ ਰਤਨ ਸੇਨ ਨੂੰ ਪਦਮਾਵਤੀ ਰੂਪੀ ਬ੍ਰਹਮ ਨੂੰ ਪ੍ਰਾਪਤ ਕਰਨ ਦਾ ਰਾਹ ਦਰਸਾਉਂਦਾ ਹੈ। ਉਹ ਹੀਰਾਮਨ ਤੋਤਾ ਹੈ ਜੋ ਗੁਰੂ ਦਾ ਪ੍ਰਤੀਕ ਹੈ।

ਗੁਰੂ ਸੂਆ ਜੇਹਿ ਪੰਥ ਦਿਖਾਵਾ
ਬਿਨ ਗੁਰੂ ਜਗਤ ਕੋ ਨਿਰਗੁਣ ਪਾਵਾ ॥

ਗੁਰੂ ਹੀ ਮਨੁੱਖ ਨੂੰ ਆਤਮ ਗਿਆਨ ਰਾਹੀਂ ਬ੍ਰਹਮ ਦੀ ਪ੍ਰਾਪਤੀ ਵਿਚ ਸਹਾਇਕ ਹੁੰਦਾ ਹੈ।

ਦੋਨ• ਸੂਫ਼ੀ ਸਾਧਕ ਪ੍ਰੇਮ ਨੂੰ ਆਪਣੇ ਕਾਵਿ ਵਿਚ ਲੌਕਿਕ ਨਹੀਂ ਇੱਕ ਅਲੌਕਿਕ ਤੱਤ ਮੰਨ ਕੇ ਚੱਲੇ ਹਨ। ਫ਼ਰੀਦ ਜੀ ਦੀ ਤਾਂ ਇਹ ਧਾਰਨਾ ਹੈ ਕਿ ਪ੍ਰੇਮ ਜੀਵਨ ਦੀ ਸਭ ਤੋਂ ਅਨਮੋਲ ਵਸਤੂ ਹੈ ਉਹ ਤਾਂ ਪਿਆਰ ਰਹਿਤ ਜੋਬਨ ਨੂੰ ਨਿਰਾਰਥਕ ਮੰਨਦੇ ਹਨ ਉਹ ਈਸ਼ਵਰ ਤੋਂ ਪਿਆਰ ਨਾ ਟੁੱਟਣ ਦੀ ਪ੍ਰਾਥਨਾ ਕਰਦੇ ਹੋਏ ਆਖਦੇ ਹਨ :-

ਜੋਬਨ ਜਾਂਦੇ ਨਾ ਡਰਾਂ ਜੇ ਸਹਿ ਪ੍ਰੀਤਿ ਨ ਜਾਇ ॥
ਫ਼ਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥

ਉਧਰ ਜਾਇਸੀ ਨੇ ਪ੍ਰੇਮ ਨੂੰ ਆਧਾਰ ਮੰਨ ਕੇ ਹੀ ਮੁਕਤੀ ਦਾ ਮਾਰਗ ਲੱਭਣ ਲਈ ਪ੍ਰੇਰਿਆ ਹੈ। ਉਹ ਤਾਂ ਪ੍ਰੇਮ ਦੀ ਪ੍ਰਧਾਨਤਾ ਦੇ ਕਾਰਨ ਹੀ ਹਿੰਦੀ ਸਾਹਿੱਤ ਵਿਚ ਮੱਧ-ਕਾਲੀ ਪ੍ਰੇਮ ਮਾਰਗੀ ਸ਼ਾਖਾ ਦੇ ਪ੍ਰਤਿਨਿਧ ਕਵੀ ਮੰਨੇ ਗਏ ਹਨ। ਉਹਨਾਂ ਨੇ ਭਾਰਤੀ ਪ੍ਰੇਮ ਕਹਾਣੀਆਂ ਨੂੰ ਸੂਫ਼ੀ ਕਥਾਨਕਾਂ ਵਿਚ ਢਾਲਿਆ ਹੈ। ਉਹਨਾਂ ਦੀ ਮਾਨਤਾ ਹੈ ਕਿ ਲੌਕਿਕ ਪ੍ਰੇਮ ਹੀ ਅਲੌਕਿਕ ਪ੍ਰੇਮ ਦੀ ਤਰਫ ਲੈ ਜਾਣ ਦਾ ਸਰਲ ਮਾਰਗ ਹੈ। ਉਹਨਾਂ ਦੇ ਪਾਤਰਾਂ ਦਾ ਪ੍ਰੇਮ ਜੀਵ-ਆਤਮਾ ਅਤੇ ਪ੍ਰਮਾਤਮਾ ਦਾ ਹੀ ਪ੍ਰੇਮ ਹੈ। ਜਾਇਸੀ ਨੇ ਪਦਮਾਵਤ ਵਿਚ ਇਸ ਪ੍ਰੇਮ ਨੂੰ ਚਿਤਰਿਆ ਹੈ।

ਕਹਾ ਮੁਹਮੰਦ ਪ੍ਰੇਮ ਕਹਾਣੀ, ਸੁਨਿ ਜੋ ਗਿਆਨੀ ਭਏ ਧਿਆਨੀ ॥
ਕਹੇ ਪ੍ਰੇਮ ਕੈ ਬਰਨਿ ਕਹਾਣੀ। ਜੋ ਬੁਝੈ ਸੋ ਸਿਧ ਗਿਆਨੀ ॥

ਜਾਇਸੀ ਨੇ ਆਪਣੇ ਇਸ ਮਹਾਂ ਕਾਵਿ ਵਿਚ ਜਿਸ ਪ੍ਰੇਮ ਨੂੰ ਪ੍ਰਗਟਾਇਆ ਹੈ ਉਹ ਅਧਿਆਤਮਕ ਕੋਟੀ ਦਾ ਹੈ।

ਪ੍ਰੇਮ ਅਤੇ ਬਿਰਹਾ ਇਕੋ ਸਿੱਕੇ ਦੇ ਦੋ ਪਹਿਲੂ ਹਨ। ਜਿਥੇ ਪ੍ਰੇਮ ਦਾ ਚਿਤਰਣ

ਹੁੰਦਾ ਹੈ ਉੱਥੇ ਬਿਰਹਾ ਦਾ ਹੋਣਾ ਬਹੁਤ ਜ਼ਰੂਰੀ ਹੈ। ਜਾਇਸੀ ਦੇ ਅਨੁਸਾਰ ਪ੍ਰੇਮ ਵਿਚ ਅਧਾਰ ਬਿਰਹਾ ਹੁੰਦਾ ਹੈ। ਜਾਇਸੀ ਦੇ ਪਦਮਾਵਤ ਵਿਚ ਨਾਗਮਤੀ ਆਪਣੇ ਪਤੀ ਦੇ ਯੋਗੀ ਹੋ ਜਾਣ ਤੇ ਪਦਮਾਵਤੀ ਨੂੰ ਪਾਉਣ ਦੀ ਕੋਸ਼ਿਸ਼ ਵਿਚ ਜਿਸ ਬਿਰਹਾ ਦੀ ਅੱਗ ਵਿਚ ਸੜਦੀ ਹੈ ਉਹ ਸਾਹਿੱਤ ਜਗਤ ਵਿਚ ਆਪਣਾ ਸਾਨੀ ਨਹੀਂ ਰੱਖਦਾ। ਉਸ ਦੇ ਬਿਰਹੋਂ ਦੇ ਤਾਪ ਕਾਰਣ ਹੀ ਸਵਰਗ ਅਤੇ ਪਤਾਲ ਸੜਦੇ ਰਹਿੰਦੇ ਹਨ। ਸੂਰਜ ਵੀ ਉਸ ਦੇ ਬਿਰਹਾ ਦੀ ਅੱਗ ਵਿਚ ਸੜ ਕੇ ਕੰਬ ਰਿਹਾ ਹੈ ਅਤੇ ਰਾਤ ਦਿਨ ਤਪਦਾ ਰਹਿੰਦਾ ਹੈ।

ਤਾਰੇ ਅਤੇ ਹੋਰ ਗ੍ਰਹਿ ਵੀ ਉਸ ਦੇ ਬਿਰਹਾ ਵਿਚ ਸੜਦੇ ਹਨ ਅਤੇ ਉਲਕਾਵਾਂ ਵੀ ਇਸੇ ਕਾਰਨ ਟੁੱਟ ਕੇ ਧਰਤੀ ਤੇ ਡਿੱਗ ਰਹੀਆਂ ਹਨ।

ਬਿਰਹ ਕੀ ਆਗਿ ਸੂਰ ਜਰਿ ਕਾਪਾ
ਰਾਤਿਹੀ ਦਿਵਸ ਜਰੈ ਓਹੀ ਤਾਪਾ
ਔ ਸਭ ਨਖਤ ਤਰਾਈ ਜਰਹੀ
ਟੂਟਹੀ ਲੂਕ ਧਰਤੀ ਮਹੋਂ ਪਰਹੀ

ਫ਼ਰੀਦ ਜੀ ਵੀ ਬਿਰਹਾ ਨੂੰ ਪ੍ਰੇਮ ਦੀ ਪ੍ਰਪੱਕਤਾ ਲਈ ਜ਼ਰੂਰੀ ਮੰਨਦੇ ਹਨ। ਜਿਸ ਤਨ ਵਿਚ ਬਿਰਹਾ ਦੀ ਤੜਪ ਨਹੀਂ ਉਹ ਤਨ ਮਸਾਣ ਦੀ ਤਰ੍ਹਾਂ ਹੈ। ਬਿਰਹੋ ਤਾਂ ਪ੍ਰਫੁਲਿਤ ਹੋ ਰਹੇ ਪ੍ਰੇਮ ਦੀ ਉਹ ਅਨੂਠੀ ਅਵੱਸਥਾ ਹੈ ਜਿਸ ਵਿਚ ਪ੍ਰੇਮੀ ਪ੍ਰੇਮ ਦਾ ਰਸੀਆ ਬਣ ਜਾਂਦਾ ਹੈ। ਫ਼ਰੀਦ ਜੀ ਬਿਰਹਾ ਨੂੰ ਸਰਸ਼ੇਠ ਮੰਨਦੇ ਹੋਏ ਆਖਦੇ ਹਨ :-

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ
ਫਰੀਦਾ ਜਿਨੁ ਤਨ ਬਿਰਹਾ ਨ ਉਪਜੈ ਸੋ ਤਨੁ ਜਾਨੁ ਮਸਾਨੁ ॥

ਬਿਰਹਾ-ਵੇਦਨਾ ਵਿਚ ਫ਼ਰੀਦ ਜੀ ਦਾ ਅੰਗ-ਅੰਗ ਤਪਨ ਲਗਦਾ ਹੈ। ਉਹ ਆਪਣੇ ਪ੍ਰੀਤਮ ਦੀ ਜੁਦਾਈ ਨੂੰ ਸਹਿਣ ਨਹੀਂ ਕਰ ਸਕਦੇ ਭਾਵੇਂ ਉਸ ਨੂੰ ਪਾਉਣ ਲਈ ਕਿੰਨੇ ਹੀ ਕਸ਼ਟ ਕਿਉਂ ਨਾ ਝੱਲਣੇ ਪੈਣ ਉਹ ਆਖਦੇ ਹਨ :-

ਤਨੁ ਤਪੈ ਤਨੂਰ ਜਿਉ ਬਾਲਨ ਹਡ ਬਲੰਨਹ ॥
ਪੈਰੀ ਥਕਾਂ ਸਿਰਿ ਜੁਲਾ ਜੇ ਮੂ ਪਿਰੀ ਮਿਲੰਨਹ ॥

ਅਰਥਾਤ ਮੇਰਾ ਜਿਸਮ ਤੰਦੂਰ ਦੀ ਤਰ੍ਹਾਂ ਤਪ ਰਿਹਾ ਹੈ ਹੱਡੀਆਂ ਬਾਲਣ ਵਾਂਗ ਬਲ ਰਹੀਆਂ ਹਨ। ਅਗਰ ਮੇਰਾ ਮਾਲਕ ਮੈਨੂੰ ਮਿਲ ਸਕੇ ਤਾਂ ਮੈਂ ਪੈਰਾਂ ਦੇ ਥੱਕਣ ਦੇ

ਬਾਵਜੂਦ ਵੀ ਸਿਰ ਦੇ ਭਾਰ ਤੁਰਣ ਲੱਗਾ। ਪਰ ਮੈਂ ਪ੍ਰੀਤਮ ਦਾ ਵਿਛੋੜਾ ਨਹੀਂ ਸਹਿ ਸਕਦੀ।

ਦੋਨੋਂ ਮਹਾਨ ਕਵੀ ਰਹੱਸਵਾਦੀ ਸੂਫ਼ੀ ਸਾਧਕ ਹਨ। ਦੋਵਾ ਦਾ ਰਹੱਸਵਾਦ ਉੱਚ ਕੋਟੀ ਦਾ ਹੈ। ਰਹੱਸਵਾਦ ਇੱਕ ਅਨੁਭਵ ਹੈ ਜਿਸਦਾ ਪ੍ਰਗਟਾਅ ਅਧਿਆਤਮਕ ਖੇਤਰ ਵਿੱਚ ਜ਼ਿਆਦਾ ਹੁੰਦਾ ਹੈ। ਦੋਨਾਂ ਸਾਧਕਾਂ ਦੀ ਅਨਭੂਤੀ ਕਾਵਿ ਦੇ ਰੂਪ ਵਿਚ ਪ੍ਰਗਟ ਹੁੰਦੀ ਰਹੀ ਅਤੇ ਲੋਕ ਕਲਿਆਣ ਲਈ ਉਸ ਦਾ ਪ੍ਰਚਾਰ ਹੁੰਦਾ ਰਿਹਾ। ਦੋਨਾਂ ਦਾ ਰਹੱਸਵਾਦ ਭਾਵਨਾ ਪ੍ਰਧਾਨ ਬਿਰਹੋਂ ਦੀ ਪੀੜ ਤੋਂ ਨਿਕਲਿਆ ਹੋਇਆ ਅਤੇ ਪਿਆਰ ਵਿਚ ਡੁੱਬਿਆ ਹੋਇਆ ਹੈ। ਦੋਨਾਂ ਦਾ ਰਹੱਸਵਾਦ ਆਤਮਾ-ਪ੍ਰਮਾਤਮਾ ਦੇ ਪਿਆਰ ਦਾ ਲਖਾਇਕ ਹੈ। ਪਰ ਆਤਮਾ ਤੇ ਪ੍ਰਮਾਤਮਾ ਦਾ ਮਿਲਣ ਤਾਂ ਹੀ ਹੋ ਸਕਦਾ ਹੈ ਜੇ ਸੂਫ਼ੀ ਸਾਧਕਾਂ ਅਨੁਸਾਰ ਸੈਤਾਨ ਉਸ ਵਿਚ ਰੁਕਾਵਟ ਨਾ ਪਾਵੇ। ਭਾਰਤੀ ਸਾਧਕਾਂ ਨੇ ਏਸੇ ਸ਼ੈਤਾਨ ਨੂੰ ਮਾਇਆ ਕਿਹਾ ਹੈ ਸ਼ੈਤਾਨ ਜੀਵ-ਆਤਮਾ ਨੂੰ ਭਟਕਾਉਂਦਾ ਹੈ ਤਾਂ ਕਿ ਉਹ ਪ੍ਰਮਾਤਮਾ ਨੂੰ ਨਾ ਮਿਲ ਸਕੇ। ਫ਼ਰੀਦ ਜੀ ਆਖਦੇ ਹਨ ਕਿ ਜਿਹਨਾਂ ਲੋਕਾਂ ਨੂੰ ਸ਼ੈਤਾਨ ਨੇ ਬੁਰੇ ਰਾਹ ਤੇ ਪਾਇਆ ਹੈ ਉਹ ਸੱਚੇ ਮਾਰਗ ਤੇ ਨਹੀਂ ਚੱਲ ਸਕਦੇ। ਲੱਖ ਸਮਝਾਉਣ ਤੇ ਵੀ ਉਹਨਾਂ ਦਾ ਮਨ ਪ੍ਰਮਾਤਮਾ ਦਾ ਧਿਆਨ ਨਹੀਂ ਕਰਦਾ।

ਫ਼ਰੀਦਾ ਕੂਕੇਂਦਿਆਂ ਚਾਂਗੇਦਿਆਂ ਮਤੀ ਦੇਦਿਆਂ ਨਿੱਤ ॥
ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥

ਜਾਇਸੀ ਨੇ ਵੀ ਪ੍ਰਮਾਤਮਾ ਰੂਪੀ ਪਦਮਾਵਤੀ ਨੂੰ ਪ੍ਰਾਪਤ ਕਰਨ ਲਈ ਜੀਵ-ਆਤਮਾ ਰਤਨ ਸੇਨ ਦੇ ਰਾਹ ਵਿਚ ਰਾਘਵ ਚੇਤਨ ਵਰਗੇ ਸ਼ੈਤਾਨ ਪਾਤਰ ਨੂੰ ਰਾਹ ਵਿਚ ਰੋੜਾ ਦਰਸਾਇਆ ਹੈ। ਪਦਮਾਵਤ ਦੇ ਅੰਤ ਵਿਚ ਕਵੀ ਨੇ ਇਸ ਮਹਾਂ ਕਵਿ ਦਾ ਅਨਯੋਕਤੀ ਪਰਕ ਅਰਥ ਦਿੱਤਾ ਹੈ। ਉਸ ਤੋਂ ਇਹ ਗੱਲ ਹੋਰ ਵੀ ਜ਼ਿਆਦਾ ਸਪਸ਼ਟ ਹੋ ਜਾਂਦੀ ਹੈ ਭਾਵੇਂ ਕੁਝ ਅਲੋਚਕਾਂ ਨੇ ਇਸ ਅੰਸ਼ ਨੂੰ ਬਾਅਦ ਵਿਚ ਸ਼ਾਮਿਲ ਕੀਤਾ ਮੰਨਿਆ ਹੈ ਤਾਂ ਵੀ ਇਹ ਨਿਸ਼ਕਰਸ਼ ਇਸ ਗ੍ਰੰਥ ਦੀਆ ਕਈ ਮਹੱਤਵਪੂਰਨ ਗੁੱਥੀਆਂ ਨੂੰ ਸੁਲਝਾਉਣ ਵਿਚ ਸਫਲ ਸਿੱਧ ਹੋਇਆ ਹੈ।

ਨਾਗਮਤੀ ਇਹ ਦੁਨੀਆਂ ਧੰਧਾ
ਬਾਂਚਾ ਸੋਈ ਨ ਜੋ ਇਹ ਚਿਤ ਬੰਧਾ

ਰਾਘਵ ਦੂਤ ਸੋਈ ਸ਼ੈਤਾਨੂ

ਮਾਯਾ ਅਲਾਦੀਨ ਸੁਲਤਾਨੂ ॥

ਇਸ ਤਰ੍ਹਾਂ ਜਾਇਸੀ ਨੇ ਸ਼ੈਤਾਨ ਨੂੰ ਬ੍ਰਹਮ ਪ੍ਰਾਪਤੀ ਵਿਚ ਰੁਕਾਵਟ ਮੰਨਿਆ ਹੈ। ਉਹਨਾਂ ਨੇ ਸੰਕੇਤਕ ਰੂਪ ਵਿਚ ਜੀਵ-ਆਤਮਾ ਪ੍ਰਮਾਤਮਾ ਦੇ ਮਿਲਣ ਨੂੰ ਲੌਕਿਕ ਪ੍ਰੇਮ ਨਾ ਆਖ ਕੇ ਅਲੌਕਿਕ ਪ੍ਰੇਮ ਦੱਸਿਆ ਹੈ। ਕਿਧਰੇ ਜਾਇਸੀ ਦੇ ਕਾਵਿ ਵਿਚ ਰਤਨ ਸੇਨ ਨੂੰ ਰੁਕਾਵਟਾਂ ਦਾ ਸਾਹਮਣਾ ਕਰਦਿਆਂ ਹੋਇਆ ਵੀ ਦਿਖਾਇਆ ਗਿਆ। ਜਾਇਸੀ ਦਾ ਰਹੱਸਵਾਦ ਪ੍ਰਤੀਕਾਂ ਦੇ ਮਧਿਅਮ ਨਾਲ ਖੁਲ੍ਹ ਕੇ ਸਾਹਮਣੇ ਆਇਆ ਹੈ। ਦੋਨਾਂ ਕਵੀਆਂ ਦਾ ਰਹੱਸਵਾਦੀ ਪ੍ਰੇਮ ਪ੍ਰਧਾਨ ਹੈ ਅਤੇ ਪ੍ਰੇਮ ਬਿਰਹੋਂ ਤੋਂ ਉਪਜਿਆ ਹੈ।

ਜਾਇਸੀ ਦਾ ਰਹੱਸਵਾਦ ਕਦੇ-ਕਦੇ ਯੋਗ ਸਾਧਨਾ ਤੋਂ ਵੀ ਪ੍ਰਭਾਵਿਤ ਲਗਦਾ ਹੈ ਜਦ ਕਿ ਫ਼ਰੀਦ ਜੀ ਦਾ ਰਹੱਸਵਾਦ ਅਨਭੂਤੀ ਪ੍ਰਧਾਨ ਹੈ। ਦੋਨਾਂ ਕਵੀਆਂ ਦਾ ਕਾਵਿ ਉੱਚ ਕੋਟੀ ਦਾ ਕਾਵਿ ਹੈ। ਫ਼ਰੀਦ ਬਾਣੀ ਨੂੰ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਅਤੇ ਵਿਸ਼ਵ ਭਰ ਵਿਚ ਸਨਮਾਨਿਤ ਕੀਤਾ। ਉਧਰ ਜਾਇਸੀ ਮੁਸਲਮਾਨ ਹੁੰਦਿਆ ਹੋਇਆ ਵੀ ਭਾਰਤੀ ਸੰਸਕ੍ਰਿਤੀ ਅਤੇ ਦਰਸ਼ਨ ਤੋਂ ਪ੍ਰਭਾਵਿਤ ਸਨ ਉਹ ਸਮਨਵੈਵਾਦੀ ਵਿਚਾਰਧਾਰਾ ਦੇ ਪੱਖਪਾਤੀ ਸਨ। ਫ਼ਰੀਦ ਜੀ ਮੁਸਲਮਾਨ ਹੋਣ ਦੇ ਬਾਵਜੂਦ ਸ਼ਰੀਅਤ ਪ੍ਰਤੀ ਆਸਥਾਵਾਨ ਸਨ। ਉਹਨਾਂ ਦੀ ਇਸਲਾਮ ਪ੍ਰਤੀ ਨਿਸ਼ਠਾ ਸੀ, ਨਿਮਾਜ਼ ਨਾ ਅਦਾ ਕਰਨ ਵਾਲੇ ਮੁਸਲਮਾਨ ਨੂੰ ਉਹ ਕੁੱਤਾ ਤੱਕ ਆਖ ਦਿੰਦੇ ਹਨ।

ਫ਼ਰੀਦਾ ਬੇਨਿਵਾਜਾ ਕੁਤਿਆ ਇਹ ਨਾ ਭਲੀ ਰੀਤਿ ॥

ਕਬਹੀ ਚਲਿ ਨਾ ਆਇਆ ਪੰਜੇ ਬਖ਼ਤ ਮਸੀਤਿ ॥

ਹਾਂ ਏਨਾਂ ਜ਼ਰੂਰ ਹੈ ਕਿ ਦੋਨਾਂ ਸਾਧਕਾਂ ਨੇ ਸੂਫ਼ੀ ਮੱਤ ਦੀ ਵਿਚਾਰਧਾਰਾ ਵਿਚ ਵਿਸ਼ਵਾਸ਼ ਰੱਖਦਿਆਂ ਵੀ ਕਿਸੇ ਦੂਜੇ ਮੱਤ ਦਾ ਖੰਡਨ ਨਹੀਂ ਕੀਤਾ।

ਸ਼ੇਖ ਫ਼ਰੀਦ ਅਤੇ ਜਾਇਸੀ ਦੇ ਕਾਵਿ ਦਾ ਅਧਿਐਨ ਕਰਨ ਉਪਰੰਤ ਇਸ ਗੱਲ ਦੀ ਪੁਸ਼ਟੀ ਹੋ ਜਾਂਦੀ ਹੈ ਕਿ ੩੦੦ ਸਾਲਾਂ ਦੇ ਅੰਤਰ ਦੇ ਬਾਵਜੂਦ ਵੀ ਉਹਨਾਂ ਦੀ ਵਿਚਾਰਕ ਅਧਾਰ ਭੂਮੀ ਸਮਾਨ ਹੈ। ਉਹਨਾਂ ਦੀ ਅਧਿਆਤਮਕ ਚੇਤਨਾ ਵਿਚ ਕੋਈ ਅੰਤਰ ਨਹੀਂ ਹੈ। ਅੰਤਰ ਹੈ ਤਾਂ ਸਿਰਫ ਉਹਨਾਂ ਦੀ ਆਪਣੀ ਨਿਜੀ ਸ਼ਖਸ਼ੀਅਤ, ਸੰਸਕਾਰਾਂ, ਪ੍ਰਸਥਿਤੀਆਂ ਅਤੇ ਅਨਭੂਤੀਆਂ ਦਾ। ਮੂਲ ਵਿਚਾਧਾਰਾ ਮਾਨਵਤਾਵਾਦੀ ਹੈ

ਅਤੇ ਪ੍ਰੇਮ ਪ੍ਰਧਾਨ ਹੈ ਦੋਨਾਂ ਦਾ ਧਰਾਤਲ ਨੈਤਿਕਤਾ ਨਾਲ ਜੁੜਿਆ ਹੈ। ਆਪਣੇ ਇਸ਼ਟ ਦੀ ਨਿਰਵਿਘਨ ਪ੍ਰਾਪਤੀ ਹੀ ਉਹਨਾਂ ਦਾ ਮੰਤਵ ਹੈ। ਦੋਨਾਂ ਦਾ ਕਾਵਿ ਲੋਕ ਹਿੱਤ ਦਾ ਕਾਵਿ ਹੈ। ਸਾਹਿੱਤ ਰੂਪੀ ਆਕਾਸ਼ ਦੇ ਦੋਨੇ ਹੀ ਮਹਾਨ ਸਿਤਾਰੇ ਹਨ।

* * * * * *

ਫ਼ਰੀਦ-ਬਾਣੀ
(ਸਰਲ ਅਰਥ ਸਹਿਤ)

ੴ ਸਤਿਗੁਰ ਪ੍ਰਸਾਦਿ ॥
ਆਸਾ ਸ਼ੇਖ ਫ਼ਰੀਦ ਜੀਉ ਕੀ ਬਾਣੀ ॥
ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥
ਜਿੰਨ੍ ਮਨਿ ਹੋਰੁ ਮੁਖ ਹੋਰੁ ਸਿ ਕਾਂਢੇ ਕਚਿਆ ॥ ੧ ॥
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥
ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰ ਥੀਏ ॥ ੧ ॥ ਰਹਾਉ ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥
ਤਿਨ੍ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥ ੨ ॥
ਪਰਵਰਦਗਾਰ ਅਪਾਰ ਅਗਮ ਬੇਅੰਤ ਤੂ ॥
ਜਿਨ੍ਾ ਪਛਾਤਾ ਸਚੁ ਚੁੰਮਾ ਪੈਰ ਮੂੰ ॥ ੩ ॥
ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥
ਸ਼ੇਖ ਫ਼ਰੀਦੈ ਖੈਰੁ ਦੀਜੈ ਬੰਦਗੀ ॥ ੪ ॥ ੧ ॥

ਅਰਥ - ਬਾਬਾ ਫ਼ਰੀਦ ਅਸਲ ਦਰਵੇਸ ਦੇ ਗੁਣਾਂ ਦਾ ਜ਼ਿਕਰ ਕਰਦੇ ਹੋਏ ਨਾਮ ਦੇ ਮਹੱਤਵ ਅਤੇ ਈਸ਼ਵਰ ਦੇ ਸਰੂਪ ਬਾਰੇ ਦਸਦੇ ਹਨ ਕਿ ਜੋ ਮਨੁੱਖ ਰੱਬ ਨੂੰ ਸੱਚੇ ਦਿਲੋਂ ਪਿਆਰ ਕਰਦੇ ਹਨ। ਜਿਨ੍ਹਾਂ ਦੇ ਮਨ ਵਿਚ ਕੁਝ ਹੋਰ ਹੈ ਅਤੇ ਮੂੰਹੋਂ ਕੁਝ ਹੋਰ ਕਹਿੰਦੇ ਹਨ ਉਹ ਝੂਠੇ ਆਖ ਕੇ ਕੱਢੇ ਜਾਂਦੇ ਹਨ।

- ਸੱਚੇ ਦਰਵੇਸ਼ ਰੱਬ ਦੇ ਪ੍ਰੇਮ ਅਤੇ ਦਰਸ਼ਨ ਦੇ ਰੰਗ ਵਿਚ ਰੰਗੇ ਰਹਿੰਦੇ ਹਨ। ਜਿਨ੍ਹਾਂ ਨੇ ਉਸ ਦੇ ਨਾਮ ਨੂੰ ਭੁਲਾ ਦਿੱਤਾ ਹੈ ਉਹ ਧਰਤੀ ਤੇ ਭਾਰ ਬਣੇ ਹੋਏ ਹਨ।

- ਜਿਨ੍ਹਾਂ ਨੂੰ ਪਰਮਾਤਮਾ ਨੇ ਮਿਹਰ ਕਰ ਕੇ ਪਰਵਾਨ ਕਰ ਲਿਆ ਹੈ ਉਸ ਦੀ ਦਰਗਾਹ ਦੇ ਦਰਵੇਸ਼ ਤਾਂ ਉਹੋ ਹਨ। ਅਜਿਹੇ ਦਰਵੇਸ਼ਾਂ ਦੀਆਂ ਮਾਤਾਵਾਂ ਧੰਨ ਹਨ। ਇਸ ਸੰਸਾਰ ਵਿਚ ਉਨ੍ਹਾਂ ਦਾ ਆਉਣਾ ਸਫਲ ਹੈ।

- ਹੇ ਪਰਮਾਤਮਾ! ਤੂੰ ਸਭ ਦਾ ਪਾਲਣਹਾਰ ਹੈ। ਤੇਰਾ ਕੋਈ ਆਰ-ਪਾਰ ਨਹੀਂ।

ਤੂੰ ਆਪਹੁੰਚ ਹੈਂ । ਜਿਨ੍ਹਾਂ ਨੇ ਤੇਰੀ ਇਸ ਸਚਾਈ ਨੂੰ ਪਛਾਣ ਲਿਆ ਹੈ ਮੈਂ ਓਹਨਾਂ ਦੇ ਪੈਰ ਚੁੰਮਦਾ ਹਾਂ ।

- ਫ਼ਰੀਦ ਜੀ ਆਖਦੇ ਹਨ ਕਿ ਹੇ ਪਰਮਾਤਮਾ ! ਮੈਂ ਤੇਰੀ ਸ਼ਰਨ ਆਇਆ ਹਾਂ. ਤੂੰ ਬਖਸ਼ਣਹਾਰ ਹੈਂ । ਕਿਰਪਾ ਕਰਕੇ ਆਪਣੇ ਇਸ ਬੰਦੇ, ਸ਼ੇਖ ਫ਼ਰੀਦ ਨੂੰ, ਆਪਣੀ ਭਗਤੀ ਬਖਸ਼ਣਾ ।

ਆਸਾ ॥

ਬੋਲੈ ਸ਼ੇਖ ਫ਼ਰੀਦੁ ਪਿਆਰੇ ਅਲਹ ਲਗੇ ॥
ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ ॥ ੧ ॥
ਆਜ ਮਿਲਾਵਾ ਸ਼ੇਖ ਫ਼ਰੀਦਾ ਟਾਕਿਮ ਕੂੰਜੜੀਆਂ
ਮਨਹੁ ਮਚਿੰਦੜੀਆ ॥ ੧ ॥ ਰਹਾਓ ॥
ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ ॥
ਝੂਠੀ ਦੁਨੀਆ ਲਗਿ ਨ ਆਪੁ ਵੰਞਾਈਐ ॥ ੨ ॥
ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥
ਜੋ ਗੁਰੂ ਦਸੈ ਵਾਟ ਮੁਰੀਦਾ ਜੋਲੀਐ ॥ ੩ ॥
ਛੈਲ ਲਘੰਦੇ ਪਾਰਿ ਗੋਰੀ ਮਨੁ ਧੀਰਿਆ ॥
ਕੰਚਨ ਵੰਨੇ ਪਾਸੇ ਕਲਵਤਿ ਚੀਰਿਆ ॥ ੪ ॥
ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥
ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥ ੫ ॥
ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥ ੬ ॥
ਚਲੇ ਚਲਣਹਾਰ ਵਿਚਾਰ ਲੇਇ ਮਨੋ ॥
ਗੰਢੇਦਿਆਂ ਛਿਅ ਮਾਹ ਤੁੜੰਦਿਆਂ ਹਿਕੁ ਖਿਨੋ ॥ ੭ ॥
ਜਿਮੀ ਪੁਛੈ ਅਸਮਾਨ ਫ਼ਰੀਦਾ ਖੇਵਟ ਕਿੰਨਿ ਗਏ ॥
ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥ ੮ ॥ ੨ ॥

ਅਰਥ - ਬਾਬਾ ਫ਼ਰੀਦ ਸੰਸਾਰੀ ਢੌਂਗ ਦਾ ਤਿਆਗ ਕਰਕੇ ਗੁਰੂ ਦੇ ਦੱਸੇ ਮਾਰਗ ਤੇ ਚਲਕੇ ਪਰਮਾਤਮਾ ਪ੍ਰਤੀ ਪ੍ਰੇਮ ਭਾਵ ਪੈਦਾ ਕਰਨ ਲਈ ਆਖਦੇ ਹਨ ।

- ਫ਼ਰੀਦ ਜੀ ਬੇਨਤੀ ਕਰਦੇ ਹਨ ਹੇ ਪਿਆਰੇ ਪ੍ਰੇਮ ਭਾਵ ਪੈਦਾ ਕਰਨ ਲਈ ਆਖਦੇ ਹਨ।

- ਫ਼ਰੀਦ ਜੀ ਬੇਨਤੀ ਕਰਦੇ ਹਨ ਹੇ ਪਿਆਰੇ ਮਿਤ੍ਰ! ਪਰਮਾਤਮਾ ਦੀ ਬੰਦਗੀ ਵੱਲ ਲੱਗੋ ਇਹ ਸ਼ਰੀਰ ਨਿਮਾਣੀ ਕਬਰ ਵਿਚ ਜਾ ਕੇ ਮਿੱਟੀ ਹੋ ਜਾਵੇਗਾ ਅਰਥਾਤ ਸਰੀਰ ਨਾਸ਼ਵਾਨ ਹੈ।

- ਮੇਰਾ (ਫ਼ਰੀਦ ਦਾ) ਆਪਣੇ ਪ੍ਰਭੂ-ਪ੍ਰੀਤਮ ਨਾਲ ਤਰੁੰਤ ਮਿਲਾਪ ਹੋ ਜਾਵੇ, ਜ ਮੈਂ ਇਸ ਮਨ ਆਕਾਸ਼ ਵਿਚੋਂ ਉਡ ਰਹੀਆਂ ਕਾਮਨਾ-ਕੂੰਜਾਂ ਨੂੰ ਰੋਕ ਲਵਾਂ।

- ਜੇ ਸਾਨੂੰ ਇਸ ਗੱਲ ਦਾ ਗਿਆਨ ਹੈ ਕਿ ਅਸਾਂ ਇੱਕ ਦਿਨ ਮਰ ਜਾਣਾ ਹੈ ਅਤੇ ਫਿਰ ਮੁੜ ਕੇ ਇਸ ਸੰਸਾਰ ਉੱਤੇ ਨਹੀਂ ਆਉਣਾ, ਤਾਂ ਨਾਸ਼ਮਾਨ ਸੰਸਾਰ ਦੀਆਂ ਕਾਮਨਾਵਾਂ ਦੀ ਪੂਰਤੀ ਖਾਤਰ, ਲਾਲਚ ਪਿੱਛੇ ਆਪਣੇ ਜੀਵਨ ਨੂੰ ਵਿਅਰਥ ਨਹੀਂ ਗੁਆਉਣਾ ਚਾਹੀਦਾ।

- ਹਮੇਸ਼ਾਂ ਸੱਚ ਤੇ ਨਿਆਂ ਵਾਲੀ ਗੱਲ ਕਰਨੀ ਚਾਹੀਦੀ ਹੈ ਅਤੇ ਝੂਠ ਕਦੇ ਵੀ ਨਹੀਂ ਬੋਲਣਾ ਚਾਹੀਦਾ। ਜਿਹੜਾ ਮਾਰਗ ਗੁਰੂ ਦੱਸੇ ਉਸ ਉੱਤੇ ਮੁਰੀਦ ਨੂੰ ਤੁਰਨਾ ਚਾਹੀਦਾ ਹੈ।

- ਸੰਤ ਪੁਰਸ਼ ਜੁਆਨਾਂ ਵਾਂਗ ਭਵ-ਸਾਗਰ ਨੂੰ ਪਾਰ ਕਰ ਰਹੇ ਹਨ। ਉਨ੍ਹਾਂ ਵੱਲ ਵੇਖ ਕੇ ਕੋਮਲ ਜੀਵ-ਇਸਤਰੀਆਂ ਦੇ ਮਨ ਵੀ ਹੌਸਲਾ ਧਾਰ ਲੈਂਦੇ ਹਨ। ਪਰ ਜਿਹੜੇ ਪੁਰਸ਼ ਸੰਸਾਰੀ ਪਦਾਰਥਾਂ ਦੇ ਪਿੱਛੇ ਲੱਗੇ ਹਨ ਉਨ੍ਹਾਂ ਦਾ ਜੀਵਨ ਆਰੇ ਨਾਲ ਚੀਰੇ ਜਾਣ ਵਾਂਗ ਦੁੱਖਾਂ ਭਰਿਆ ਹੁੰਦਾ ਹੈ।

- ਫ਼ਰੀਦ ਆਖਦਾ ਹੈ ਕਿ ਇਸ ਸੰਸਾਰ ਵਿਚ ਕਿਸੇ ਦਾ ਜੀਵਨ ਵੀ ਸਦੀਵੀ ਨਹੀਂ। ਜਿਸ ਥਾਂ ਤੇ ਅਸੀਂ ਹਾਂ ਇਥੇ ਕਈ ਜੀਵ ਵਸ ਕੇ ਚਲ ਗਏ ਹਨ।

- ਇਹ ਕੁਦਰਤ ਦਾ ਨੇਮ ਹੈ। ਕਤੱਕ ਵਿਚ ਕੂੰਜਾਂ ਅਸਮਾਨ ਵਿਚ ਉਡਦੀਆਂ ਹਨ। ਚੇਤਰ ਵਿਚ ਝੱਲਾਂ ਨੂੰ ਅੱਗਾਂ ਲਗਦੀਆਂ ਹਨ। ਸਾਵਣ ਮਹੀਨੇ ਕਾਲੀਆਂ ਘਟਾਵਾਂ ਵਿਚ ਬਿਜਲੀਆਂ ਚਮਕਦੀਆਂ ਹਨ ਅਤੇ ਸਿਆਲ ਦੀ ਮਿੱਠੀ ਰੁੱਤੇ ਪਤੀ ਪਤਨੀ ਸੁਹਾਗ ਆਨੰਦ ਨੂੰ ਮਾਣਦੇ ਹਨ।

- ਇਸੇ ਤਰ੍ਹਾਂ ਸਮੇਂ ਦਾ ਗੇੜ ਚਲ ਰਿਹਾ ਹੈ। ਹੇ ਮੇਰੇ ਮਨ! ਤੂੰ ਇਹ ਗੱਲ ਵਿਚਾਰ ਲੈ ਕਿ ਇਸ ਸਰੀਰ ਦੇ ਬਣਨ ਵਿਚ ਤਾਂ ਛੇ ਮਹੀਨੇ ਲਗਦੇ ਹਨ ਪਰ ਇਹ ਛਿਨ ਵਿਚ ਟੁੱਟ ਕੇ ਢਹਿ-ਢੇਰੀ ਹੋ ਜਾਂਦਾ ਹੈ।

ਹੇ ਫ਼ਰੀਦ ! ਜ਼ਮੀਨ ਤੇ ਆਸਮਾਨ ਇਸ ਗੱਲ ਦੇ ਗਵਾਹ ਹਨ ਕਿ ਵੱਡੇ-ਵੱਡੇ ਮਲਾਹ ਤੇ ਕਈ ਮਹਾਨ ਪੁਰਸ਼ ਵੀ ਇਸ ਸੰਸਾਰ ਤੋਂ ਚਲੇ ਗਏ ਹਨ। ਉਨ੍ਹਾਂ ਦੇ ਮਿਰਤਕ ਸਰੀਰ ਕਬਰਾਂ ਵਿਚ ਗੱਲ ਸੜ੍ਹ ਗਏ ਹਨ ਅਤੇ ਜੀਵ ਆਤਮਾਵਾਂ ਨੂੰ ਪ੍ਰਲੋਕ ਵਿਚ ਕੀਤੇ ਅਮਲਾਂ ਬਦਲੇ ਉਲ੍ਹਾਮੇ ਤੇ ਨਮੋਸ਼ੀ ਸਹਿਣੀ ਪੈਂਦੀ ਹੈ।

ੴ ਸਤਿਗੁਰ ਪ੍ਰਸਾਦਿ ॥
ਰਾਗੁ ਸੂਹੀ ਬਾਣੀ ਸ਼ੇਖ ਫ਼ਰੀਦ ਜੀ ਕੀ ॥
ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥
ਬਾਵਲਿ ਹੋਈ ਸੋ ਸਹੁ ਲੋਰਉ ॥
ਤੈ ਸਹਿ ਮਨ ਮਹਿ ਕੀਆ ਰੋਸੁ ॥
ਮੁਝੁ ਅਵਗਨ ਸਹ ਨਾਹੀ ਦੋਸੁ ॥ ੧ ॥
ਤੈ ਸਾਹਿਬ ਕੀ ਮੈ ਸਾਰ ਨਾ ਜਾਨੀ ॥
ਜੋਬਨੁ ਖੋਇ ਪਾਛੈ ਪਛੁਤਾਨੀ ॥ ੧ ॥ ਰਹਾਉ ॥
ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥
ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥
ਜਾ ਹੋਇ ਕ੍ਰਿਪਾਲ ਤਾ ਪ੍ਰਭੂ ਮਿਲਾਏ ॥ ੨ ॥
ਵਿਧਣ ਖੂਹੀ ਮੁੰਧ ਇਕੇਲੀ ॥
ਨਾ ਕੋ ਸਾਥੀ ਨਾ ਕੋ ਬੇਲੀ ॥
ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ ॥
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥ ੩ ॥
ਵਾਟ ਹਮਾਰੀ ਖਰੀ ਉਡੀਣੀ ॥
ਖੰਨਿਅਹੁ ਤਿਖੀ ਬਹੁਤੁ ਪਿਈਣੀ ॥
ਉਸੁ ਊਪਰਿ ਹੈ ਮਾਰਗੁ ਮੇਰਾ ॥
ਸ਼ੇਖ ਫ਼ਰੀਦਾ ਪੰਥੁ ਸਮ੍ਹਾਰਿ ਸਵੇਰਾ ॥ ੪ ॥

ਅਰਥ - ਬਾਬਾ ਫ਼ਰੀਦ ਨੇ ਮਨੁੱਖ ਨੂੰ ਆਪਣੇ ਪ੍ਰੀਤਮ ਨੂੰ ਅਰਾਧਨ ਲਈ ਆਖਦੇ ਹਨ ਕਿਉਂ ਜੋ ਉਸ ਤੋਂ ਬਿਨ੍ਹਾ ਇਹ ਜੀਵਨ ਦੁਖਮਈ ਅਤੇ ਭਿਆਨਕ ਹੋ ਜਾਂਦਾ ਹੈ। ਜੀਵ

ਰੂਪੀ ਇਸਤਰੀ ਹੁਣ ਪਛਤਾਵੇ ਵਿਚ ਤੜਪ ਰਹੀ ਹੈ ਅਤੇ ਹੱਥ ਮਲ ਰਹੀ ਹੈ। ਬਉਰੀ ਹੋਈ ਉਸ ਪ੍ਰਭੂ ਪ੍ਰੀਤਮ ਨੂੰ ਲੱਭ ਰਹੀ ਹੈ।

- ਹੇ ਪ੍ਰੀਤਮ ! ਤੂੰ ਆਪਣੇ ਮਨ ਵਿਚ ਮੇਰੇ ਨਾਲ ਕਿਉਂ ਰੋਸ ਕਰ ਬੈਠਾ ਹੈ ? ਮੇਰੇ ਵਿਚ ਕਈ ਦੋਸ਼ ਹਨ, ਤੇਰੇ ਵਿਚ ਤਾਂ ਕੋਈ ਦੋਸ਼ ਨਹੀਂ ਹੈ।

- ਮੇਰੇ ਪ੍ਰਭੂ ! ਮੈਂ ਤੇਰੇ ਵੱਲੋਂ ਬੇ-ਖ਼ਬਰ ਰਹੀ ਹਾਂ ਪਰ ਹੁਣ ਜਦੋਂ ਮੇਰਾ ਜੋਬਨ ਜਾਂਦਾ ਰਿਹਾ ਹੈ, ਤਾਂ ਮੈਂ ਪਛਤਾ ਰਹੀ ਹਾਂ।

ਅਰਥ - ਹੇ ਕਾਲੀ ਕੋਇਲ, ਤੂੰ ਕਿਨ੍ਹਾਂ ਗੁਣਾਂ ਕਰ ਕੇ ਕਾਲੀ ਹੋ ਗਈ ਹੈ ? ਕੀ ਤੂੰ ਮੇਰੇ ਵਾਂਗ ਪ੍ਰੀਤਮ ਤੋਂ ਵਿਛੜੀ ਹੋਣ ਕਰਕੇ ਦੁਖੀ ਹੈ ? ਮੈਂ ਵੀ ਆਪਣੇ ਪ੍ਰੀਤਮ ਦੇ ਵਿਛੋੜੇ ਵਿਚ ਸੜ-ਸੜ ਕੇ ਕਾਲੀ ਹੋ ਗਈ ਹਾਂ।

- ਪ੍ਰੀਤਮ ਤੋਂ ਵਿਛੜ ਕੇ ਕਿਤੋਂ ਵੀ ਕੋਈ ਸੁੱਖ ਪ੍ਰਾਪਤ ਨਹੀਂ ਹੋ ਸਕਦਾ। ਪਰ ਮਿਲਾਪ ਦਾ ਸੁੱਖ ਪ੍ਰਭੂ ਦੀ ਮਿਹਰ ਦੁਆਰਾ ਹੀ ਮਿਲਦਾ ਹੈ।

- ਇਸ ਜੀਵਨ ਸਫਰ ਵਿਚ ਜੀਵ-ਇਸਤਰੀ ਸੁੰਵੀ ਖੂਹੀ ਤੇ ਖੜੀ ਹੈ। ਉਸਦਾ ਕੋਈ ਸਾਥੀ ਜਾਂ ਮਦਦਗਾਰ ਉਸ ਦੇ ਕੋਲ ਨਹੀਂ।

- ਉਹ ਬੇਸਹਾਰਾ ਹੈ ਪਰ ਰੱਬ ਨੇ ਮਿਹਰ ਕਰ ਕੇ ਉਸ ਨੂੰ ਸਾਧ ਸੰਗਤ ਨਾਲ ਮਿਲਾ ਦਿੱਤਾ ਹੈ। ਜਿਥੋਂ ਉਸ ਨੂੰ ਗਿਆਨ ਹੋ ਗਿਆ ਹੈ ਤੇ ਹੁਣ ਉਸ ਨੂੰ ਹਰ ਥਾਂ ਉੱਤੇ ਪਰਮਾਤਮਾ ਸਹਾਇਕ ਦੇ ਰੂਪ ਵਿਚ ਖੜਾ ਦਿਸ ਰਿਹਾ ਹੈ।

- ਸਾਡਾ ਜੀਵਨ-ਪੰਧ ਹੈਰਾਨ ਤੇ ਪਰੇਸ਼ਾਨ ਕਰਨ ਵਾਲਾ ਹੈ। ਇਹ ਵਾਲ ਨਾਲੋਂ ਬਰੀਕ ਤੇ ਖੰਡੇ ਦੀ ਧਾਰ ਨਾਲੋਂ ਤਿੱਖਾ ਹੈ।

- ਅਜਿਹੇ ਕਠਿਨ ਮਾਰਗ ਉੱਤੇ ਮੈਨੂੰ ਲੰਘਣਾ ਪੈਣਾ ਹੈ। ਇਸ ਲਈ ਸ਼ੇਖ ਫ਼ਰੀਦ ਤੈਨੂੰ ਸਵੇਰੇ-ਸਵੇਰੇ ਆਪਣੇ ਪੰਧ ਉੱਤੇ ਤੁਰ ਪੈਣਾ ਚਾਹੀਦਾ ਹੈ ਅਤੇ ਜਵਾਨੀ ਵੇਲੇ ਹੀ ਪ੍ਰਭੂ-ਪਤੀ ਦੀ ਯਾਦ ਵਿਚ ਆਪਣਾ ਜੀਵਨ ਸਫਲ ਕਰ ਲੈਣਾ ਚਾਹੀਦਾ ਹੈ।

ਸੂਹੀ ਲਲਿਤ ॥

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥

ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥ ੧ ॥

ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥ ੧ ॥ ਰਹਾਉ ॥

ਇਕ ਆਪੀਨੈ ਪਤਲੀ ਸਹ ਕੇਰੇ ਬੋਲਾ ॥

ਵੁਧਾ ਖਣੀ ਨ ਆਵਈ ਫਿਰਿ ਹੋਇ ਨ ਮੇਲਾ ॥ ੨ ॥
ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥ ੩ ॥ ੨ ॥

ਅਰਥ - ਬਾਬਾ ਫ਼ਰੀਦ ਜੀ ਮਨੁੱਖ ਨੂੰ ਆਪਣੇ ਜੀਵਨ ਨੂੰ ਸਫਲ ਬਣਾਉਣ ਲਈ ਸਮੇਂ ਸਿਰ ਵਾਸਨਾਵਾਂ ਦੇ ਘੇਰੇ ਵਿਚ ਫਸਣ ਤੋਂ ਪਹਿਲਾਂ ਹੀ ਪ੍ਰਭੂ ਦੇ ਨਾਮ ਦਾ ਸਿਮਰਨ ਕਰਕੇ ਆਪਣੇ ਆਪ ਨੂੰ ਸੁਧਾਰਨ ਲਈ ਪ੍ਰੇਰਦੇ ਹਨ।

- ਹੇ ਮਨੁੱਖ ! ਜਦੋਂ ਇਸ ਸੰਸਾਰ ਰੂਪੀ ਸਾਗਰ ਨੂੰ ਪਾਰ ਕਰਨ ਲਈ ਨਾਮ ਦੇ ਬੇੜੇ ਨੂੰ ਬੰਨ੍ਹਣ ਦਾ ਵੇਲਾ ਸੀ ਤਾਂ ਉਸ ਵੇਲੇ ਅਜਿਹਾ ਨਹੀਂ ਕੀਤਾ ਜਾ ਸਕਿਆ। ਪਰ ਹੁਣ ਜਦੋਂ ਸਾਗਰ ਲਹਿਰਾਂ ਨਾਲ ਭਰਪੂਰ ਹੈ, ਉਛਾਲੇ ਵਿੱਚ ਹੈ ਤਾਂ ਪਾਰ ਕਰਨਾ ਔਖਾ ਹੋ ਗਿਆ ਹੈ।

- ਇਹ ਦੁਨੀਆਂ ਕਸੁੰਭੇ ਦੇ ਫੁੱਲ ਵਾਂਗ, ਸ਼ੋਖ ਤੇ ਥੋੜ੍ਹਾ ਚਿਰ ਰਹਿਣ ਵਾਲੀ ਹੈ। ਇਸ ਵਿਚ ਫਸੇ ਜੀਵ ਨੂੰ ਕੁਝ ਪ੍ਰਾਪਤ ਨਹੀਂ ਹੁੰਦਾ ਹੈ। ਕਿਉਂ ਜੋ ਇਹ ਨਾਸ਼ਵਾਨ ਤੇ ਸੜ ਜਾਣ ਵਾਲੀ ਹੈ। ਮੇਰੇ ਪ੍ਰੀਤਮ ! ਕਈ ਜੀਵ-ਇਸਤਰੀਆਂ ਆਪਣੀ ਸੁੰਦਰਤਾ ਦੇ ਮਾਣ ਵਿਚ ਮਸਤ ਹੋ ਕੇ ਸੰਸਾਰਕ ਖੁਸ਼ੀਆਂ ਵਿਚ ਡੁੱਬੀਆਂ ਰਹਿੰਦੀਆਂ ਹਨ। ਉਨ੍ਹਾਂ ਨੂੰ ਪਤੀ ਦੇ ਕੁਬੋਲ ਸਹਿਣੇ ਪੈਂਦੇ ਹਨ।

- ਜਵਾਨੀ ਬੀਤ ਜਾਣ ਤੇ ਉਹਨਾਂ ਵਿਚ ਦੁੱਧ ਪੈਦਾ ਕਰਨ ਦੀ ਸਮਰੱਥਾ ਵੀ ਨਹੀਂ ਰਹਿੰਦੀ ਅਤੇ ਨਾ ਹੀ ਪ੍ਰਭੂ-ਰੂਪੀ ਪਤੀ ਦਾ ਸਿਮਰਨ ਸੰਭਵ ਹੁੰਦਾ ਹੈ।

- ਅਜਿਹੀਆਂ ਅਭਾਗਣਾਂ ਨੂੰ ਸੁਹਾਗ ਅਵਸਥਾ ਦਾ ਅਵਸਰ ਕਦੀ ਵੀ ਪ੍ਰਾਪਤ ਨਹੀਂ ਹੁੰਦਾ।ਫਰੀਦ ਕਹਿੰਦਾ ਹੈ, ਮਿਤ੍ਰੋ ! ਪ੍ਰਭੂ-ਪਤੀ ਨੇ ਇਸ ਸੰਸਾਰ ਤੋਂ ਕੂਚ ਕਰਨ ਲਈ ਹੁਕਮ ਦੇ ਦੇਣਾ ਹੈ ਅਤੇ ਅਜਿਹੀ ਜੀਵ-ਇਸਤਰੀ ਜੋ ਮਾਇਕ-ਖੇਡ ਵਿਚ ਮਸਤ ਹੈ, ਉਸ ਸਮੇਂ ਉਹ ਬੜਾ ਦੁੱਖੀ ਹੋ ਕੇ ਦੁਚਿਤੇ ਮਨ ਨਾਲ ਇਸ ਸੰਸਾਰ ਨੂੰ ਛੱਡ ਜਾਵੇਗੀ ਤੇ ਉਸ ਦਾ ਸੁੰਦਰ ਸਰੀਰ ਮਿੱਟੀ ਦੀ ਢੇਰੀ ਹੋ ਜਾਵੇਗਾ।

✤ ✤ ✤ ✤ ✤ ✤

ੴ ਸਤਿਗੁਰ ਪ੍ਰਸਾਦਿ ॥

ਸਲੋਕ ਸ਼ੇਖ਼ ਫ਼ਰੀਦ ਕੇ ॥

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥
ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥
ਵਾਲਹੁ ਨਿਕੀ ਪੁਰਸਲਾਤਿ ਕੰਨੀ ਨ ਸੁਣੀਆਇ ॥
ਫ਼ਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ ॥ ੧ ॥

ਅਰਥ - ਜਿਸ ਦਿਨ ਜੀਵ-ਇਸਤਰੀ ਨੇ ਮੌਤ ਨਾਲ ਵਿਆਹੀ ਜਾਣਾ ਹੈ, ਸੰਜੋਗ ਦੀ ਉਹ ਘੜੀ ਪਹਿਲਾਂ ਤੋਂ ਹੀ ਮਿੱਥੀ ਜਾ ਚੁਕੀ ਹੈ। ਜਿਸ ਮੌਤ ਦੇ ਫਰਿਸ਼ਤੇ ਬਾਰੇ ਨਿੱਤ ਕਈ ਕੁਝ ਸੁਣੀਦਾ ਸੀ, ਉਸ ਦਿਨ ਉਹ ਲਾੜੇ ਦੇ ਰੂਪ ਵਿਚ ਪਹਿਲੀ ਵਾਰ ਆ ਕੇ ਮੂੰਹ ਵਿਖਾਵੇਗਾ।

- ਵਿਚਾਰੀ ਜਿੰਦੜੀ ਨੂੰ ਉਹ ਸ਼ਰੀਰ ਦੇ ਹੱਡ ਕੜਕਾ-ਕੜਕਾ ਕੇ ਉਸ ਵਿਚੋਂ ਕੱਢ ਲਵੇਗਾ। ਜੀਵ ! ਤੂੰ ਇਹ ਗੱਲ ਪੱਕੀ ਤਰ੍ਹਾਂ ਸਮਝ ਲੈ, ਕਿ ਮੌਤ ਦੀ ਘੜੀ ਅਟਨ ਹੈ।

- ਇਸ ਦਿਨ ਜਿੰਦ ਨੂੰ ਲਾੜੀ ਦੇ ਰੂਪ ਵਿਚ, ਮੌਤ ਲਾੜੇ ਨੇ ਅਵੱਸ਼ ਵਿਆਹ ਕੇ ਲੈ ਜਾਣਾ ਹੈ। ਇਹ ਸ਼ਰੀਰ, ਜਿੰਦ ਨੂੰ ਆਪਣੀ ਹੱਥੀ ਤੋਰ ਕੇ, ਕਿਸੇ ਦੇ ਗੱਲ ਲਗਣ ਜੋਗਾ ਵੀ ਨਹੀਂ ਰਹੇਗਾ।

- ਹੇ ਫ਼ਰੀਦ ! ਕਿ ਇਹ ਗੱਲ ਤੂੰ ਆਪਣੇ ਕੰਨੀ ਕਦੀ ਨਹੀਂ ਸੁਣੀ, ਕਿ ਮੌਤ ਦੇ ਮਾਰਗ ਦਾ ਪੁਲ ਵਾਲ ਤੋਂ ਵੀ ਬਾਰੀਕ ਹੈ। ਜਦੋਂ ਤੈਨੂੰ ਇਹ ਆਵਾਜ਼ਾਂ ਸਾਫ ਸੁਣਾਈ ਦੇ ਰਹੀਆਂ ਹਨ, ਤਾਂ ਤੂੰ ਅਗਿਆਨ-ਵਸ ਹੋ ਕਿਉਂ ਛਲਿਆ ਜਾ ਰਿਹਾ ਹੈ ?

ਫ਼ਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ ॥

ਬੰਨਿ ਉਠਾਈ ਪੋਟਲੀ ਕਿਥੈ ਵੰਞਾ ਘਤਿ ॥ ੨ ॥

- ਫ਼ਰੀਦ ! ਰੱਬ ਦੇ ਦਰ ਦੀ ਫ਼ਕੀਰੀ ਦਾ ਰਾਹ ਬੜਾ ਕਠਿਨ ਹੈ । ਆਪਣੇ ਸਿਰ ਤੇ ਮੋਹ ਮਾਇਆ ਦੀ ਪੰਡ ਬੰਨ੍ਹ ਕੇ, ਮੈਂ ਦੁਨੀਆਦਾਰ ਵਾਂਗ ਜੀਵਨ ਪੰਧ ਤੇ ਤੁਰਿਆ ਜਾ ਰਿਹਾ ਹਾਂ । ਇਹ ਤਾਂ ਦਰਵੇਸ਼ੀ ਜੀਵਨ ਦਾ ਰਸਤਾ ਨਹੀਂ, ਤਾਂ ਫਿਰ ਮੈਂ ਇਸ ਗਠੜੀ ਨੂੰ ਕਿੱਥੇ ਸੁੱਟ ਕੇ ਜਾਵਾਂ ?

ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ ॥

ਸਾਂਈ ਮੈਂ ਚੰਗਾ ਕੀਤਾ ਨਾਹੀ ਤ ਹੰਭੀ ਦਝਾਂ ਆਹਿ ॥ ੩ ॥

- ਇਸ ਸੰਸਾਰ ਗੁੱਝੀ ਅੱਗ ਦੀ ਤਰ੍ਹਾਂ ਹੈ, ਆਪਣੇ ਆਪ ਤਾਂ ਇਸ ਅਗਨੀ ਬਾਰੇ ਕੁਝ ਪਤਾ ਨਹੀਂ ਲਗ ਸਕਦਾ । ਪਰ ਮੇਰੇ ਮਾਲਿਕ ਨੇ ਆਪਣੀ ਮਿਹਰ ਦੁਆਰਾ ਇਸ ਬਾਰੇ ਮੈਨੂੰ ਗਿਆਨ ਬਖਸ਼ ਕੇ ਚੰਗੀ ਗੱਲ ਕੀਤੀ ਹੈ, ਨਹੀਂ ਤਾਂ ਮੈਂ ਵੀ ਹੋਰ ਲੋਕਾਂ ਵਾਂਗ ਅਗਿਆਨ ਵੱਸ ਇਸ ਅਗਨੀ ਵਿਚ ਸੜ ਜਾਣਾ ਸੀ ।

ਫ਼ਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ ॥

ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰੀ ॥ ੪ ॥

ਅਰਥ - ਫ਼ਰੀਦ ਜੇ ਮੈਨੂੰ ਆਪਣੇ ਪੱਲੇ ਦੇ ਸੁਆਸਾਂ ਦੇ ਥੋੜੇ ਤਿਲਾ ਦਾ ਗਿਆਨ ਹੈ, ਤਾਂ ਮੈਂ ਇਨ੍ਹਾਂ ਨੂੰ ਸੰਭਲ ਕੇ ਕਿਉਂ ਨਾ ਵਰਤਾ । ਇਸੇ ਤਰ੍ਹਾਂ ਜੇ ਮੈਨੂੰ ਇਹ ਗਿਆਨ ਹੈ ਕਿ ਮੇਰਾ ਪਤੀ ਅਲੜ੍ਹ ਸੁਭਾਅ ਵਾਲਾ ਹੈ, ਤਾਂ ਮੈਂ ਉਸ ਉੱਤੇ ਏਨਾ ਮਾਣ ਹੀ ਕਿਉਂ ਕਰਾਂ?

ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ ॥

ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ ॥ ੫ ॥

- ਪ੍ਰੀਤਮ ! ਜੇ ਇਹ ਪਤਾ ਹੋਵੇ ਕਿ ਤੇਰਾ ਲੜ ਹੱਥੋਂ ਨਿਕਲ ਜਾਵੇਗਾ, ਤਾਂ ਮੈਂ ਇਸ ਨਾਲ ਘੁੱਟ ਕੇ ਗੰਢ ਪਾ ਲਵਾਂ । ਮੈਂ ਸਾਰੀ ਦੁਨੀਆਂ ਵਿਚ ਫਿਰ ਵੇਖਿਆ ਹੈ, ਤੇਰੇ ਵਰਗਾ ਮੇਰਾ ਕੋਈ ਵੀ ਜੀਵਨ ਸਾਥੀ ਨਹੀਂ ਹੋ ਸਕਦਾ ।

ਫ਼ਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥

ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥

ਫ਼ਰੀਦ ਜੀ ਕਹਿੰਦੇ ਹਨ ਕਿ ਹੇ ਇਨਸਾਨਾ ਜੇ ਤੂੰ ਬੁਧੀਅਨ ਹੈ ਤਾਂ ਨਿੰਦਾ ਨਾ ਕਰ

ਬਲਕਿ ਪਹਿਲਾਂ ਆਪਦੇ ਮਨ ਵਿਚ ਝਾਤੀ ਮਾਰ ਕੇ ਦੇਖ। ਕੀ ਤੂੰ ਆਪ ਵੀ ਅਪਰਾਧੀ ਤਾਂ ਨਹੀਂ ?

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ॥ ੭ ॥

- ਫਰੀਦ ਜਿਹੜੇ ਲੋਕ ਤੈਨੂੰ ਮੁੱਕੀਆਂ ਮਾਰਦੇ ਹਨ, ਤੂੰ ਕਰੋਧ ਵੱਸ ਹੋਕੇ ਉਨ੍ਹਾਂ ਉੱਤੇ ਮੁੜਵਾਂ ਵਾਰ ਨਾ ਕਰ। ਤੈਨੂੰ ਤਾਂ ਸਗੋਂ ਉਨ੍ਹਾਂ ਦੇ ਪੈਰ ਚੁੰਮ ਕੇ ਆਪਣੇ ਘਰ ਪਰਤਣਾ ਚਾਹੀਦਾ ਹੈ, ਕਿਉਂ ਜੋ ਅਜਿਹਾ ਕਰਕੇ ਉਨ੍ਹਾਂ ਨੇ ਤੈਨੂੰ ਕਰੋਧ ਉੱਤੇ ਕਾਬੂ ਪਾਉਣ ਦੀ ਜਾਂਚ ਦੱਸੀ ਹੈ।

ਫਰੀਦ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ ॥
ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ॥ ੮ ॥

- ਰੱਬ ਦੀ ਬੰਦਗੀ ਦੀ ਕਮਾਈ ਕਰਨ ਸਮੇਂ, ਤੂੰ ਦੁਨੀਆਵੀ ਝੰਜਟਾਂ ਵਿਚ ਉਲਝਿਆ ਰਿਹਾ। ਦਿਨੋ ਦਿਨ ਮੌਤ ਦੀ ਨੀਂਹ ਪੱਕੀ ਹੁੰਦੀ ਗਈ ਅਤੇ ਜੀਵਨ ਦੇ ਸੁਆਸ ਪੂਰੇ ਹੋਣ ਉਤੇ ਇਸ ਸੰਸਾਰ ਤੋਂ ਕੂਚ ਕਰਨਾ ਪਿਆ।

ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥ ੯ ॥

- ਹੇ ਫ਼ਰੀਦਾ ਵੇਖ, ਜੀਵਨ ਵਿਚ ਕੀ ਵਾਪਰ ਗਿਆ ਹੈ ? ਦਾੜ੍ਹੀ ਕਾਲੀ ਤੋਂ ਚਿੱਟੀ ਹੋ ਗਈ ਹੈ। ਜੀਵਨ ਦਾ ਮੌਤ ਵਾਲਾ ਕੰਢਾ ਨੇੜੇ ਆ ਗਿਆ ਹੈ ਅਤੇ ਜਨਮ ਵਾਲਾ ਸਿਰਾ ਬਹੁਤ ਪਿਛੇ ਰਹਿ ਗਿਆ ਹੈ।

ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥
ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ॥ ੧੦ ॥

- ਹੇ ਫ਼ਰੀਦ ! ਵੇਖ ਜੀਵਨ ਵਿਚ ਕੀ ਵਾਪਰ ਗਿਆ ਹੈ ? ਜਿਹੜੇ ਸ਼ੱਕਰ ਵਰਗੇ ਪਦਾਰਥ ਜਵਾਨੀ ਵਿਚ ਚੰਗੇ ਲਗਦੇ ਸਨ, ਉਹ ਹੁਣ, ਬੁੱਢੇ ਵਾਰੇ ਜ਼ਹਿਰ ਦੀ ਨਿਆਈ ਹੋ ਗਏ ਹਨ, ਸਰੀਰਕ ਪੀੜਾ ਦਾ ਕਾਰਣ ਬਣੇ ਹਨ, ਪਰ ਆਪਣੇ ਮਾਲਕ ਪ੍ਰਭੂ ਤੋਂ ਬਿਨਾਂ, ਇਸ ਪੀੜ ਦਾ ਹਾਲ ਕਿਸ ਨੂੰ ਦੱਸੀਏ ?

ਫ਼ਰੀਦ ਅਖੀ ਦੇਖੀ ਪਤੀਣੀਆ ਸੁਣਿ ਸੁਣੀ ਰੀਣੇ ਕੰਨ ॥

ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ ॥ ੧੧ ॥

ਅਰਥ - ਹੇ ਫ਼ਰੀਦ ! ਸੰਸਾਰ ਦੀ ਖੇਡ ਨੂੰ ਤੱਕ-ਤੱਕ ਅੱਖਾਂ ਕਮਜ਼ੋਰ ਹੋ ਗਈਆਂ ਹਨ। ਦੁਨੀਆਂ ਦਾ ਸ਼ੋਰ ਸੁਣ-ਸੁਣ, ਕੰਨ ਬੋਲੇ ਹੋ ਗਏ ਹਨ। ਜੀਵਨ-ਟਹਿਣੀ ਨੇ ਪੱਕਣ ਸਮੇਂ ਹੋਰ ਹੀ ਰੰਗ ਵਟਾ ਲਿਆ ਹੈ।

ਫ਼ਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥

ਕਰਿ ਸਾਂਈ ਸਿਉ ਪਿਰਹੜੀ ਰੰਗ ਨਵੇਲਾ ਹੋਇ ॥ ੧੨ ॥

ਅਰਥ - ਹੇ ਫ਼ਰੀਦ ! ਜਿਨ੍ਹਾਂ ਨੇ ਕਾਲੇ ਕੇਸਾਂ ਵਾਲੀ ਜਵਾਨੀ ਦੀ ਅਵਸਥਾ ਵਿਚ ਰੱਬ ਦੇ ਸਿਮਰਨ ਦੇ ਅਨੰਦ ਨੂੰ ਨਹੀਂ ਮਾਣਿਆ, ਉਨ੍ਹਾਂ ਵਿਚੋਂ ਕੋਈ ਵਿਰਲਾ ਹੀ ਬੁਢਾਪੇ ਵਿਚ ਇਸ ਆਤਮਕ ਅਨੰਦ ਨੂੰ ਮਾਣ ਸਕਦਾ ਹੈ, ਇਸ ਲਈ ਮਾਲਕ ਰੱਬ ਦੀ ਪ੍ਰੀਤ ਨੂੰ ਆਪਣੇ ਹਿਰਦੇ ਵਿਚ ਵਸਾ ਲੈ। ਇਸ ਨਾਲ ਤੇਰੇ ਜੀਵਨ ਵਿਚ ਨਵਾਂ ਆਤਮਕ ਰੰਗ ਉਪਜੇਗਾ।

ਮਹਲਾ ੩ ॥

ਫ਼ਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥

ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥

ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥ ੧੩ ॥

ਅਰਥ - ਇਸ ਸ਼ਲੋਕ ਵਿਚ ਗੁਰੂ ਅਮਰਦਾਸ ਜੀ ਆਖਦੇ ਹਨ ਕਿ ਹੇ ਫ਼ਰੀਦ! ਜੇ ਪਰਮਾਤਮਾ ਚਾਹੇ ਤਾਂ ਜਵਾਨੀ ਜਾਂ ਬੁਢਾਪੇ ਕਿਸੇ ਅਵਸਥਾ ਵਿਚ ਵੀ ਉਹ ਮਿਲ ਸਕਦਾ ਹੈ। ਪਰ ਕੋਈ ਵੀ ਆਦਮੀ ਆਪਣੀ ਮਰਜ਼ੀ ਨਾਲ ਉਸ ਪ੍ਰਮਾਤਮਾ ਨਾਲ ਪ੍ਰੇਮ ਨਹੀਂ ਕਰ ਸਕਦਾ। ਇਹ ਪ੍ਰੇਮ ਪਿਆਲਾ ਤਾਂ ਉਸ ਪਰਮਾਤਮਾ ਦੇ ਕੋਲ ਹੀ ਹੈ। ਜਿਸ ਨੂੰ ਉਹ ਚਾਹੇ ਉਸ ਨੂੰ ਹੀ ਇਹ ਪ੍ਰੇਮ ਪਿਆਲਾ ਦੇ ਦਿੰਦਾ ਹੈ।

ਫ਼ਰੀਦਾ ਜਿਨ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥

ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥ ੧੪ ॥

ਅਰਥ - ਹੇ ਫ਼ਰੀਦ ! ਜਿਨ੍ਹਾਂ ਸੁੰਦਰ ਅੱਖਾਂ ਨੇ ਕਦੀ ਦੁਨੀਆਂ ਨੂੰ ਮੋਹੀ ਰਖਿਆ ਸੀ, ਉਨ੍ਹਾਂ ਦੀ ਦੁਰਦਸ਼ਾ ਵੀ ਮੈਂ ਤਕ ਲਈ ਹੈ। ਜੀਵਨ ਵਿਚ ਜਿਨ੍ਹਾਂ ਨੇ ਕਦੀ ਕਜ਼ਲ ਦੀ

ਮੋਟੀ ਧਾਰੀ ਨਹੀਂ ਸ: ਸਹਾਰੀ, ਉਨ੍ਹਾਂ ਨਿਰਜਿੰਦ ਅੱਖਾਂ ਤੇ ਪੰਛੀ ਬੈਠੇ ਕਲੋਲ ਕਰ ਰਹੇ ਸਨ ।

ਫਰੀਦਾ ਕੂਕੇਦਿਆਂ ਚਾਂਗੇਦਿਆਂ ਮਤੀ ਦੇਦਿਆਂ ਨਿਤ ॥
ਜੋ ਸੈਤਾਨਿ ਵੰਵਾਇਆ ਸੇ ਕਿਤ ਫੇਰਹਿ ਚਿਤ ॥ ੧੫ ॥

ਅਰਥ - ਫ਼ਰੀਦ ! ਧਰਮ ਪੁਸਤਕਾਂ ਤੇ ਰੱਬੀ ਬੰਦਿਆਂ ਵਲੋਂ ਨਿਤ ਕੀਤੇ ਅਨੇਕ ਉਪਦੇਸ਼ਾਂ ਰਾਹੀਂ ਤਾੜਨਾ ਸੁਣਨ ਉਤੇ ਵੀ ਜਿਨ੍ਹਾਂ ਲੋਕਾਂ ਦਾ ਮਨ ਸ਼ੈਤਾਨ ਨੇ ਰੱਬ ਵਲੋਂ ਦੂਰ ਕਰ ਦਿੱਤਾ ਹੈ ਅਤੇ ਦੁਨੀਆਂ ਨਾਲ ਜੋੜ ਦਿੱਤਾ ਹੈ, ਉਨ੍ਹਾਂ ਦੇ ਮਨ ਨੂੰ ਬਦਲ ਕੇ ਸੌਖ ਨਾਲ ਰੱਬ ਵੱਲ ਨਹੀਂ ਲਾਇਆ ਜਾ ਸਕਦਾ ।

ਫਰੀਦਾ ਥੀਉ ਪਵਾਹੀ ਦਭੁ ॥ ਜੇ ਸਾਂਈ ਲੋੜਹਿ ਸਭੁ ॥
ਇਕ ਛਿਜਹਿ ਬਿਆ ਲਤਾੜੀਅਹਿ ॥
ਤਾਂ ਸਾਂਈ ਦੈ ਦਰਿ ਵਾੜਿਅਹਿ ॥ ੧੬ ॥

ਅਰਥ - ਫ਼ਰੀਦ ! ਜੇ ਤੂੰ ਮਾਲਕ ਰੱਬ ਨੂੰ ਸਭ ਵਿਚ ਵਿਆਪਕ ਵੇਖਣਾ ਚਾਹੁੰਦਾ ਹੈ, ਤਾਂ ਪਹੇ ਦੀ ਦਭ ਦੀ ਨਿਆਈਂ ਹੋ ਜਾ । ਕੋਈ ਤਾਂ ਲੰਘਦਾ ਉਸ ਨੂੰ ਤੋੜ ਜਾਂਦਾ ਹੈ, ਕੋਈ ਹੋਰ ਪੈਰਾਂ ਥੱਲੇ ਲਿਤਾੜ ਜਾਂਦਾ ਹੈ, ਅਜਿਹੀ ਨਿਰਮਾਣਤਾ ਨੂੰ ਧਾਰਣ ਕਰਨਾ ਹੀ ਸਾਈਂ ਦਰ ਦੀ ਪ੍ਰਾਪਤੀ ਦਾ ਮਾਰਗ ਹੈ ।

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ ॥
ਜੀਵਦਿਆ ਪੈਰਾਂ ਤਲੈ ਮੁਇਆ ਉਪਰਿ ਹੋਇ ॥ ੧੭ ॥

ਅਰਥ - ਹੇ ਫ਼ਰੀਦ ! ਨਿਮਾਣੀ ਮਿੱਟੀ ਨੂੰ ਨਿੰਦਣਾ ਨਹੀਂ ਚਾਹੀਦਾ, ਇਸ ਵਰਗਾ ਬਹੁਮੁੱਲਾ ਤਾਂ ਕੋਈ ਵੀ ਨਹੀਂ ਹੈ, ਜਿਉਂਦਿਆਂ ਭਾਵੇਂ ਇਹ ਮਿੱਟੀ ਸਾਡੇ ਪੈਰਾਂ ਥੱਲੇ ਹੁੰਦੀ ਹੈ ਪਰ ਮਰਨ ਪਿੱਛੋਂ ਇਸ ਸਾਡੇ ਉਪਰ ਆ ਪੈਣਾ ਹੈ ।

ਫਰੀਦਾ ਜਾ ਲਬੁ ਤੇ ਨੇਹੁ ਕਿਆ ਲਬੁ ਤ ਕੂੜਾ ਨੇਹੁ ॥
ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥ ੧੮ ॥

ਅਰਥ - ਹੇ ਫ਼ਰੀਦ ! ਜਿੱਥੇ ਗਰਜ਼ ਤੇ ਸੁਆਰਥ ਹੈ, ਉੱਥੇ ਸੱਚੀ ਪ੍ਰੀਤ ਨਹੀਂ ਹੋ ਸਕਦੀ । ਲਾਲਸਾ ਭਰੀ ਪ੍ਰੀਤ ਟੁੱਟੇ ਛੱਪਰ ਵਾਂਗ ਹੈ, ਜਿਸ ਵਿਚ ਮੀਂਹ ਪੈਣ ਸਮੇਂ ਝੱਟ ਨਹੀਂ ਲੰਘਾਇਆ ਜਾ ਸਕਦਾ ।

ਫ਼ਰੀਦਾ ਜੰਗਲੁ-ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥

ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥ ੧੯ ॥

ਅਰਥ - ਹੇ ਫ਼ਰੀਦ ! ਜੰਗਲਾਂ ਵਿਚ ਫਿਰ ਫਿਰ ਕੇ ਤੂੰ ਕੰਡੇ ਕਿਉਂ ਮਿੱਧਦਾ ਫਿਰਦਾ ਹੈ ? ਰੱਬ ਤਾਂ ਤੇਰੇ ਦਿਲ ਵਿਚ ਵਸ ਰਿਹਾ ਹੈ, ਇਸ ਲਈ ਆਪਣੇ ਤੋਂ ਬਾਹਰ ਉਸ ਨੂੰ ਜੰਗਲਾਂ ਵਿਚ ਭਾਲਣ ਦਾ ਕੀ ਲਾਭ ?

ਫ਼ਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮਿ ॥

ਅਜੁ ਫਰੀਦੈ ਕੂਜੜਾ ਸੈ ਕੋਹਾ ਥੀਓਮਿ ॥ ੨੦ ॥

ਅਰਥ - ਹੇ ਫ਼ਰੀਦ ! ਆਪਣੀਆਂ ਨਿਕੀਆਂ ਲੱਤਾ ਨਾਲ ਮੈਂ ਜਵਾਨੀ ਵਾਰੇ ਰੇ ਤ ੜ ਤੇ ਪਹਾੜ ਗਾਹੇ ਹਨ, ਪਰ ਹੁਣ ਬਿਰਧ ਵਰੇਸ ਵਿਚ ਇਹ ਨੇੜੇ ਪਿਆ ਕੁੱਜਾ ਵੀ ਸੌ ਕੋਹਾਂ ਦੀ ਦੂਰੀ ਤੇ ਲਗਦਾ ਹੈ ।

ਫ਼ਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸਿ ॥

ਧ੍ਰਿਗ ਤਿਨਾ ਦਾ ਜੀਵਿਆਂ ਜਿਨ੍ਹਾਂ ਵਿਡਾਣੀ ਆਸ ॥ ੨੧ ॥

ਅਰਥ - ਹੇ ਫ਼ਰੀਦ ! ਸਿਆਲ ਦੀਆਂ ਲੰਮੀਆਂ ਰਾਤਾਂ ਵਿਚ ਰੱਬ ਦੇ ਸਿਮਰਨ ਤੋਂ ਬਿਨਾਂ ਪਾਸੇ ਦੁਖਣ ਲਗ ਪੈਂਦੇ ਹਨ ਪਰ ਜਿਹੜੇ ਲੋਕ ਦੂਜੇ ਸੰਸਾਰੀ ਭਾਵ ਵਿਚ ਰੱਤੇ ਅਗਿਆਨ ਦੀ ਨੀਂਦ ਸੌ ਰਹੇ ਹਨ, ਉਨ੍ਹਾਂ ਦਾ ਜੀਵਨ ਧ੍ਰਿਕਾਰ ਹੈ ।

ਫ਼ਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆ ॥

ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ ॥ ੨੨ ॥

ਅਰਥ - ਹੇ ਫ਼ਰੀਦ ! ਜੇ ਮੈਂ ਘਰ ਆਏ ਮਿੱਤਰਾਂ ਕੋਲੋਂ ਕੁਝ ਲੁਕਾ ਰੱਖਾਂ ਅਤੇ ਸੱਚੇ ਦਿਲੋਂ ਉਨ੍ਹਾਂ ਦੀ ਸੇਵਾ ਨਾ ਕਰਾ ਤਾਂ ਮੇਰਾ ਦਿਲ ਅੱਗ ਉਤੇ ਇਉਂ ਸੜ ਜਾਏ ਜਿਉਂ ਮਜੀਠ ਦੀ ਗੰਢੀ ਅੰਗਿਆਰਾਂ ਤੇ ਸੜਦੀ ਹੈ ।

ਫ਼ਰੀਦਾ ਲੋੜੇ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥

ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥ ੨੩ ॥

ਅਰਥ - ਹੇ ਫ਼ਰੀਦ ! ਕਿਰਸਾਣ ਬੀਜ ਤਾ ਕਿਕੱਰ ਰਿਹਾ ਹੈ ਅਤੇ ਆਸ ਬਿਜੌਰ ਅੰਗੂਰ ਖਾਣ ਦੀ ਰਖਦਾ ਹੈ, ਇਹ ਗੱਲ ਇਸੇ ਤਰ੍ਹਾਂ ਹੀ ਹੈ ਜਿਵੇਂ ਕੋਈ ਕੱਤ ਤਾਂ ਉੱ ਰਿਹਾ ਹੋਵੇ ਅਤੇ ਆਸ ਰੇਸ਼ਮ ਪਹਿਨਣ ਦੀ ਕਰੇ ।

ਫ਼ਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥ ੨੪ ॥

ਅਰਥ - ਹੇ ਫ਼ਰੀਦ ! ਗਲੀਆਂ ਵਿਚ ਚਿੱਕੜ ਹੈ । ਪ੍ਰੀਤਮ ਦਾ ਘਰ ਦੂਰ ਹੈ, ਉਸ ਨਾਲ ਪ੍ਰੀਤ ਵੀ ਪੱਕੀ ਹੈ, ਜੇ ਮਿਲਣ ਜਾਈਏ ਤਾਂ ਕੰਬਲੀ ਭਿਜਦੀ ਹੈ, ਜੇ ਰਹੀਏ ਤਾਂ ਪ੍ਰੀਤ ਟੁੱਟਦੀ ਹੈ ।

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥ ੨੫ ॥

ਅਰਥ - ਬੇਸ਼ੱਕ ਕੰਬਲੀ ਭਿੱਜ ਕੇ ਗੜੁੱਚ ਹੋ ਜਾਏ, ਬੇਸ਼ੱਕ ਰੱਬ ਹੋਰ ਵੀ ਜ਼ੋਰ ਦਾ ਮੀਂਹ ਵਰ੍ਹਾ ਦੇਵੇ, ਮੈਂ ਤਾਂ ਜ਼ਰੂਰ ਪ੍ਰੀਤਮ ਨੂੰ ਮਿਲਣ ਜਾਵਾਂਗਾ । ਤਾਂ ਜੋ ਪ੍ਰੀਤ ਨਾ ਟੁੱਟ ਜਾਵੇ ।

ਫ਼ਰੀਦ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥
ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿੱਟੀ ਖਾਇ ॥ ੨੬ ॥

ਅਰਥ - ਹੇ ਫ਼ਰੀਦ ! ਮੈਨੂੰ ਇਸ ਗੱਲ ਦਾ ਫਿਕਰ ਲੱਗਾ ਰਹਿੰਦਾ ਹੈ, ਕਿ ਕਿਤੇ ਮੇਰੀ ਪੱਗ ਨੂੰ ਮਿੱਟੀ ਨਾ ਲੱਗ ਜਾਵੇ, ਪਰ ਬੇ-ਖ਼ਬਰ ਮਨ ਨੂੰ ਇਹ ਪਤਾ ਨਹੀਂ ਕਿ ਇਹ ਮਿੱਟੀ ਤਾ ਇੱਕ-ਦਿਨ ਸਿਰ ਨੂੰ ਵੀ ਖਾ ਜਾਵੇਗੀ ।

ਫ਼ਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥
ਸਭੇ ਵਸਤੂ ਮਿਠੀਆਂ ਰੱਬ ਨ ਪੁਜਨਿ ਤੁਧੁ ॥ ੨੭ ॥

ਅਰਥ - ਹੇ ਫ਼ਰੀਦ ! ਸ਼ਕਰ ਖੰਡ, ਮਿਸ਼ਰੀ, ਗੁੜ, ਸ਼ਹਿਦ ਤੇ ਮਾਝਾ ਦੁੱਧ ਸਭ ਮਿੱਠੇ ਪਦਾਰਥ ਹਨ, ਪਰ ਰੱਬ ਦੀ ਭਗਤੀ ਦਾ ਰਸ ਇਨ੍ਹਾਂ ਤੋਂ ਵੀ ਮਿੱਠਾ ਹੈ ।

ਫ਼ਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥
ਜਿਨਾ ਖਾਧੀ ਚੋਪੜੀ ਘਣੇ ਸਹਿਨਗੇ ਦੁੱਖ ॥ ੨੮ ॥

ਅਰਥ - ਹੇ ਫ਼ਰੀਦ ! ਮੇਰੀ ਰੋਟੀ ਲੱਕੜ ਵਰਗੀ ਸੁੱਕੀ ਹੈ ਅਤੇ ਭੁੱਖ ਹੀ ਮੇਰਾ ਸਲੂਣਾ ਹੈ, ਜੋ ਚੋਪੜੀ ਹੋਈ ਰੋਟੀ ਖਾਂਦੇ ਹਨ ਉਨ੍ਹਾਂ ਨੂੰ ਬਹੁਤ ਸਾਰੇ ਦੁੱਖ ਝੱਲਣੇ ਪੈਣਗੇ ।

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥ ੨੯ ॥

ਅਰਥ - ਹੇ ਫ਼ਰੀਦ ! ਤੂੰ ਆਪਣੀ ਕਮਾਈ ਦੀ ਰੁਖੀ ਮਿੱਸੀ ਰੋਟੀ ਖਾ ਕੇ, ਠੰਢਾ ਪਾਣੀ ਪੀ ਲੈ ਅਤੇ ਰੱਬ ਦਾ ਸ਼ੁਕਰ ਕਰ, ਪਰਾਈ ਕਮਾਈ ਦੀ ਚੋਪੜੀ ਰੋਟੀ ਵੱਲ ਲਾਲਸਾ ਦੀ ਨਜ਼ੱਰ ਨਾਲ ਵੇਖ ਕੇ ਆਪਣਾ ਜੀਅ ਨਾ ਤਰਸਾ ।

ਅਜੁ ਨ ਸੁਤੀ ਕੰਤ ਸਿਉ ਅੰਗ ਮੁੜੇ ਮੁੜਿ ਜਾਇ ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥ ੩੦ ॥

ਅਰਥ - ਮੈਂ ਤਾਂ ਅੱਜ ਹੀ ਪ੍ਰਭੂ ਪ੍ਰੀਤਮ ਦੀ ਸੇਜ ਨੂੰ ਨਹੀਂ ਮਾਣਿਆ । ਮੇਰੇ ਅੰਗ ਪ੍ਰੇਮ ਸਿੱਕ ਵਿਚ ਮੁੜ-ਮੁੜ ਜਾਂਦੇ ਹਨ ਪਰ ਉਨ੍ਹਾਂ ਮੰਦ ਭਾਗੀ ਜੀਵ-ਇਸਤਰੀਆਂ ਦੀ ਗਾਤ ਕਿਵੇਂ ਗੁਜ਼ਰਦੀ ਹੋਵੇਗੀ, ਜਿਨ੍ਹਾਂ ਨੇ ਕਦੀ ਵੀ ਪ੍ਰਭੂ ਨੂੰ ਯਾਦ ਨਹੀਂ ਕੀਤਾ ।

ਸਾਹੁਰੈ ਢੋਈ ਨ ਲਹੈ ਪੇਈਐ ਨਾਹੀ ਥਾਉ ॥
ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ ॥ ੩੧ ॥

ਅਰਥ - ਜਿਸ ਜੀਵ ਇਸਤਰੀ ਦਾ ਸਹੁਰੇ ਘਰ ਵਿਚ ਕੋਈ ਸਤਿਕਾਰ ਨਹੀਂ, ਪੇਕੇ ਘਰ ਵਿਚ ਕੋਈ ਥਾਂ ਨਹੀਂ, ਪਤੀ ਵੀ ਜਿਸ ਦੀ ਗੱਲ ਨਹੀਂ ਸੁਣਦਾ ਉਹ ਇਸਤਰੀ ਫਿਰ ਕਿਸ ਗੱਲ ਦੀ ਸੁਹਾਗਣ ਹੈ ?

ਮਹਲਾ ੧ ॥

ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹ ॥
ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹੁ ॥ ੩੨ ॥

ਅਰਥ - ਇਸ ਸ਼ਲੋਕ ਵਿਚ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਪਰਲੋਕ ਰੂਪੀ ਸਹੁਰਾ ਘਰ ਅਤੇ ਇਹ ਲੋਕ ਰੂਪੀ ਪੇਕਾ ਘਰ ਦੋਹਾਂ ਵਿਚ ਇਹ ਜੀਵ ਰੂਪੀ ਇਸਤਰੀ ਆਪਣੇ ਪਤੀ ਦੀ ਹੀ ਪਤਨੀ ਹੈ । ਅਸਲ ਵ੍ਰਿਚ ਬੇਪਰਵਾਹ ਪਤੀ ਨੂੰ ਚੰਗੀ ਲਗਦੀ ਹੈ ਉਹੀ ਇਸਤਰੀ ਅਸਲ ਵਿਚ ਸੁਹਾਗਣ ਹੈ ।

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥
ਫਰੀਦ ਰਹੀ ਸੁ ਬੇੜੀ ਹਿੰਙ ਦੀ ਗਈ ਕਥੂਰੀ ਗੰਧੁ ॥ ੩੩ ॥

ਅਰਥ - ਹੇ ਫ਼ਰੀਦ ! ਜਿਸ ਜੀਵ ਇਸਤ੍ਰੀ ਨੇ ਪ੍ਰਭੂ ਮਿਲਾਪ ਲਈ ਨਹਾ ਧੋ ਕੇ

ਬਾਹਰੀ ਸ਼ਿੰਗਾਰ ਤਾਂ ਕਰ ਲਿਆ ਹੈ, ਪਰ ਨਾਮ ਸਿਮਰਨ ਦੇ ਅੰਦਰਲੇ ਸ਼ਿੰਗਾਰ ਵਲ ਧਿਆਨ ਨਹੀਂ ਦਿੱਤਾ, ਉਸ ਵਿਚੋਂ ਕਸਤੂਰੀ ਵਾਲੀ ਨਾਮ-ਮਹਿਕ ਤਾਂ ਉੱਡ ਗਈ ਹੈ ਅਤੇ ਕੇਵਲ ਹਿੰਗ ਵਾਲੀ ਵਾਸਨਾ ਹੀ ਰਹਿ ਗਈ ਹੈ ।

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨਾ ਜਾਇ ॥

ਫ਼ਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥ ੩੪ ॥

ਅਰਥ - ਹੇ ਫ਼ਰੀਦ ! ਮੈਨੂੰ ਆਪਣੇ ਜੋਬਨ ਦੇ ਚਲੇ ਜਾਣ ਦਾ ਕੋਈ ਡਰ ਨਹੀਂ, ਪ੍ਰਭੂ ਦੀ ਪ੍ਰੀਤ ਨਹੀਂ ਜਾਣੀ ਚਾਹੀਦੀ, ਇਹ ਪ੍ਰੀਤ ਜੀਵਨ ਦਾ ਅਤਿ ਉੱਚਾ ਆਦਰਸ਼ ਹੈ, ਇਸ ਤੋਂ ਬਿਨਾਂ ਕਈ ਜੋਬਨ-ਟਹਿਣੀਆਂ ਸੁੱਕ ਕੇ ਕੁਮਲਾ ਗਈਆਂ ਹਨ ।

ਫ਼ਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣੁ ਲੇਫੁ ॥

ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥ ੩੪ ॥

ਅਰਥ - ਹੇ ਫ਼ਰੀਦ ! ਤੇਰੇ ਬਾਰੇ ਫਿਕਰ ਦੀ ਮੰਜੀ ਨੂੰ, ਮੈਂ ਤੇਰੇ ਦੁੱਖਾਂ ਦੇ ਵਾਣ ਨਾਲ ਉਣ ਲਿਆ ਹੈ, ਤੇਰੀ ਪ੍ਰੇਮ ਸ਼ਿੱਕ ਦਾ ਇਸ ਉੱਤੇ ਵਿਛਾਉਣਾ ਤੇ ਲੇਫ ਰੱਖ ਦਿੱਤਾ ਹੈ, ਮੇਰੇ ਸੱਚੇ ਸਾਹਿਬ ! ਤੂੰ ਆ ਕੇ ਵੇਖ ਤੇਰੇ ਵਿਛੋੜੇ ਵਿਚ ਮੇਰੇ ਜੀਵਨ ਦਾ ਇਹ ਹਾਲ ਹੋ ਗਿਆ ਹੈ ।

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥

ਫ਼ਰੀਦਾ ਜਿਤੁ ਤਨਿ ਬਿਰਹ ਨ ਉਪਜੈ ਸੋ ਤਨੁ ਜਾਣੁ ਮਸਾਨੁ ॥ ੩੬ ॥

ਅਰਥ - ਹੇ ਫ਼ਰੀਦ ! ਪ੍ਰੇਮ ਵਿਛੋੜੇ ਦੀ ਪੀੜ ਨੂੰ ਲੋਕ ਬੁਰਾ ਆਖਦੇ ਹਨ ਪਰ ਇਹ ਪ੍ਰੇਮ ਪੀੜਾ ਤਾਂ ਸਭ ਦੀ ਸਿਰਤਾਜ ਹੈ, ਜਿਸ ਸ਼ਰੀਰ ਅੰਦਰ ਇਹ ਪ੍ਰੇਮ ਸ਼ਿੱਕ ਨਹੀਂ ਉਪਜਦੀ ਉਹ ਲੋਥ ਦੀ ਨਿਆਈ ਹੈ ।

ਫ਼ਰੀਦਾ ਏ ਵਿਸੁ ਗੰਦਲਾਂ ਧਰੀਆਂ ਖੰਡੁ ਲਿਵਾੜਿ ॥

ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥ ੩੭ ॥

ਅਰਥ - ਹੇ ਫ਼ਰੀਦ ! ਇਹ ਸੰਸਾਰ ਉਨ੍ਹਾਂ ਜ਼ਹਿਰ ਭਰੀਆਂ ਗੰਦਲਾਂ ਦੀ ਖੇਤੀ ਹੈ, ਜਿਨ੍ਹਾਂ ਉਤੇ ਖੰਡ ਲਪੇਟੀ ਹੋਈ ਹੈ, ਇਹ ਮਨੁੱਖ ਦੇ ਜੀਵਨ ਨੂੰ ਸਹਾਰਾ ਨਹੀਂ ਦੇ ਸਕਦੀ, ਕਈ ਤਾਂ ਇਸ ਨੂੰ ਬੀਜਦੇ ਹੀ ਚਲੇ ਗਏ ਹਨ ਅਤੇ ਕਈਆਂ ਨੇ ਬੀਜੀ ਹੋਈ ਨੂੰ ਉਜਾੜ ਕੇ ਇਸ ਸੰਸਾਰ ਨੂੰ ਛੱਡ ਜਾਣਾ ਹੈ ।

ਫ਼ਰੀਦਾ ਚਾਰਿ ਗਵਾਇਆ ਹੰਢਿਕੈ ਚਾਰਿ ਗਵਾਇਆ ਸੰਮਿ ॥

ਲੇਖਾ ਰਬੁ ਮੰਗੇਸੀਆ ਤੂੰ ਆਂਹੋ ਕੇਰ੍ਹੇ ਕੰਮਿ ॥ ੩੮ ॥

ਅਰਥ - ਹੇ ਫ਼ਰੀਦ ! ਤੂੰ ਦਿਨ ਦੇ ਚਾਰ ਪਹਿਰ ਸੰਸਾਰਕ ਕੰਮਾਂ ਵਿਚ ਗੁਜ਼ਾਰ ਦਿੱਤੇ ਹਨ, ਚਾਰ ਪਹਿਰ ਰਾਤ ਸੌਂ ਕੇ ਲੰਘਾ ਦਿਤੀ ਹੈ, ਪਰ ਰੱਬ ਨੇ ਤਾਂ ਤੈਥੋਂ ਲੇਖਾ ਪੁੱਛਣਾ ਹੈ ਕਿ ਸੰਸਾਰ ਵਿਚ ਤੂੰ ਕਿਸ ਕੰਮ ਲਈ ਆਇਆ ਸੀ ।

ਫ਼ਰੀਦਾ ਦਰਿ ਦਰਵਾਜੈ ਜਾਇਕੈ ਕਿਉ ਡਿਠੋ ਘੜੀਆਲ ॥

ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲ ॥ ੩੯ ॥

ਅਰਥ - ਹੇ ਫ਼ਰੀਦ ! ਨਗਰ ਦੇ ਦਰਵਾਜੇ ਤੇ ਜਾ ਕੇ, ਕੀ ਤੂੰ ਕਦੀ ਘੜਿਆਲ ਨੂੰ ਦੇਖਿਆ ਹੈ ? ਉਸ ਨੂੰ ਤਾਂ ਸਮਾਂ ਹੋਣ ਤੇ ਬੇਦੋਸ਼ੇ ਨੂੰ ਹੀ ਮਾਰਿਆ ਜਾਂਦਾ ਹੈ ਪਰ ਅਸੀਂ ਜੋ ਦੋਸ਼ੀ ਤੇ ਗੁਨਾਹਗਾਰ ਹਾਂ, ਸਾਡਾ ਕੀ ਹਾਲ ਹੋਵੇਗਾ ?

ਘੜੀਏ ਘੜੀਏ ਮਾਰੀਐ ਪਹਰੀ ਲਹੈ ਸਜਾਇ ॥

ਸੋਹੇੜਾ ਘੜੀਆਲ ਜਿਉ ਡੁਖੀ ਰੈਣਿ ਵਿਹਾਇ ॥ ੪੦ ॥

ਅਰਥ - ਹੇ ਫ਼ਰੀਦ ! ਘੜਿਆਲ ਨੂੰ ਹਰ ਘੜੀ ਦੇ ਬੀਤਣ ਉੱਤੇ ਮਾਰ ਪੈਂਦੀ ਹੈ, ਹਰ ਪਹਿਰ ਦੇ ਗੁਜ਼ਰ ਜਾਣ ਉੱਤੇ ਉਸ ਨੂੰ ਵੱਡੀ ਸਜ਼ਾ ਦਿੱਤੀ ਗਈ ਹੈ ਅਤੇ ਲੰਮੇ ਸਮੇ ਲਈ ਵਜਾਇਆ ਜਾਂਦਾ ਹੈ । ਇਸ ਤਰ੍ਹਾਂ ਜੋ ਜਿੰਦ ਗੁਨਾਹਗਾਰ ਤੇ ਦੋਸ਼ੀ ਹੈ, ਉਸ ਦੇ ਜੀਵਨ ਦੀ ਰਾਤ ਵੀ ਦੁੱਖਾਂ ਵਿਚ ਬੀਤਦੀ ਹੈ ।

ਬੁੱਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ ॥

ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ ॥ ੪੧ ॥

ਅਰਥ - ਸਰੀਰਕ ਭੋਗਾਂ ਤੇ ਸੰਸਾਰਕ-ਖੁਸ਼ੀਆਂ ਦੇ ਪਿੱਛੇ ਲਗ ਕੇ ਸ਼ੇਖ ਫ਼ਰੀਦ ਹੁਣ ਬੁੱਢਾ ਹੋ ਗਿਆ ਹੈ, ਉਸ ਦਾ ਸ਼ਰੀਰ ਨਿਰਬਲ ਹੋ ਕੇ ਕੰਬਣ ਲਗ ਪਿਆ ਹੈ । ਜੇ ਉਸ ਦਾ ਇਹ ਸ਼ਰੀਰ ਸੌ ਵਰ੍ਹਿਆਂ ਤੱਕ ਵੀ ਜਿਉਂਦਾ ਰਹੇ, ਤਾਂ ਵੀ ਅੰਤ ਨੂੰ ਉਸ ਨੇ ਮਿੱਟੀ ਦੀ ਢੇਰੀ ਹੋ ਜਾਣਾ ਹੈ ।

ਫ਼ਰੀਦਾ ਬਾਰਿ ਪਰਾਇਐ ਬੈਸਣਾ ਸਾਈਂ ਮੁਝੈ ਨ ਦੇਹਿ ॥

ਜੇ ਤੂੰ ਏਵੈ ਰਖਸੀ ਜੀਉ ਸਰੀਰਹੁ ਲੇਹਿ ॥ ੪੨ ॥

ਅਰਥ - ਮੇਰੇ ਮਾਲਿਕ ! ਦੁਨਿਆਵੀ ਪਦਾਰਥਾਂ ਦੀ ਖਾਤਰ ਮੈਨੂੰ ਕਿਸੇ ਹੋਰ ਦੇ

ਬੂਹੇ ਉੱਤੇ ਨਾ ਬਿਠਾਵੀਂ, ਜੇ ਜੀਵਨ ਵਿਚ ਇਸੇ ਤਰ੍ਹਾਂ ਦੀ ਮੁਥਾਜੀ ਮਿਲਣੀ ਹੈ, ਤਾਂ ਪ੍ਰਭੂ ਇਸ ਤੋਂ ਚੰਗਾ ਹੈ ਕਿ ਤੂੰ ਇਸ ਸ਼ਰੀਰ ਵਿਚੋਂ ਮੇਰੀ ਜਿੰਦ ਕੱਢ ਲਵੇਂ ।

ਕੰਧਿ ਕੁਹਾੜਾ ਸਿਰਿ ਘੜਾਂ ਵਣਿ ਕੈ ਸਰੁ ਲੋਹਾਰੁ ॥
ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ ॥ ੪੩ ॥

ਅਰਥ - ਹੇ ਫ਼ਰੀਦ ! ਮੋਢੇ ਉਤੇ ਕੁਹਾੜਾ ਰੱਖ ਸਿਰ ਤੇ ਪਾਣੀ ਦਾ ਘੜਾ ਚੁੱਕੀ ਮਨੁੱਖ ਇਸ ਸੰਸਾਰ ਰੂਪੀ ਬਨ ਵਿਚ ਲੋਹਾਰ ਵਾਂਗ ਬਾਦਸ਼ਾਹ ਦੀ ਨਿਆਈ ਵਿਚਰ ਰਿਹਾ ਹੈ । ਜਿਸ ਲਕੜੀ ਨੂੰ ਜੀ ਚਾਹੇ ਕੱਟ ਸਕਦਾ ਹੈ ਪਰ ਮੈਂ ਇਸ ਸੰਸਾਰ ਦੇ ਜੰਗਲ ਵਿਚ ਆਪਣੇ ਪ੍ਰਭੂ ਪ੍ਰੀਤਮ ਨੂੰ ਢੂੰਡ ਰਿਹਾ ਹਾਂ, ਤੂੰ ਕੋਇਲੇ ਵਰਗੀਆਂ ਸੰਸਾਰਕ ਵਸਤਾਂ ਪਿ ਛੇ ਭੱਜ ਰਿਹਾ ਹੈ ।

ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ ॥
ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ ॥ ੪੪ ॥

ਅਰਥ - ਹੇ ਫ਼ਰੀਦ ! ਕਈਆਂ ਕੋਲ ਸੰਸਾਰਕ ਧਨ ਪਦਾਰਥ ਦੀ ਬਹੁਲਤਾ ਹੈ ਤੇ ਕਈਆਂ ਕੋਲ ਆਟੇ ਵਿਚ ਲੂਣ ਮਾਤਰ ਵਸਤੂ ਵੀ ਨਹੀਂ ਹੈ ਪਰ ਇਸ ਬਹੁਲਤਾ ਦੇ ਆਧਾਰ ਤੇ ਜੀਵਨ ਦੀ ਸਫਲਤਾ ਨਹੀਂ ਮਾਪੀ ਜਾ ਸਕਦੀ, ਇਸ ਗੱਲ ਦਾ ਪਤਾ ਤਾਂ ਰੱਬੀ ਦਰਗਾਹ ਵਿਚ ਹੀ ਲਗੇਗਾ ਕਿ ਉਥੇ ਸਜ਼ਾ ਕਿਸ ਨੂੰ ਭੁਗਤਣੀ ਪੈਂਦੀ ਹੈ ।

ਪਾਸਿ ਦਮਾਮੇ ਛਤੁ ਸਿਰੀ ਭੇਰੀ ਸਡੋ ਰਡ ॥
ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ ॥ ੪੫ ॥

ਅਰਥ - ਹੇ ਫ਼ਰੀਦ ! ਜਿਨ੍ਹਾਂ ਬਾਦਸ਼ਾਹਾਂ ਦੀ ਚੜ੍ਹਤ ਸਮੇਂ ਨਗਾਰੇ ਵਜਾਏ ਜਾਂਦੇ ਸਨ, ਸਿਰ ਤੇ ਛਤਰ ਝੁਲਦੇ ਸਨ ਅਤੇ ਜਿਨ੍ਹਾਂ ਦੇ ਮਹਿਲਾਂ ਵਿਚ ਭੇਰੀ ਤੇ ਨਫੀਰੀ ਨਾਲ ਉਸਤਤ ਦੇ ਛੰਦ ਗਾਏ ਜਾਂਦੇ ਸਨ, ਉਹ ਵੀ ਕਬਰਾਂ ਵਿਚ ਜਾ ਸੁੱਤੇ ਹਨ ਅਤੇ ਹੋਰਨਾਂ ਵਾਂਗ ਨਿਆਸਰੇ ਹੋ ਗਏ ਹਨ ।

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥ ੪੬ ॥

ਅਰਥ - ਹੇ ਫ਼ਰੀਦ ! ਦਰਵੇਸ਼ ਦੀ ਗੋਦੜੀ ਨੂੰ ਤਾਂ ਕਈ ਟਾਕੇ ਲੱਗੇ ਹੋਏ ਹਨ, ਪਰ ਜਿੰਦ ਨੂੰ ਕੋਈ ਟਾਂਕਾ ਨਹੀਂ ਲੱਗ ਹੋਇਆ, ਮਿੱਥੇ ਹੋਏ ਮੌਤ ਸਮੇਂ ਆਪੇ ਆਪਣੀ ਵਾਰੀ

ਵੱਡੇ-ਵੱਡੇ ਅਭਿਆਸੀ ਬਜ਼ੁਰਗ ਤੇ ਦਰਵੇਸ਼ ਵੀ ਇਸ ਸੰਸਾਰ ਤੋਂ ਤੁਰ ਗਏ ਹਨ।

ਫ਼ਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ॥
ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ ॥ ੪੮ ॥

ਅਰਥ - ਹੇ ਫ਼ਰੀਦ ! ਅੱਖੀਆਂ ਦੇ ਦੋ ਦੀਵਿਆ ਦੇ ਜਗਦਿਆਂ ਹੀ, ਮੌਤ ਦਾ ਫਰਿਸ਼ਤਾ ਆ ਬੈਠਾ ਹੈ, ਉਸ ਨੇ ਸ਼ਰੀਰ ਦੇ ਕਿਲ੍ਹੇ ਉਤੇ ਕਬਜ਼ਾ ਕਰ ਲਿਆ ਹੈ, ਜਿੰਦ ਨੂੰ ਲੁਟ ਲਿਆ ਹੈ ਅਤੇ ਜਾਂਦੀ ਵਾਰੀ ਇਹ ਦੋ ਅੱਖਾਂ ਦੇ ਦੀਵੇ ਦੀ ਬੁਝਾ ਗਿਆ ਹੈ।

ਫ਼ਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥
ਮੰਦੇ ਅਮਲ ਕਰੇਦਿਆ ਇਹ ਸਜਾਇ ਤਿਨਾਹ ॥ ੪੯ ॥

ਅਰਥ - ਹੇ ਫ਼ਰੀਦ ! ਵੇਖ ਕਪਾਹ ਕਿਵੇਂ ਵੇਖਣੇ ਵਿਚ ਵੇਲੀ ਗਈ ਹੈ, ਤਿਲ ਕਿਵੇਂ ਕੋਹਲੂ ਵਿਚ ਪੀੜੇ ਗਏ ਹਨ ? ਕਮਾਦ ਅਤੇ ਕਾਗਜ਼ ਨਾਲ ਕੀ ਬੀਤਦੀ ਹੈ ? ਮਿੱਟੀ ਦੀ ਹਾਂਡੀ ਤੇ ਕੋਲਿਆਂ ਨਾਲ ਕਿਵੇਂ ਗੁਜ਼ਰਦੀ ਹੈ ? ਅਜਿਹੀਆਂ ਸਜ਼ਾਵਾਂ ਉਨ੍ਹਾਂ ਲੋਕਾ ਨੂੰ ਮਿਲਦੀਆਂ ਹਨ ਜਿਹੜੇ ਬੁਰੇ ਕੰਮ ਕਰਦੇ ਹਨ।

ਫ਼ਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥ ੫੦ ॥

ਅਰਥ - ਹੇ ਫ਼ਰੀਦ ! ਮੋਢੇ ਤੇ ਨਮਾਜ਼ ਪੜ੍ਹਨ ਵਾਲੀ ਚਟਾਈ ਰਖੀ ਹੋਈ ਹੈ ਗੱਲ ਸੂਫੀ ਫ਼ਕੀਰਾਂ ਦਾ ਬਾਣਾ ਪਾਇਆ ਹੋਇਆ ਹੈ, ਦਿਲ ਵਿਚ ਸੁਆਰਥ ਦੀ ਕੈਂਚੀ ਲੁਕਾਈ ਹੋਈ ਹੈ, ਜ਼ਬਾਨ ਤੋਂ ਗੁੜ੍ਹ ਵਰਗੇ ਮਿੱਠੇ ਬਚਨ ਬੋਲਦਾ ਹੈ, ਬਾਹਰ ਦੀ ਸ਼ਕਲ ਸੂਰਤ ਤੋਂ ਤਾਂ ਚਾਨਣ ਵਰਗਾ ਚਿੱਟਾ ਜਾਪਦਾ ਹੈ, ਪਰ ਅੰਦਰ ਦਿਲ ਵਿਚ ਹਨੇਰੀ ਰਾਤ ਵਰਗੀ ਕਾਲਖ ਹੈ।

ਫ਼ਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ ॥
ਜੋ ਤਨ ਰਤੇ ਰੱਬ ਸਿਉ ਤਿਨ ਤਨਿ ਰਤੁ ਨ ਹੋਇ ॥ ੫੧ ॥

ਅਰਥ - ਹੇ ਫ਼ਰੀਦ ! ਦਰਵੇਸ਼ ਦੇ ਤਨ ਨੂੰ ਜੇ ਕੋਈ ਚੀਰ ਦੇਵੇ, ਤਾਂ ਉਸ ਵਿਚੋਂ ਵਾਸ਼ਨਾ ਦਾ ਰੱਤੀ ਭਰ ਖ਼ੂਨ ਵੀ ਨਹੀਂ ਨਿਕਲੇਗਾ। ਜਿਹੜੇ ਬੰਦੇ ਰੱਬ ਦੇ ਪ੍ਰੇਮ ਵਿਚ ਰੰਗੇ ਹੋਏ ਹੁੰਦੇ ਹਨ, ਉਨ੍ਹਾਂ ਵਿਚ ਵਿਕਾਰਾਂ ਦੀ ਰੱਤ ਨਹੀਂ ਹੁੰਦੀ।

ਮਹਲਾ ੨ ॥

ਇਹ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ ॥
ਜੋ ਸਹੁ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ ॥
ਭੈ ਪਇਐ ਤਨੁ ਖੀਣੁ ਹੋਇ ਲੋਭ ਰਤੁ ਵਿਚਹੁ ਜਾਇ ॥
ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ
ਦੁਰਮਤਿ ਮੈਲੁ ਗਵਾਇ ॥
ਨਾਂਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ ॥ ੫੨ ॥

ਅਰਥ - ਇਸ ਸ਼ਲੋਕ ਵਿਚ ਗੁਰੂ ਅਮਰ ਦਾਸ ਜੀ ਆਖਦੇ ਹਨ ਕਿ ਈਸ਼ਵਰ ਦੇ ਨਾਮ ਵਿਚ ਲੀਨ ਹੋਏ ਮਨੁੱਖ ਦੇ ਸਾਰੇ ਸ਼ਰੀਰ ਵਿਚ ਲਹੂ ਤਾਂ ਹੈ ਪਰ ਉਹ ਲੋਭ ਰਹਿਤ ਹੈ। ਜੋ ਮਨੁੱਖ ਰੱਬ ਤੋਂ ਭੈ ਭੀਤ ਹੁੰਦਾ ਹੈ ਉਸ ਮਨੁੱਖ ਵਿਚੋਂ ਲਾਲਚ ਨਿਕਲ ਕੇ ਉਸ ਦਾ ਸ਼ਰੀਰ ਇਸ ਤਰ੍ਹਾਂ ਅੱਗ ਵਿਚ ਤਪ ਕੇ ਧਾਤ ਸ਼ੁੱਧ ਹੋ ਜਾਂਦੀ ਹੈ। ਪਰਮਾਤਮਾ ਦਾ ਭੈ ਦੁਰਮਤਿ ਨੂੰ ਦੂਰ ਕਰਕੇ ਮਨੁੱਖ ਨੂੰ ਸੁਚੱਜਾ ਬਣਾ ਦੇਂਦਾ ਹੈ। ਹੇ ਨਾਨਕ! ਉਹ ਆਦਮੀ ਹੀ ਸੁੰਦਰ ਹੈ ਜੋ ਈਸ਼ਵਰ ਦੇ ਰੰਗ ਵਿਚ ਰੰਗਿਆ ਹੋਇਆ ਹੈ।

ਫ਼ਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ॥
ਛਪੜਿ ਢੂਢੈ ਕਿਆ ਹੋਵੇ ਚਿਕੜਿ ਡੁਬੈ ਹਥੁ ॥ ੪੩ ॥

ਅਰਥ - ਹੇ ਫ਼ਰੀਦ! ਹੰਸ ਆਤਮਾ ਨੂੰ ਉਸ ਸਰੋਵਰ ਦੀ ਢੂੰਡ ਕਰਨੀ ਚਾਹੀਦੀ ਹੈ ਜਿਸ ਵਿਚੋਂ ਉਸਨੂੰ ਨਾਮ ਦੀ ਅਮੋਲਕ ਵਸਤੂ ਮਿਲ ਪਵੇ। ਸੰਸਾਰਕ ਵਾਸ਼ਨਾਵਾਂ ਦੇ ਛੱਪੜ ਨੂੰ ਢੂੰਢਣ ਦਾ ਕੋਈ ਲਾਭ ਨਹੀਂ ਹੋਵੇਗਾ, ਉੱਥੇ ਤਾਂ ਹੱਥ ਹੀ ਚਿੱਕੜ ਨਾਲ ਲਿਬੜਨਗੇ।

ਫ਼ਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ ॥
ਧਨ ਕੂਕੇਂਦੀ ਗੋਰ ਮੈਂ ਤੈ ਸਹੁ ਨਾ ਮਿਲੀਆਸੁ ॥ ੫੪ ॥

ਅਰਥ - ਹੇ ਫ਼ਰੀਦਾ! ਜੀਵ ਇਸਤਰੀ ਨੇ ਜੁਆਨੀ ਵਿਚ ਤਾਂ ਪ੍ਰਭੂ ਪਤੀ ਨੂੰ ਯਾਦ ਕਰਕੇ ਉਸ ਦੇ ਪ੍ਰੇਮ ਦਾ ਰੰਗ ਨਹੀਂ ਮਾਣਿਆ, ਵੱਡੀ ਹੋ ਕੇ ਮੌਤ ਦਾ ਸ਼ਿਕਾਰ ਹੋ ਗਈ ਹੈ, ਪਰ ਹੁਣ ਉਹੀ ਜੀਵ ਇਸਤਰੀ ਕਬਰ ਵਿਚ ਲੇਟੀ ਕੂਕ-ਕੂਕ ਕੇ ਕਹਿ ਰਹੀ ਹੈ ਕਿ ਮੈਨੂੰ ਪ੍ਰਭੂ ਪਤੀ ਮਿਲਿਆ ਨਹੀਂ ਹੈ।

ਫ਼ਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥
ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ ॥ ੫੫ ॥

ਅਰਥ - ਹੇ ਫ਼ਰੀਦ ! ਸਿਰ ਤੇ ਦਾੜ੍ਹੀ ਦੇ ਵਾਲ ਚਿੱਟੇ ਹੋ ਗਏ ਹਨ ਮੁੱਛਾਂ ਵੀ ਚਿੱਟੀਆਂ ਹੋ ਗਈਆਂ ਹਨ, ਪਰ ਇਹ ਗਾਫਲ ਤੇ ਮੂਰਖ ਮਨ ਅਜੇ ਵੀ ਸੰਸਾਰਕ ਖੁਸ਼ੀਆਂ ਵਿਚ ਮਸਤ ਹੈ ।

ਫ਼ਰੀਦਾ ਕੋਠੇ ਧੁਕਣੁ ਕੇਤੜਾ ਪਿਰ ਨੀਦੜੀ ਨਿਵਾਰਿ ॥
ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ ॥ ੫੬ ॥

ਅਰਥ - ਹੇ ਫ਼ਰੀਦ ! ਇਹ ਸੰਸਾਰ ਕੋਠੇ ਦੀ ਦੌੜ ਵਾਂਗ ਹੈ, ਜੋ ਛੇਤੀ ਹੀ ਮੁਕ ਜਾਂਦੀ ਹੈ. ਇਸ ਲਈ ਪ੍ਰਭੂ ਪਤੀ ਵਲੋਂ ਗਫ਼ਲਤ ਦੀ ਨੀਂਦ ਨੂੰ ਦੂਰ ਕਰ, ਮਨੁੱਖੀ ਜੀਵਨ ਦੇ ਜੋ ਗਿਣਤੀ ਦੇ ਦਿਨ ਮਿਲੇ ਹਨ, ਉਹ ਸੰਸਾਰਕ ਦੌੜ ਵਿਚ ਵਿਰਲਾਪ ਕਰਦਿਆਂ ਹੀ ਲੰਘ ਜਾਂਦੇ ਹਨ ।

ਫ਼ਰੀਦਾ ਕੋਠੇ ਮੰਡਪ ਮਾੜੀਆਂ ਏਤੁ ਨ ਲਾਏ ਚਿਤੁ ॥
ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥ ੫੭ ॥

ਅਰਥ - ਹੇ ਫ਼ਰੀਦ ! ਇਨ੍ਹਾਂ ਸੁੰਦਰ ਮਹਿਲ, ਮਾੜੀਆਂ ਤੇ ਮੰਡਪਾਂ ਨਾਲ ਚਿਤ ਨਹੀਂ ਲਗਾਉਣਾ ਚਾਹੀਦਾ, ਇਨ੍ਹਾਂ ਉੱਤੇ ਜਿਹੜੀ ਅਤੋਲਵੀ ਮਿੱਟੀ ਪਈ ਹੋਈ ਹੈ, ਉਹ ਅੰਤ ਸਮੇਂ ਤੇਰੀ ਸਹਾਈ ਨਹੀਂ ਹੋਵੇਗੀ ।

ਫ਼ਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ ॥
ਸਾਈ ਜਾਇ ਸਮਾਲਿ ਜਿਥੈ ਹੀ ਤਉ ਵੰਞਣਾ ॥ ੫੮ ॥

ਅਰਥ - ਹੇ ਫ਼ਰੀਦ ! ਮਹਿਲ, ਮਾੜੀਆਂ ਤੇ ਧਨ ਪਦਾਰਥ ਨਾਲ ਆਪਣੇ ਮਨ ਨੂੰ ਨਾ ਜੋੜ, ਤੂੰ ਬਲਵਾਨ ਮੌਤ ਦਾ ਖਿਆਲ ਕਰ ਅਤੇ ਉਸ ਥਾਂ ਨੂੰ ਚਿਤ ਵਿਚ ਰੱਖ ਜਿੱਥੇ ਅੰਤ ਵਿਚ ਤੂੰ ਜਾਣਾ ਹੈ ।

ਫ਼ਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥ ੫੯ ॥

ਅਰਥ - ਹੇ ਫ਼ਰੀਦ ! ਜਿਨ੍ਹਾਂ ਕੰਮਾਂ ਤੋਂ ਤੈਨੂੰ ਕੋਈ ਆਚਰਣਕ ਜਾਂ ਆਤਮਕ ਲਾਭ ਨਹੀਂ ਮਿਲਦਾ, ਉਨ੍ਹਾਂ ਕੰਮਾਂ ਨੂੰ ਛੱਡ ਦੇ, ਨਹੀਂ ਤਾਂ ਇਨ੍ਹਾਂ ਕਾਰਣ ਤੈਨੂੰ ਮਾਲਿਕ ਪ੍ਰਭੂ

ਦੇ ਦਰਬਾਰ ਵਿਚ ਸਰਮਿੰਦਾ ਹੋਣਾ ਪਵੇਗਾ ।

ਫ਼ਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥

ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥ ੬੦ ॥

ਅਰਥ - ਹੇ ਫ਼ਰੀਦ ! ਮਨ ਦੇ ਸਾਰੇ ਭਰਮ ਦੂਰ ਕਰਕੇ ਮਾਲਿਕ ਪ੍ਰਭੂ ਦੀ ਸੇਵਾ ਕਰਨੀ ਚਾਹੀਦੀ ਹੈ, ਉਸ ਦੇ ਸਿਮਰਨ ਵਿਚ ਜੀਵਨ ਬਤੀਤ ਕਰਨਾ ਚਾਹੀਦਾ ਹੈ । ਦਰਵੇਸ਼ਾਂ ਦੇ ਮਨ ਅੰਦਰ ਰੁੱਖਾਂ ਵਰਗਾ ਜੇਰਾ ਤੇ ਸਬਰ ਹੋਣਾ ਚਾਹੀਦਾ ਹੈ ।

ਫ਼ਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥

ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥ ੬੧ ॥

ਅਰਥ - ਹੇ ਫ਼ਰੀਦ ! ਕੱਪੜੇ ਤਾਂ ਸੂਫ਼ੀਆਂ ਵਾਲੇ ਕਾਲੀ ਉੱਨ ਦੇ ਪਾਏ ਹੋਏ ਹਨ, ਫਕੀਰਾਂ ਵਾਲਾ ਭੇਖ ਬਣਾਇਆ ਹੋਇਆ ਹੈ । ਪਰ ਦਿਲ ਪਾਪਾਂ ਨਾਲ ਭਰਿਆ ਹੋਇਆ ਹੈ, ਫਿਰ ਵੀ ਲੋਕ ਮੈਨੂੰ ਰੱਬ ਦਾ ਭਗਤ ਆਖਦੇ ਹਨ ।

ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ ॥

ਫ਼ਰੀਦਾ ਜੋ ਡੋਹਾਗਣਿ ਰੱਬ ਦੀ ਝੂਰੇਦੀ ਝੂਰੇਇ ॥ ੬੨ ॥

ਅਰਥ - ਹੇ ਫ਼ਰੀਦ ! ਪਾਣੀ ਦੀ ਮਾਰੀ ਹੋਈ ਖੇਤੀ, ਮੁੜ ਪਾਣੀ ਵਿਚ ਡੋਬਿਆਂ ਵੀ ਹਰੀ ਨਹੀਂ ਹੋ ਸਕਦੀ । ਇਸੇ ਤਰ੍ਹਾਂ ਜੋ ਜੀਵ ਇਸਤਰੀ ਪ੍ਰਭੂ ਪਤੀ ਵੱਲੋਂ ਛੁੱਟੜ ਹੋ ਗਈ ਹੈ, ਉਸਨੂੰ ਸਭ ਸਿਆਣਪਾਂ ਦੇ ਹੁੰਦਿਆਂ ਵੀ ਝੂਰਨਾ ਤੇ ਨਿਰਾਸ਼ ਹੋਣਾ ਪੈਂਦਾ ਹੈ ।

ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ ॥

ਫ਼ਰੀਦਾ ਏਹੋ ਪਛਤਾਉ ਵਤਿ ਕੁਆਰੀ ਨ ਥੀਐ ॥ ੬੩ ॥

ਅਰਥ - ਸੰਸਾਰ ਕੱਲਰ ਦੀ ਛਪੜੀ ਵਿਚ, ਹੰਸ ਆਤਮਾਵਾਂ ਆ ਲੱਥੀਆਂ ਹਨ। ਉਹ ਉਸ ਚੁੰਜਾਂ ਡਬ ਕੇ ਵੀ ਇਸ ਦਾ ਮੈਲਾ ਪਾਣੀ ਨਹੀਂ ਪੀਂਦੀਆਂ, ਉਨ੍ਹਾਂ ਦੇ ਮਨਾਂ ਵਿਚ ਤੇ ਛੇਤੀਆਂ ਆਤਮਕ ਉਡਾਰਿਆਂ ਲਾਉਣ ਦੀ ਪ੍ਰਬਲਤਾ ਮਚਲਦੀ ਰਹਿੰਦੀ ਹੈ ।

ਹੰਸਿ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ ॥

ਗਹਿਲਾ ਲੋਕੁ ਨ ਜਾਣਦਾ ਹੰਸ ਨ ਕੋਧ੍ਰਾ ਖਾਇ ॥ ੬੫ ॥

ਅਰਥ - ਹੇ ਫ਼ਰੀਦ ! ਕਈ ਪੰਛੀਆਂ ਦੀਆਂ ਡਾਰਾਂ ਜੋ ਇਸ ਸੰਸਾਰ ਤਾਲਾਬ ਦੀ ਸ਼ੋਭਾ ਸਨ ਅਤੇ ਜਿਨ੍ਹਾਂ ਕਾਰਣ ਇਹ ਵਸਦਾ ਨਜਰੀ ਪੈਂਦਾ ਸੀ, ਇਥੋਂ ਉੱਡ ਕੇ ਚਲੀਆਂ

ਗਈਆਂ ਹਨ । ਇਸ ਸਰੋਵਰ ਦੇ ਪਾਣੀ ਨੇ ਵੀ ਇਕ ਦਿਨ ਸੁੱਕ ਜਾਣਾ ਹੈ ਅਤੇ ਇਸ ਵਿਚਲੇ ਕੰਵਲਾਂ ਨੇ ਵੀ ਅੰਤ ਨੂੰ ਮੁਰਝਾ ਜਾਣਾ ਹੈ ।

ਫ਼ਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ ॥
ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸਿ ॥ ੬੭ ॥

ਅਰਥ - ਹੇ ਫ਼ਰੀਦ ! ਇਕ ਦਿਨ ਕਬਰ ਵਿਚ ਤੂੰ ਵੀ ਇੱਟ ਦਾ ਸਿਰਾਣਾ ਰੱਖ ਭੋਂ ਉਤੇ ਸੌਂ ਜਾਵੇਗਾ । ਤੇਰੇ ਮਾਸ ਵਿਚਕੀੜੇ ਲੜਨਗੇ ਅਤੇ ਤੂੰ ਇਕੋ ਪਾਸੇ ਕਈ ਜੁਗਾਂ ਤੱਕ ਪਿਆ ਰਹੇਗਾ ।

ਫ਼ਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ ॥
ਅਜਰਾਈਲ ਫਰੇਸਤਾ ਕੈ ਘਰਿ ਨਾਠੀ ਅਜੁ ॥ ੬੮ ॥

ਅਰਥ - ਹੇ ਫ਼ਰੀਦ ! ਸ਼ਰੀਰ ਦਾ ਸੁੰਦਰ ਘੜਾ ਭਰ ਗਿਆ ਹੈ ਅਤੇ ਸੁਆਸਾਂ ਦੀ ਸੁਹਣੀ ਲੱਜ ਟੁੱਟ ਗਈ ਹੈ, ਮੌਤ ਦਾ ਫਰਿਸ਼ਤਾ ਅਜ਼ਰਾਈਲ ਅੱਜ ਕਿਸ ਘਰ ਦਾ ਪਰਾਹੁਣਾ ਬਣਿਆ ਹੈ ।

ਫ਼ਰੀਦਾ ਭੰਨੀ ਘੜੀ ਸੁਵੰਨਵੀ ਟੂਟੀ ਨਾਗਰ ਲਜੁ ॥
ਜੋ ਸਜਣ ਭੁਇ ਭਾਰੁ ਥੇ ਸੇ ਕਿਉ ਆਵਹਿ ਅਜੁ ॥ ੬੯ ॥

ਅਰਥ - ਹੇ ਫ਼ਰੀਦ ! ਸ਼ਰੀਰ ਦਾ ਸੁੰਦਰ ਘੜਾ ਭੱਜ ਗਿਆ ਹੈ ਅਤੇ ਸੁਆਸਾਂ ਦੀ ਸੁਹਣੀ ਲਜ ਟੁੱਟ ਗਈ ਹੈ । ਜਿਹੜੇ ਬੰਦੇ ਨਾਮ ਸਿਮਰਨ ਤੋਂ ਬਿਨਾਂ ਧਰਤੀ ਤੇ ਵਾਧੂ ਭਾਰ ਸਨ, ਉਹ ਇਸ ਸੰਸਾਰ ਵਿਚ ਫਿਰ ਕਿਵੇਂ ਪਰਤ ਕੇ ਆ ਸਕਦੇ ਹਨ ।

ਫ਼ਰੀਦਾ ਬੇਨਿਵਾਜ਼ਾ ਕੁਤਿਆ ਏਹ ਨ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥ ੭੦ ॥

ਅਰਥ - ਹੇ ਫ਼ਰੀਦ ! ਤੂੰ ਬੇ ਨਮਾਜ਼ ਕੁੱਤਾ ਹੈ ਅਤੇ ਇਹ ਚੰਗੀ ਜੀਵਨ ਰੀਤੀ ਨਹੀਂ ਹੈ । ਕਦੇ ਵੀ ਤੂੰ ਮਸੀਤ ਵਿਚ ਪੰਜ ਵੇਲੇ ਨਮਾਜ਼ ਗੁਜ਼ਾਰਨ ਨਹੀਂ ਆਇਆ ।

ਉਠੁ ਫ਼ਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥
ਜੋ ਸਿਰ ਸਾਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥ ੭੧ ॥

ਅਰਥ - ਹੇ ਫ਼ਰੀਦ ! ਸਵੇਰੇ ਉਠ ਕੇ ਮੂੰਹ ਧੋ ਲੈ ਅਤੇ ਰੱਬ ਦੇ ਦਰ ਤੇ ਨਮਾਜ਼ ਪੜ੍ਹ । ਜੋ ਸਿਰ ਰੱਬ ਅੱਗੇ ਸਿਜਦੇ ਵਿਚ ਨਿਉਂਦਾ ਨਹੀਂ, ਉਸ ਨੂੰ ਧੜ ਤੋਂ ਕੱਟ ਕੇ ਪਰੇ ਸੁੱਟ

ਦੇਣਾ ਚਾਹੀਦਾ ਹੈ।

ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥

ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥ ੭੨ ॥

ਅਰਥ - ਜਿਹੜਾ ਸਿਰ ਰੱਬ ਅੱਗੇ ਬੰਦਗੀ ਵਿਚ ਨਹੀਂ ਨਿਉਂਦਾ, ਉਸ ਦਾ ਕੀ ਕਰਨਾ ਚਾਹੀਦਾ ਹੈ ? ਉਸ ਨੂੰ ਰੱਖਣ ਦਾ ਕੀ ਲਾਭ ਹੈ ? ਉਸ ਨੂੰ ਤਾਂ ਤੌੜੀ ਹੇਠ ਬਾਲਣ ਦੀ ਥਾਂ ਬਾਲ ਦੇਣਾ ਚਾਹੀਦਾ ਹੈ।

ਫਰੀਦਾ ਕਿਥੈ ਤੈਡੇ ਮਾਪਿਆ ਜਿਨੀ ਤੂੰ ਜਣਿਓਹਿ ॥

ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥ ੭੩ ॥

ਅਰਥ - ਹੇ ਫ਼ਰੀਦ ! ਜਿਨ੍ਹਾਂ ਮਾਪਿਆਂ ਨੇ ਤੈਨੂੰ ਜਨਮ ਦਿੱਤਾ ਸੀ, ਉਹ ਕਿਥੇ ਹਨ ? ਤੇਰੇ ਕੋਲੋਂ ਹੀ ਉਹ ਇਸ ਸੰਸਾਰ ਤੋਂ ਕੂਚ ਕਰ ਗਏ ਹਨ ਪਰ ਤੈਨੂੰ ਹਾਲੀ ਵੀ ਮੌਤ ਦੀ ਅਟਲਤਾ ਦਾ ਯਕੀਨ ਨਹੀਂ ਆਉਂਦਾ।

ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ ॥

ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ ॥ ੭੪ ॥

ਅਰਥ - ਹੇ ਫ਼ਰੀਦ ! ਆਪਣੇ ਮਨ ਵਿਚੋਂ ਟੋਏ ਟਿਬੇ ਮਿਟਾ ਦੇ ਅਤੇ ਮੈਦਾਨ ਵਰਗੀ ਪੱਧਰੀ ਸਮ-ਦ੍ਰਿਸ਼ਟੀ ਲੈ ਆ, ਅਜਿਹਾ ਕਰਨ ਨਾਲ ਤੈਨੂੰ ਅਗਲੇ ਜੀਵਨ ਵਿਚ ਦੋਜ਼ਖ ਦੀ ਅੱਗ ਬਿਲਕੁਲ ਨਹੀਂ ਪੋਹੇਗੀ।

ਮਹਲਾ ॥ ੫ ॥

ਫਰੀਦਾ ਖਾਲਕ ਮਹਿ ਖਲਕ ਵਸੈ ਰੱਬ ਮਾਹਿ ॥

ਮੰਦਾ ਕਿਸਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥ ੭੫ ॥

ਅਰਥ - ਇਸ ਸ਼ਲੋਕ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਉਹ ਪਰਮਾਤਮਾ ਸਾਰੀ ਸ੍ਰਿਸ਼ਟੀ ਵਿਚ ਵੱਸਦਾ ਹੈ ਅਤੇ ਸਾਰੀ ਸ੍ਰਿਸ਼ਟੀ ਉਸ ਪਰਮਾਤਮਾ ਵਿਚ ਵਸਦੀ ਹੈ। ਜਦ ਉਸ ਤੋਂ ਭਿੰਨ ਕੁਝ ਹੈ ਹੀ ਨਹੀਂ ਤਾਂ ਫਿਰ ਬੁਰਾ ਕਿਸ ਨੂੰ ਆਖੀਐ ?

ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ ॥

ਪਵਨਿ ਨ ਇਤੀ ਮਾਮਲੇ ਸਹਾ ਨ ਇਤੀ ਦੁੱਖ ॥ ੭੬ ॥

ਅਰਥ - ਹੇ ਫ਼ਰੀਦ ! ਜਿਸ ਦਿਨ ਜਨਮ ਸਮੇਂ ਦਾਈ ਨੇ ਮੇਰਾ ਨਾੜੂ ਕਟਿਆ ਸੀ;

ਜੇ ਉਸ ਦਿਨ ਥੜ੍ਹਾ ... ਜਾਲ ਵੀ ਕੱਟ ਦੇਂਦੀ ਤਾਂ ਮੈਨੂੰ ਜਗਤ ਦੇ ਝਮੇਲੇ ਨਾ ਪੈਂਦੇ ਅਤੇ ਇਤਨਾ ਦੁੱਖ ਨਾ ਸਹਾਰਨਾ ...।

ਚਬਣ ਚਲਣ ਰਤਨ ਸੇ ਸੁਣੀਅਰ ਬਹਿ ਗਏ ॥

ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥ ੭੭ ॥

ਅਰਥ - ਦੰਦ ਤੇ ਪੈਰ, ਅੱਖਾਂ ਤੇ ਕੰਨ, ਨਕਾਰੇ ਹੋ ਗਏ ਹਨ। ਸ਼ਰੀਰ ਨੇ ਧਾਹ ਮਾਰੀ ਹੈ ਕਿ ਇਹ ਮੇਰੇ ਪਿਆਰੇ ਸਾਥੀ ਮੇਰਾ ਸਾਥ ਛੱਡ ਗਏ ਹਨ।

ਫ਼ਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥

ਦੇਹੀ ਰੋਗੁ ਨਾ ਲਗਈ ਪਲੈ ਸਭੁ ਕਿਛੁ ਪਾਇ ॥ ੭੮ ॥

ਅਰਥ - ਹੇ ਫ਼ਰੀਦ! ਬੁਰੇ ਦਾ ਵੀ ਭਲਾ ਕਰਨਾ ਚਾਹੀਦਾ ਹੈ, ਮਨ ਵਿਚ ਗੁੱਸਾ ਨਹੀਂ ਆਉਣ ਦੇਣਾ ਚਾਹੀਦਾ। ਅਜਿਹਾ ਕਰਨ ਨਾਲ ਸ਼ਰੀਰ ਨੂੰ ਰੋਗ ਨਹੀਂ ਲਗਦਾ ਅਤੇ ਸਾਰੇ ਉੱਚੇ ਗੁਣ ਮਨੁੱਖ ਅੰਦਰ ਆ ਜਾਂਦੇ ਹਨ।

ਫ਼ਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥

ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥ ੭੯ ॥

ਅਰਥ - ਹੇ ਫ਼ਰੀਦ! ਸੰਸਾਰ ਬਾਗ ਹੈ, ਜਿਸ ਵਿਚ ਜੀਵ ਪੰਛੀ ਵਾਂਗ ਪ੍ਰਾਹੁਣਾ ਹੈ। ਰਾਤ ਕੱਟਣ ਪਿਛੋਂ ਜਦੋਂ ਸਵੇਰ ਦੀ ਨੌਬਤ ਵੱਜੇਗੀ ਤਾਂ ਜਾਣ ਦੀ ਤਿਆਰੀ ਕਰਨੀ ਪਵੇਗੀ।

ਫ਼ਰੀਦਾ ਰਾਤਿ ਕਥੂਰੀ ਵੰਡੀਐ ਸੁਤਿਆਂ ਮਿਲੇ ਨ ਭਾਉ ॥

ਜਿੰਨਾਂ ਨੈਣ ਨੀਦ੍ਰਾਵਲੇ ਤਿੰਨਾ ਮਿਲਣ ਕੁਆਉ ॥ ੮੦ ॥

ਅਰਥ - ਹੇ ਫ਼ਰੀਦ! ਰਾਤ ਸਮੇਂ ਰੱਬ ਦੇ ਨਾਮ ਦੀ ਕਸਤੂਰੀ ਵੰਡੀ ਜਾਂਦੀ ਹੈ, ਪਰ ਸੁਤਿਆਂ ਨੂੰ ਇਸ ਦਾ ਹਿੱਸਾ ਨਹੀਂ ਮਿਲਦਾ। ਜਿਨ੍ਹਾਂ ਦੀਆਂ ਅੱਖਾਂ ਨੀਂਦ ਨਾਲ ਭਰੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਇਹ ਰੱਬੀ ਦਾਤ ਕਿਵੇਂ ਮਿਲ ਸਕਦੀ ਹੈ।

ਫ਼ਰੀਦਾ ਮੈਂ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥

ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥ ੮੧ ॥

ਅਰਥ - ਮੈਂ ਇਹੀ ਸਮਝਿਆ ਸੀ ਕਿ ਸੰਸਾਰਕ ਮੋਹ ਮਾਇਆ ਕਾਰਨ ਮੈਂ ਹੀ ਦੁੱਖੀ ਹਾਂ ਪਰ ਜਦੋਂ ਮੈਂ ਆਪਣੇ ਉੱਚੇ ਆਤਮਕ ਬਲ ਤੁਲ ਤੇ ਖਲੋ ਕੇ ਚੁਫੇਰੇ ਝਾਤੀ ਮਾਰ

ਕੇ ਵੇਖਿਆ ਤਾਂ ਹਾਰ ਘਰ ਵਿਚ ਇਹ ਮਾਇਆ ਅਗਨੀ ਬਲਦੀ ਦਿਸੀ।

ਮਹਲਾ ॥ ੫ ॥

ਫ਼ਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ਼

ਜੋ ਜਨ ਪੀਰਿ ਨਿਵਾਜਿਆ ਤਿੰਨਾ ਅੰਚ ਨਾ ਲਾਗ ॥ ੮੨ ॥

ਅਰਥ - ਇਸ ਸ਼ਲੋਕ ਵਿਚ ਗੁਰੂ ਅਰਜੁਨ ਦੇਵ ਜੀ ਆਖਦੇ ਹਨ ਕਿ ਹੇ ਫ਼ਰੀਦ! ਇਹ ਧਰਤੀ ਬਹੁਤ ਹੀ ਸੁੰਦਰ ਅਤੇ ਰੰਗੀਲੀ ਹੈ ਪਰ ਇਸ ਵਿਚ ਇੱਕ ਜ਼ਹਿਰੀਲਾ ਬਾਗ਼ ਵੀ ਹੈ। ਜਿਨ੍ਹਾਂ ਨੇ ਗੁਰੂ ਦੀ ਸੇਵਾ ਕਰਕੇ ਕਿਰਪਾ ਦੀ ਨਜ਼ਰ ਪ੍ਰਾਪਤ ਕਰ ਲਈ ਹੈ ਉਹਨਾਂ ਨੂੰ ਇਸ ਜ਼ਹਿਰ ਰੂਪੀ ਅੱਗ ਦੀਆਂ ਲਪਟਾਂ ਨਹੀਂ ਛੂਹ ਸਕਦੀਆਂ।

ਮਹਲਾ ॥ ੫ ॥

ਫ਼ਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥

ਵਿਰਲੇ ਕੋਈ ਪਾਈਅਨਿ ਜਿੰਨਾ ਪਿਆਰੇ ਨੇਹ ॥ ੮੩ ॥

ਅਰਥ - ਇਸ ਸ਼ਲੋਕ ਵਿਚ ਗੁਰੂ ਅਰਜੁਨ ਦੇਵ ਜੀ ਆਖਦੇ ਹਨ ਕਿ ਹੇ ਫ਼ਰੀਦ! ਜਿਨ੍ਹਾਂ ਦਾ ਆਪਣੇ ਪ੍ਰੀਤਮ ਨਾਲ ਪ੍ਰੇਮ ਹੈ, ਉਹਨਾਂ ਦਾ ਇਹ ਜੀਵਨ ਸੁਹਣੇ ਸ਼ਰੀਰ ਸਹਿਤ ਬਹੁਤ ਹੀ ਸੁੰਦਰ ਹੈ। ਪਰ ਅਜਿਹੇ ਵਿਅਕਤੀ ਕੋਈ ਵਿਰਲੇ ਹੀ ਹੁੰਦੇ ਹਨ।

ਕੰਧੀ ਵਹਣੁ ਨਾ ਢਾਹਿ ਤਉ ਭੀ ਲੇਖਾ ਦੇਵਣਾ ॥

ਜਿਧਰਿ ਰੱਬ ਰਜਾਇ ਵਹਣੁ ਤਿਦਾਊ ਗੀਉ ਕਰੇ ॥ ੮੪ ॥

ਅਰਥ - ਦਰਿਆ ਦੇ ਵਹਿਣ! ਤੂੰ ਕੰਢੇ ਨੂੰ ਢਾਹ ਨਾ ਲਗਾ, ਤੈਨੂੰ ਵੀ ਇਸ ਕਾਰਣ ਹੋਈ ਤਬਾਹੀ ਦਾ ਲੇਖਾ ਰੱਬ ਅੱਗੇ ਦੇਣਾ ਪਵੇਗਾ। ਪਰ ਇਸ ਵਿਚ ਵਹਿਣ ਦਾ ਵੀ ਕੀ ਦੋਸ਼ ਹੈ। ਉਹ ਤਾਂ ਉਧਰੇ ਹੀ ਜਾਂਦਾ ਹੈ, ਜਿਧਰ ਉਸ ਨੂੰ ਜਾਣ ਦਾ ਰੱਬ ਵੱਲੋਂ ਹੁਕਮ ਹੁੰਦਾ ਹੈ।

ਫ਼ਰੀਦਾ ਡੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ ॥

ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ ॥ ੮੫ ॥

ਅਰਥ - ਹੇ ਫ਼ਰੀਦ! ਦਿਨ ਦੁੱਖਾਂ ਵਿਚ ਬੀਤਿਆ ਹੈ, ਰਾਤ ਚਿੰਤਾ ਦੀਆਂ ਸੂਲਾਂ ਵਿਚ ਗੁਜ਼ਰੀ ਹੈ, ਕੰਢੇ ਉੱਤੇ ਖੜਾ ਗੁਰੂ ਮਲਾਹ ਪੁਕਾਰ ਕੇ ਕਹਿ ਰਿਹਾ ਹੈ ਕਿ ਮਨੁੱਖੀ ਜੀਵਨ ਦੀ ਬੇੜੀ ਘੁੰਮਣ ਘੇਰੀਆਂ ਦੇ ਮੂੰਹ ਵਿਚ ਆ ਗਈ ਹੈ।

ਲੰਮੀ-ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥

ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ ॥ ੮੬ ॥

ਅਰਥ - ਦੁੱਖਾਂ ਦੀ ਲੰਮੀ ਨਦੀ ਵਗ ਰਹੀ ਹੈ, ਮਨੁੱਖੀ ਜੀਵਨ ਦੇ ਕੰਢਿਆਂ ਨੂੰ ਢਾਹ ਰਹੀ ਹੈ ਪਰ ਉਸ ਜੀਵਨ ਬੇੜੀ ਦਾ, ਘੁੰਮਣ ਘੇਰੀ ਕੁਝ ਨਹੀਂ ਵਿਗਾੜ ਸਕਦੀ, ਜਿਸ ਦੀ ਸੰਭਾਲ ਗੁਰੂ ਮਲਾਹ ਕਰ ਰਿਹਾ ਹੈ ।

ਫ਼ਰੀਦਾ ਗਲੀ ਸੁ ਸਜਣ ਵੀਹ ਇਕੁ ਢੂੰਢੇਦੀ ਨਾ ਲਹਾਂ ॥

ਧੁਖਾਂ ਜਿਉਂ ਮਾਂਲੀਹ ਕਾਰਣਿ ਤਿੰਨਾ ਮਾ ਪਿਰੀ ॥ ੮੭ ॥

ਅਰਥ - ਹੇ ਫ਼ਰੀਦ ! ਗੱਲਾਂ ਬਾਤਾਂ ਨਾਲ ਪਤਿਆਉਣ ਵਾਲੇ ਤਾਂ ਵੀਹ ਹਨ ਪਰ ਅਸਲੀ ਸੱਜਣ ਤਾਂ ਢੂੰਢਿਆਂ ਇਕ ਵੀ ਨਹੀਂ ਮਿਲਦਾ ? ਅਜਿਹੇ ਪਿਆਰੇ ਸੱਜਣਾਂ ਦੀ ਖਾਤਰ ਜੋ ਮੈਨੂੰ ਦੁਖੀ ਜੀਵਨ ਵਿਚ ਢਾਰਸ ਦੇਣ, ਮੈਂ ਸੁੱਕੇ ਗੋਹੇ ਵਾਂਗ ਧੁਖ ਰਿਹਾ ਹਾਂ ।

ਫ਼ਰੀਦਾ ਇਹੁ ਤਨੁ ਭਉਕਣਾ ਨਿੱਤ ਨਿੱਤ ਦੁਖੀਐ ਕਉਣੁ ॥

ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਣੁ ॥ ੮੮ ॥

ਅਰਥ - ਹੇ ਫ਼ਰੀਦ ! ਇਹ ਸ਼ਰੀਰ ਨਿੱਤ ਬੋਲ-ਬੋਲ ਕੇ, ਮੰਗਾਂ ਮੰਗਦਾ ਹੈ, ਪਰ ਸਦਾ ਕੌਣ ਦੁੱਖੀ ਰਹੇ ? ਭਾਵੇਂ ਲੋਭ ਲਹਿਰ ਦੀ ਕਿੰਨੀ ਵੀ ਵਾ ਪਈ ਵਗੇ, ਮੈਂ ਆਪਣੇ ਕੰਨਾਂ ਨੂੰ ਬੰਦ ਕਰ ਲਵਾਂਗਾ ਤਾਂ ਜੋ ਸ਼ਰੀਰ ਦੀਆਂ ਮੰਗਾਂ ਦੀਆਂ ਅਵਾਜ਼ਾਂ ਮੇਰੇ ਕੰਨਾਂ ਤੱਕ ਨਾ ਪੁੱਜਣ ।

ਫ਼ਰੀਦਾ ਰੱਬ ਖਜੂਰੀ ਪਕੀਆ ਮਾਖਿਅ ਨਈ ਵਹੰਨਿ ॥

ਜੋ ਜੋ ਵੰਞੈਂ ਡੀਹੜਾ ਸੋ ਉਮਰ ਹਥ ਪਵੰਨਿ ॥ ੮੯ ॥

ਅਰਥ - ਹੇ ਫ਼ਰੀਦ ! ਰੱਬ ਦਾ ਪ੍ਰੇਮ ਪੱਕੀਆਂ ਖਜੂਰਾਂ ਵਾਂਗ ਮਿੱਠਾ ਹੈ, ਉਸ ਦੇ ਨਾਮ ਦਾ ਪ੍ਰਵਾਹ ਸ਼ਹਿਦ ਦੀ ਨਦੀ ਵਾਂਗ ਚਲ ਰਿਹਾ ਹੈ । ਮਨੁੱਖ ਇਸ ਵੱਲੋਂ ਬੇ-ਖ਼ਬਰ ਹੈ, ਇਸ ਨਾਮ-ਰਸ ਨੂੰ ਨਹੀਂ ਮਾਣਦਾ । ਦੂਜੇ ਬੰਨੇ ਜੋ ਦਿਨ ਬੀਤਦਾ ਹੈ, ਉਹ ਉਮਰ ਨੂੰ ਘਟਾ ਰਿਹਾ ਹੈ ।

ਫ਼ਰੀਦ ਤਨੁ ਸੁਕਾ ਪਿੰਜਰ ਥੀਆ ਤਲੀਆਂ ਖੂੰਡਹਿ ਕਾਗ ॥

ਅਜੈ ਸੁ ਰਬੁ ਨ ਬਹੁੜਿਓ ਦੇਖੁ ਬੰਦੇ ਕੇ ਬਾਗ ॥ ੯੦ ॥

ਅਰਥ - ਹੇ ਫ਼ਰੀਦ ! ਸੰਸਾਰ ਦੇ ਭੋਗਾਂ ਨੂੰ ਭੋਗ ਕੇ, ਮਨੁੱਖ ਦਾ ਸ਼ਰੀਰ ਸੁੱਕ ਕੇ

ਪਿੰਜਰ ਹੋ ਗਿਆ, ਵਿਸ਼ੇ ਵਿਕਾਰਾਂ ਦੇ ਕਾਂ ਅਜੇ ਵੀ ਉਸ ਦੀਆਂ ਤਲੀਆਂ ਦੇ ਬਚੇ ਮਾਸ ਨੂੰ ਚੁੰਡ ਰਹੇ ਹਨ, ਵੇਖ ਓਸ ਦੀ ਕਿਸਮਤ; ਕਿ ਹਾਲੀ ਤੱਕ ਵੀ ਰੱਬ ਦੀ ਓਸ ਉੱਤੇ ਮਿਹਰ ਨਹੀਂ ਹਈ, ਉਸ ਨੂੰ ਰੱਬ ਦਾ ਗਿਆਨ ਨਹੀਂ ਹੋਇਆ।

ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥

ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥ ੯੧ ॥

ਅਰਥ - ਵਿਸ਼ੇ ਵਿਕਾਰਾਂ ਦੇ ਕਾਂਵਾਂ ਨੇ, ਇਸ ਸ਼ਰੀਰ ਦੇ ਕਰਗ ਨੂੰ ਚੂੰਡ ਲਿਆ ਹੈ, ਇਸ ਦਾ ਸਾਰਾ ਮਾਸ ਨੋਚ ਖਾਧਾ ਹੈ, ਪਰ ਹੇ ਪ੍ਰਭੂ ! ਇਹ ਮੇਰੇ ਦੋ ਨੈਣ ਇਨ੍ਹਾਂ ਤੋਂ ਬਚੇ ਰਹਿਣ, ਜਿਨ੍ਹਾਂ ਰਾਹੀਂ ਮੈਨੂੰ ਪ੍ਰਭੂ ਪ੍ਰੀਤਮ ਦੇ ਦਰਸ਼ਨ ਦੀ ਆਸ ਲੱਗੀ ਹੋਈ ਹੈ।

ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ॥

ਜਿਤੁ ਪਿੰਜਰੇ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ ॥ ੯੨ ॥

ਅਰਥ - ਵਿਸ਼ੇ ਵਿਕਾਰਾਂ ਦੇ ਕਾਗ, ਤੂੰ ਮੇਰੇ ਇਸ ਸ਼ਰੀਰ ਦੇ ਪਿੰਜਾਰ ਨੂੰ ਹੋਰ ਨਾ ਖਾਹ, ਵੱਸ ਲਗਦੇ ਇਥੋਂ ਉੱਡ ਜਾਹ, ਜਿਸ ਸ਼ਰੀਰ ਵਿਚ ਮੇਰਾ ਪ੍ਰਭੂ ਪਤੀ ਵਸ ਰਿਹਾ ਹੈ ਤੂੰ ਉਸ ਦਾ ਮਾਸ ਕਿਉਂ ਖਾਦਾ ਹੈ ?

ਫ਼ਰੀਦਾ ਗੋਰ ਨਿਮਾਣੀ ਸਡੁ ਕਰ ਨਿਘਰਿਆ ਘਰਿ ਆਉ ॥

ਸਰਪਰ ਮੈਥੇ ਆਵਣਾ ਮਰਣਹੁ ਨਾ ਡਰਿਆਹੁ ॥ ੯੩ ॥

ਅਰਥ - ਹੇ ਫ਼ਰੀਦ ! ਵਿਚਾਰੀ ਕਬਰ ਸੱਦ ਰਹੀ ਹੈ, ਬੇਘਰੇ ਮਨੁੱਖ ਨੂੰ ਆਪਣੇ ਘਰ ਆਉਣ ਲਈ ਬੁਲਾ ਰਹੀ ਹੈ, ਜਦੋਂ ਤੂੰ ਹਰ ਹਾਲਤ ਵਿ ਮੇਰੇ ਕੋਲ ਪੁੱਜਣਾ ਹੈ, ਤਾਂ ਮੌਤ ਤੋਂ ਕਿਉਂ ਡਰਦਾ ਹੈ ?

ਏਨੀ ਲੋਇਣੀ ਦੇਖਦਿਆਂ ਕੇਤੀ ਚਲਿ ਗਈ ॥

ਫ਼ਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ ॥ ੯੪ ॥

ਅਰਥ - ਹੇ ਫ਼ਰੀਦ ! ਇਨ੍ਹਾਂ ਅੱਖਾਂ ਦੇ ਸਾਹਮਣੇ ਕਈ ਸੰਸਾਰ ਤੋਂ ਚਲ ਬਸੇ ਹਨ, ਲੋਕ ਆਪੋ ਆਪਣੇ ਸੁਆਰਥ ਵਿਚ ਮਗਨ ਹਨ, ਮੈਨੂੰ ਵੀ ਆਪਣੀ ਹੋਣੀ ਦੀ ਚਿੰਤਾ ਹੈ।

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥

ਫ਼ਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥ ੯੫ ॥

ਅਰਥ - ਹੇ ਫ਼ਰੀਦ ! ਮਨੁੱਖ ਜਦੋਂ ਆਪਣੇ ਆਪ ਨੂੰ ਸੰਵਾਰਦਾ ਹੈ ਤਾਂ ਉਸ ਨੂੰ ਰੱਬ ਦੀ ਪ੍ਰਾਪਤੀ ਹੋਂਦੀ ਹੈ, ਇਸ ਨਾਲ ਓਸ ਨੂੰ ਸੁੱਖ ਪ੍ਰਾਪਤ ਹੋਂਦਾ ਹੈ । ਜਦੋਂ ਮਨੁੱਖ ਰੱਬ ਦਾ ਹੋ ਜਾਂਦਾ ਹੈ । ਤਾਂ ਸਾਰਾ ਜਗਤ ਉਸਦਾ ਦਾਸ ਬਣ ਜਾਂਦਾ ਹੈ ।

ਕੰਧੀ ਉਤੇ ਰੁਖੜਾ ਕਿਚਰਕੁ ਬੰਨੇ ਧੀਰੁ ॥

ਫ਼ਰੀਦਾ ਕਚੇ ਭਾਂਡੇ ਰਖੀਐ ਕਿਚਰੁ ਤਾਂਈ ਨੀਰੁ ॥ ੯੬ ॥

ਅਰਥ - ਹੇ ਫ਼ਰੀਦ ! ਦਰਿਆ ਦੇ ਕੰਢੇ ਦਾ ਰੁੱਖ, ਕਿੰਨੀ ਦੇਰ ਖੜਾ ਰਹਿ ਸਕਦਾ ਹੈ ? ਕੱਚੇ ਭਾਂਡੇ ਵਿਚ ਪਾਣੀ ਕਿੰਨੇ ਚਿਰ ਤੱਕ ਰੱਖਿਆ ਜਾ ਸਕਦਾ ਹੈ ।

ਫ਼ਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ ॥

ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ ॥

ਆਖੀਂ ਸੇਖਾਂ ਬੰਦਗੀ ਚਲਣੁ ਅਜੁ ਕਿ ਕਲਿ ॥ ੯੭ ॥

ਅਰਥ - ਹੇ ਫ਼ਰੀਦ ! ਮਹਿਲ ਮਾੜੀਆਂ ਸੱਖਣੇ ਰਹਿ ਜਾਣਗੇ, ਮਨੁੱਖ ਇਨ੍ਹਾਂ ਨੂੰ ਛੱਡ ਕੇ ਧਰਤੀ ਤੇ ਵਾਸਾ ਕਰ ਲਵੇਗਾ, ਰੂਹ, ਨਿਮਾਣੀਆਂ ਕਬਰਾਂ ਵਿਚ ਜਾ ਡੇਰਾ ਲਾਵੇਗੀ । ਤੂੰ ਰੱਬ ਦੀ ਬੰਦਗੀ ਕਰ ਲੈ ਕਿਉਂ ਜੋ ਅੱਜ ਜਾਂ ਭਲਕੇ ਤੂੰ ਵੀ ਉੱਥੇ ਚਲੇ ਜਾਣਾ ਹੈ ।

ਫ਼ਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰਿਆਵੈ ਢਾਹ ॥

ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥

ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥

ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥ ੯੮ ॥

ਅਰਥ - ਹੇ ਫ਼ਰੀਦ ! ਮੌਤ ਦਾ ਸਿਰਾ ਦਰਿਆ ਦੀ ਢਾਹ ਵਾਂਗ ਦਿਸਦਾ ਹੈ, ਅੱਗੇ ਨਰਕ ਦੀ ਅੱਗ ਬਲ ਰਹੀ ਹੈ, ਇਸ ਵਿਚ ਘਿਰੇ ਹੋਏ ਸਜ਼ਾ ਭੁਗਤ ਰਹੇ ਪ੍ਰਾਣੀਆਂ ਦੀ ਹਾਹਾਕਾਰ ਸੁਣਾਈ ਦੇ ਰਹੀ ਹੈ, ਰੱਬ ਦੇ ਭਗਤਾਂ ਨੂੰ ਤਾਂ ਇਸ ਗੱਲ ਦਾ ਗਿਆਨ ਹੋ ਗਿਆ ਹੈ ਪਰ ਬਹੁਤੇ ਲੋਕ ਇਸ ਵੱਲੋਂ ਅਵੇਸਲੇ ਹਨ । ਜਿਹੜੇ ਅਮਲ ਮਨੁੱਖ ਨੇ ਇਸ ਸੰਸਾਰ ਵਿਚ ਕੀਤੇ ਹਨ ਉਨ੍ਹਾਂ ਨੇ ਹੀ ਰੱਬ ਦੀ ਦਰਗਾਹ ਵਿਚ ਉਸ ਦਾ ਗਵਾਹ ਬਣਨਾ ਹੈ ।

ਫ਼ਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ ॥
ਕੇਲ ਕਰਦੇ ਹੰਝ ਨੋ ਅਚਿੰਤੇ ਬਾਜ ਪਏ ॥
ਬਾਜ ਪਏ ਤਿਸੁ ਰੱਬ ਦੇ ਕੇਲਾਂ ਵਿਸਰੀਆਂ ॥
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰੱਬ ਕੀਆਂ ॥ ੯੯ ॥

ਅਰਥ - ਹੇ ਫ਼ਰੀਦ ! ਦਰਿਆ ਕੰਢੇ ਬੈਠਾ ਬਗਲਾ ਕਲੋਲ ਕਰਦਾ ਹੈ, ਹੰਸ ਵਰਗੇ ਚਿੱਟੇ ਪੰਛੀ ਨੂੰ ਅਚਾਨਕ ਹੀ ਉਤੋਂ ਬਾਜ ਝਪਟ ਮਾਰ ਕੇ ਫੜ ਲੈਂਦਾ ਹੈ, ਉਸ ਨੂੰ ਸਭ ਕਲੋਲ ਵਿਸਰ ਜਾਂਦੇ ਹਨ, ਜਿਨ੍ਹਾਂ ਗੱਲਾਂ ਦਾ ਉਸ ਨੂੰ ਚਿਤ-ਚੇਤਾ ਵੀ ਨਹੀਂ ਸੀ, ਉਹ ਰੱਬ ਵੱਲੋਂ ਉਸ ਦੀ ਹੋਣੀ ਬਣ ਜਾਂਦੀਆਂ ਹਨ ।

ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥
ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨਿ ॥
ਮਲਕੁਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥
ਤਿਨਾ ਪਿਆਰਿਆ ਭਾਈਆਂ ਅਗੈ ਦਿਤਾ ਬੰਨਿ ॥
ਵੇਖਹੁ ਬੰਦਾ ਚਲਿਆ ਚਹੁੰ ਜਣਿਆ ਦੇ ਕੰਨਿ ॥
ਫ਼ਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ॥ ੧੦੦ ॥

ਅਰਥ - ਹੇ ਫ਼ਰੀਦ ! ਮਨੁੱਖ ਦੀ ਸਾਢੇ ਤਿੰਨ ਮਣ ਦੀ ਦੇਹ ਪਾਣੀ ਤੇ ਅੰਨ ਦੇ ਆਸਰੇ ਕੰਮ ਕਰ ਰਹੀ ਹੈ । ਮਨੁੱਖ ਇਸ ਸੰਸਾਰ ਵਿਚ ਕਈ ਆਸਾਂ ਲੈ ਕੇ ਆਇਆ ਸੀ ਪਰ ਜਦੋਂ ਮੌਤ ਦੇ ਫ਼ਰਿਸ਼ਤੇ ਨੇ ਇਸ ਸ਼ਰੀਰ ਦੇ ਇੰਦਰੇ ਨਕਾਰੇ ਕਰਕੇ ਇਸ ਦੇ ਅੰਦਰ ਆ ਵੜਨਾ ਹੈ, ਤਾਂ ਉਸ ਦੇ ਭਰਾਵਾਂ ਤੇ ਮਿਤ੍ਰਾਂ ਨੇ ਉਸ ਅੱਗੇ ਇਸ ਨੂੰ ਬੰਨ੍ਹ ਕੇ ਤੋਰ ਦੇਣਾ ਹੈ । ਵੇਖੋ ! ਮਨੁੱਖ ਦੀ ਅਰਥੀ ਨੂੰ ਚਾਰ ਬੰਦੇ ਮੋਢਿਆਂ ਤੇ ਚੁੱਕ ਕੇ ਲਿਜਾ ਰਹੇ ਹਨ । ਸੰਸਾਰ ਵਿਚ ਜਿਹੜੇ ਉਸ ਨੇ ਨੇਕ ਕੰਮ ਕੀਤੇ ਹਨ ਉਹੀ ਰੱਬ ਦੀ ਦਰਗਾਹ ਵਿਚ ਉਸ ਦੇ ਕੰਮ ਆਉਣਗੇ ।

ਫ਼ਰੀਦਾ ਹਉ ਬਲਿਹਾਰੀ ਤਿਨੑ ਪੰਖੀਆਂ ਜੰਗਲਿ ਜਿੰਨਾ ਵਾਸੁ ॥
ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥ ੧੦੧ ॥

ਅਰਥ - ਹੇ ਫ਼ਰੀਦ ! ਮੈਂ ਉਨ੍ਹਾਂ ਪੰਛੀਆਂ ਤੋਂ ਕੁਰਬਾਨ ਹਾਂ, ਜੋ ਜੰਗਲ ਵਿਚ ਰਹਿੰਦੇ ਹਨ । ਕੰਕਰ ਚੁਕ ਕੇ ਨਿਰਬਾਹ ਕਰਦੇ ਅਤੇ ਧਰਤੀ ਤੇ ਵਸਦੇ ਹਨ, ਇਸ ਤਰ੍ਹਾਂ

ਦਾ ਸਦਾ ਜੀਵਨ ਜਿਊਂ ਕੇ ਵੀ ਉਹ ਰੱਬ ਦਾ ਆਸਰਾ ਨਹੀਂ ਛਡਦੇ ।

ਫ਼ਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ ॥

ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ ॥ ੧੦੨ ॥

ਅਰਥ - ਹੇ ਫ਼ਰੀਦ ! ਰੁਤ ਬਦਲ ਗਈ ਹੈ । ਸਾਰਾ ਜੰਗਲ ਭੈ ਵਿਚ ਕੰਬ ਉਠਿਆ ਹੈ । ਬ੍ਰਿਛਾਂ ਦੇ ਪੱਤਰ ਝੜ ਰਹੇ ਹਨ । ਚਹੁੰ ਦਿਸ਼ਾਵਾਂ ਵਿਚ ਢੂੰਡ ਕੇ ਵੇਖਿਆ ਹੈ, ਕਿਤੇ ਵੀ ਕੋਈ ਥਿਰ ਨੀ ਰਹਿ ਸਕਦਾ ।

ਫ਼ਰੀਦ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥

ਜਿੰਨੀ ਵੇਸੀ ਸਹੁ ਮਿਲੈ ਸੋਈ ਵੇਸ ਕਰੇਉ ॥ ੧੦੩ ॥

ਅਰਥ - ਹੇ ਫ਼ਰੀਦ ! ਮੈਂ ਸੰਸਾਰ ਦੇ ਰੇਸ਼ਮੀ ਬਸਤਰ ਪਾੜ ਕੇ ਲੀਰਾਂ ਕਰ ਦੇਵਾਂ, ਦਰਵੇਸ਼ਾਂ ਵਾਲੀ ਕੰਬਲੀ ਪਹਿਨ ਲਵਾਂ, ਜਿਸ ਭੇਸ ਵਿਚ ਮੈਨੂੰ ਪ੍ਰਭੂ ਪਤੀ ਦੇ ਦਰਸ਼ਨ ਹੋਣ, ਮੈਂ ਉਹ ਹੀ ਧਾਰਨ ਕਰ ਲਵਾਂ ।

ਮਹਲਾ ੩ ॥

ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥

ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥ ੧੦੪ ॥

ਅਰਥ - ਗੁਰੂ ਅਮਰ ਦਾਸ ਜੀ ਫਰਮਾਉਂਦੇ ਹਨ ਕਿ (ਹੇ ਸਖੀ) ਤੂੰ ਰੇਸ਼ਮੀ ਵਸਤਰ ਕਿਉਂ ਪਾੜਦੀ ਹੈਂ ਅਤੇ ਕੰਬਲੀ ਕਿਉਂ ਧਾਰਣ ਕਰਦੀ ਹੈ ? ਜੇਕਰ ਤੂੰ ਆਪਣੇ ਮਨ ਨੂੰ ਪਵਿੱਤਰ ਕਰ ਲਵੇਂ ਤਾਂ ਤੈਨੂੰ ਘਰ ਬੈਠਿਆਂ ਹੀ ਪਰਮਾਤਮਾ ਰੂਪੀ ਪਤੀ ਮਿਲ ਜਾਵੇਗਾ ।

ਮਹਲਾ ੫ ॥

ਫ਼ਰੀਦਾ ਗਰਬ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ ॥

ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥ ੧੦੫ ॥

ਅਰਥ - ਇਸ ਸ਼ਲੋਕ ਵਿਚ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਹੇ ਫ਼ਰੀਦ ! ਲੋਕ ਆਪਣੀ ਵਡਿਆਈ ਦੇ ਘਮੰਡ, ਜਵਾਨੀ ਅਤੇ ਧਨ ਦੇ ਕਾਰਣ ਪਰਮਾਤਮਾ ਰੂਪੀ ਪਤੀ ਤੋਂ ਵਾਂਝੇ ਰਹਿ ਜਾਂਦੇ ਹਨ, ਜਿਵੇਂ ਮੀਂਹ ਪੈਣ ਦੇ ਬਾਵਜੂਦ ਟਿੱਬੇ ਪਾਈ ਤੋਂ ਵਾਂਝੇ ਰਹਿ ਜਾਂਦੇ ਹਨ ।

ਫ਼ਰੀਦਾ ਤਿਨਾ ਮੁਖ ਡਰਾਵਣੇ ਜਿਨਾ ਬਿਸਾਰਿਓਨੁ ਨਾਉ ॥

ਐਥੈ ਦੁੱਖ ਘਣੇਰਿਆ ਅਗੈ ਠਉਰ ਨ ਠਾਉ ॥ ੧੦੬ ॥

ਅਰਥ - ਹੇ ਫ਼ਰੀਦ ! ਜਿਨ੍ਹਾਂ ਨੇ ਰੱਬ ਦੇ ਨਾਮ ਨੂੰ ਵਿਸਾਰ ਦਿੱਤਾ ਹੈ, ਉਨ੍ਹਾਂ ਦੇ ਚਿਹਰੇ ਡਰਾਉਣੇ ਲਗਦੇ ਹਨ, ਇਸ ਸੰਸਾਰ ਵਿਚ ਉਨ੍ਹਾਂ ਨੂੰ ਬਹੁਤ ਦੁੱਖ ਸਹਿਣੇ ਪੈਂਦੇ ਹਨ, ਅੱਗੇ ਪਰਲੋਕ ਵਿਚ ਵੀ ਉਨ੍ਹਾਂ ਨੂੰ ਕੋਈ ਢੋਈ ਨਹੀਂ ਮਿਲਦੀ ।

ਫ਼ਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥

ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸੀਰਓਹਿ ॥ ੧੦੭ ॥

ਅਰਥ - ਹੇ ਫ਼ਰੀਦ ! ਜੇ ਤੂੰ ਪਿਛਲੀ ਰਾਤੀ ਜਾਗ ਕੇ ਅੰਮ੍ਰਿਤ ਵੇਲੇ ਰੱਬ ਦਾ ਨਾਮ ਨਹੀਂ ਧਿਆਉਂਦਾ, ਤਾਂ ਤੂੰ ਸੰਸਾਰ ਦੀ ਖੇਡ ਵਿਚ ਲਗ ਕੇ ਰੱਬ ਨੂੰ ਭੁਲਾ ਦਿੱਤਾ ਹੈ, ਤਾਂ ਇਹ ਗੱਲ ਚੇਤੇ ਰੱਖ ਕਿ ਰੱਬ ਨੇ ਤੈਨੂੰ ਨਹੀਂ ਭੁਲਾਇਆ ਅਤੇ ਤੈਥੋਂ ਜ਼ਰੂਰ ਲੇਖਾ ਪੁਛਦਾ ਹੈ ।

ਮਹਲਾ ੫ ॥

ਫ਼ਰੀਦਾ ਕੰਤੁ ਰੰਗਾਵਲਾ ਵਡਾ ਵੇਮੁਹਤਾਜੁ ॥

ਅਲਹ ਸੇਤੀ ਰਤਿਆ ਏਹੁ ਸਚਾਵਾ ਸਾਜੁ ॥ ੧੦੮ ॥

ਅਰਥ - ਗੁਰੂ ਅਰਜਨ ਦੇਵ ਜੀ ਫ਼ਰੀਦ ਨੂੰ ਸੰਬੋਧਨ ਕਰਕੇ ਆਖਦੇ ਹਨ ਕਿ ਹੇ ਫ਼ਰੀਦ ! ਰੱਬ ਅਨੇਕ ਰੰਗਾਂ ਵਿਚ ਵਸਦਾ ਹੈ ਉਹ ਕਿਸੇ ਦੇ ਅਧੀਨ ਨਹੀਂ ਹੈ । ਉਸ ਰੱਬ ਦੇ ਰੰਗ ਵਿਚ ਰੰਗਿਆ ਜਾਣਾ ਹੀ ਉਸ ਦੇ ਸਰੂਪ ਨੂੰ ਪ੍ਰਾਪਤ ਕਰਨਾ ਹੈ । ਇਹੋ ਉਸਦੀ ਪ੍ਰਾਪਤੀ ਦਾ ਸੱਚਾ ਮਾਰਗ ਹੈ ।

ਮਹਲਾ ੫ ॥

ਫ਼ਰੀਦਾ ਦੁੱਖ ਸੁਖ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ ॥

ਅਲਹ ਭਾਵੈ ਸੋ ਭਲਾ ਤਾ ਲਭੀ ਦਰਬਾਰੁ ॥ ੧੦੯ ॥

ਅਰਥ - ਗੁਰੂ ਅਰਜਨ ਦੇਵ ਜੀ ਆਖਦੇ ਹਨ ਕਿ ਹੇ ਫ਼ਰੀਦ ! ਦੁੱਖ-ਸੁੱਖ ਨੂੰ ਇਕ ਸਮਾਨ ਸਮਝੋ ਅਤੇ ਵਿਸ਼ੇ ਵਿਕਾਰਾਂ ਨੂੰ ਦੂਰ ਕਰੋ । ਰੱਬ ਦੀ ਰਜ਼ਾ ਵਿਚ ਖੁਸ਼ ਰਹਿਣ ਨਾਲ ਹੀ ਰੱਬ ਦੀ ਦਰਗਾਹ ਵਿਚ ਥਾਂ ਮਿਲਦੀ ਹੈ ।

ਮਹਲਾ ੫ ॥

ਫ਼ਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ ॥

ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ ॥ ੧੧੦ ॥

ਅਰਥ - ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਹੇ ਫ਼ਰੀਦ ! ਇਹ ਦੁਨੀਆਂ (ਮਾਇਆ ਦੀ) ਵਜਾਈ ਹੋਈ ਵਜ ਰਹੀ ਹੈ ਤੇ ਉਸ ਦੇ ਨਾਲ ਹੀ ਤੂੰ ਵੀ ਵੱਜ ਰਿਹਾ ਹੈ । ਸਿਰਫ ਉਹ ਜੀਵ ਇਸ (ਮਾਇਆ) ਦਾ ਵਜਾਇਆ ਨਹੀਂ ਵਜਦਾ ਜਿਸਨੂੰ ਰੱਬ ਦਾ ਆਸਰਾ ਪ੍ਰਾਪਤ ਹੋ ਜਾਵੇ ।

ਮਹਲਾ ੫ ॥

ਫ਼ਰੀਦਾ ਦਿਲੁ ਰਤਾ ਇਸੁ ਦੁਨੀ ਸਿਉ ਦੁਨੀ ਨ ਕਿਤੈ ਕੰਮਿ ॥

ਮਿਸਲ ਫ਼ਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ ॥ ੧੧੧ ॥

ਅਰਥ - ਗੁਰੂ ਅਰਜਨ ਦੇਵ ਜੀ ਫ਼ਰੀਦ ਜੀ ਨੂੰ ਸੰਬੋਧਨ ਕਰਕੇ ਆਖਦੇ ਹਨ ਕਿ ਹੇ ਫ਼ਰੀਦ ! ਜੀਵ ਦਾ ਮਨ ਤਾਂ ਇਸ ਸੰਸਾਰਿਕਤਾ ਵਿਚ ਲੱਗਿਆ ਹੋਇਆ ਹੈ ਜੋ ਉਸ ਦੇ ਕਿਸੇ ਕੰਮ ਨਹੀਂ ਆਉਂਦਾ । ਫ਼ਕੀਰੀ ਬਹੁਤ ਹੀ ਕਠਿਨ ਕੰਮ ਹੈ ਜੋ ਕਿ ਕੋਈ ਕਿਸਮਤ ਵਾਲਾ ਵਿਰਲਾ ਆਦਮੀ ਆਪਣੇ ਪੂਰਣ ਕਰਮਾਂ ਨਾਲ ਹੀ ਪ੍ਰਾਪਤ ਕਰਦਾ ਹੈ ।

ਪਹਿਲੇ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ ॥

ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ ॥ ੧੧੨ ॥

ਅਰਥ - ਰਾਤ ਦੇ ਪਹਿਲੇ ਪਹਿਰ ਨਾਲ ਬ੍ਰਿਛ ਨੂੰ ਫੁਲ ਲਗਦੇ ਹਨ ਅਤੇ ਪਿਛਲੇ ਪਹਿਰ ਅੰਮ੍ਰਿਤ ਵੇਲੇ ਫ਼ਲ । ਪਰ ਜਿਹੜੇ ਉੱਚੀ ਸੁਰਤ ਵਾਲੇ ਬੰਦੇ ਪ੍ਰਭੂ ਦੀ ਯਾਦ ਵਿਚ ਆਤਮਿਕ ਤੌਰ ਤੇ ਉਸ ਸਮੇਂ ਜਾਗਦੇ ਹੁੰਦੇ ਹਨ, ਉਨ੍ਹਾਂ ਨੂੰ ਹੀ ਮਾਲਕ ਪ੍ਰਭੂ ਵਲੋਂ ਨਾਮ ਅੰਮ੍ਰਿਤ ਦੀ ਇਹ ਦਾਤ ਪ੍ਰਾਪਤ ਹੁੰਦੀ ਹੈ ।

ਮਹਲਾ ੧ ॥

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥

ਇਕਿ ਜਾਗੰਦੇ ਲਹਨਿ ਇਕਨਾ ਸੁਤਿਆ ਦੇਇ ਉਠਾਲਿ ॥ ੧੧੩ ॥

ਅਰਥ - ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਉਹ ਪਰਮਾਤਮਾ ਸਾਰੀਆਂ ਦਾਤਾਂ ਦਾ ਮਾਲਿਕ ਹੈ. ਉਸਦੀ ਇੱਛਾ ਅੱਗੇ ਕਿਸੇ ਦਾ ਕੋਈ ਜੋਰ ਨਹੀ ਚਲਦਾ । ਕਈ

ਬੰਦੇ ਉਸਦੀ ਇਬਾਦਤ ਵਿਚ ਸਾਰੀ ਰਾਤ ਜਾਗਕੇ ਵੀ ਕੁਝ ਹਾਸਲ ਨਹੀਂ ਕਰਦੇ ਅਤੇ ਕਈ ਸੁਤਿਆ ਨੂੰ ਜਗ੍ਹਾ ਕੇ ਉਹ ਆਪ ਮਾਲਾ-ਮਾਲ ਕਰ ਦੇਂਦਾ ਹੈ ।

ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ ॥

ਜਿਨ੍ਹਾ ਨਾਉ ਸੁਹਾਗਣੀ ਤਿਨਾ ਝਾਕ ਨਾ ਹੋਰ ॥ ੧੧੪ ॥

ਅਰਥ - ਪਤੀ-ਪਰਮੇਸ਼ਵਰ ਦੇ ਮਿਲਾਪ-ਅਨੰਦ ਦੀ ਜਾਚਕ ਜੀਵ ਇਸਤਰੀ ! ਅਜੇ ਤੇਰੇ ਕੋਈ ਘਾਟ ਹੈ, ਜਿਨ੍ਹਾਂ ਦਾ ਨਾਮ ਸੁਹਾਗਣ ਹੁੰਦਾ ਹੈ ਅਤੇ ਜੋ ਪਤੀ ਪ੍ਰੀਤਮ ਦੇ ਪ੍ਰੇਮ-ਅਨੰਦ ਨੂੰ ਮਾਣਦੀਆਂ ਹਨ, ਉਹ ਉਸ ਤੋਂ ਬਿਨਾ ਕਿਸੇ ਹੋਰ ਵਲ ਝਾਕ ਨਹੀਂ ਰਖਦੀਆਂ ।

ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ ॥

ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ ॥ ੧੧੫ ॥

ਅਰਥ - ਜੇ ਦਿਲ ਵਿਚ ਸਬਰ ਨੂੰ ਰੱਖ ਕੇ ਉਸ ਦੀ ਕਮਾਨ ਬਣਾ ਲਈ ਜਾਵੇ ਉਸ ਦਾ ਚਿੱਨਾ ਵੀ ਸਬਰ ਦਾ ਹੋਵੇ ਅਤੇ ਉਸ ਵਿਚੋਂ ਸਬਰ ਦਾ ਹੀ ਤੀਰ ਚਲਾਇਆ ਜਾਵੇ ਤਾਂ ਸਿਰਜਣਹਾਰ ਪ੍ਰਭੂ ਦੀ ਕਿਰਪਾ ਨਾਲ ਉਸ ਦਾ ਨਿਸ਼ਾਨਾ ਖੁੰਝਦਾ ਨਹੀਂ ।

ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ ॥

ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥ ੧੧੬ ॥

ਅਰਥ - ਸਬਰ ਵਾਲੇ ਮਨੁੱਖ, ਸਬਰ ਨੂੰ ਆਪਣੇ ਅੰਦਰ ਧਾਰਨ ਕਰ ਕੇ ਰੱਬ ਦੀ ਬੰਦਗੀ ਕਰਦੇ ਹਨ, ਸਰੀਰ ਦੇ ਵਿਕਾਰਾਂ ਨੂੰ ਸਾੜ ਦਿੰਦੇ ਹਨ, ਅਜਿਹੀ ਘਾਲਣਾ ਕਾਰਣ ਉਹ ਰੱਬ ਦੇ ਨੇੜੇ ਹੋ ਜਾਂਦੇ ਹਨ, ਪਰ ਇਸ ਅਭੇਦਤਾ ਦਾ ਉਹ ਕਿਸੇ ਨੂੰ ਭੇਦ ਨਹੀਂ ਦਿੰਦੇ ।

ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦ੍ਰਿੜੁ ਕਰਹਿ ॥

ਵਧਿ ਥੀਵਹਿ ਦਰੀਆਉ ਤੁਟਿ ਨ ਥੀਵਹਿ ਵਾਹੜਾ ॥ ੧੧੭ ॥

ਅਰਥ - ਰੱਬ ਦੀ ਭਗਤੀ ਵਿਚ ਰੱਤੇ ਬੰਦੇ ! ਜੇ ਤੂੰ ਸਬਰ ਨੂੰ ਆਪਣੇ ਅੰਦਰ ਪੱਕਾ ਕਰ ਲਵੇ, ਤਾਂ ਇਸ ਦਾ ਇਹ ਲਾਭ ਹੋਵੇਗਾ ਕਿ ਇਹ ਸਬਰ ਤੇਰੇ ਜੀਵਨ ਨੂੰ ਦਰਿਆ ਵਾਂਗ ਵਿਸ਼ਾਲ ਬਣਾ ਦੇਵੇਗਾ, ਫਿਰ ਇਹ ਜੀਵਨ ਟੁਟ-ਟੁਟ ਜਾਂਦੇ ਨਾਲੇ ਵਰਗਾ ਨਹੀਂ ਰਹੇਗਾ ।

ਫ਼ਰੀਦਾ ਦਰਵੇਸੀ ਗਾਖੜੀ ਚੋਪੜੀ ਪਰੀਤਿ ॥

ਇਕਨਿ ਕਿਨੈ ਚਾਲੀਐ ਦਰਵੇਸਾਵੀ ਰੀਤਿ ॥ ੧੧੮ ॥

ਅਰਥ - ਹੇ ਫ਼ਰੀਦ ! ਰੱਬ ਦੀ ਫ਼ਕੀਰੀ ਬੜੀ ਔਖੀ ਹੈ, ਵੇਖਣ ਨੂੰ ਇਹ ਚੋਪੜੀ ਪ੍ਰੀਤ ਵਾਂਗ ਜਾਪਦੀ ਹੈ, ਇਸ ਵਿਚ ਮੂੰਹ ਦੀਆਂ ਮਿੱਠੀਆਂ ਗੱਲਾਂ ਕੁਝ ਨਹੀਂ ਸਵਾਰ ਸਕਦੀਆਂ । ਦਿਲ ਦਾ ਸਬਰ ਹੀ ਤੋੜ ਚੜ੍ਹਦਾ ਹੈ । ਇਸੇ ਲਈ ਇਸ ਦਰਵੇਸ਼ੀ ਦੇ ਮਾਰਗ ਉਤੇ ਵਿਰਲੇ ਹੀ ਚਲ ਕੇ ਪੂਰਾ ਉਤਰਦੇ ਹਨ ।

ਤਨੁ ਤਪੈ ਤਨੂਰ ਜਿਉ ਬਾਲਣ ਹਡ ਬਲੰਨ੍ਹਿ ॥

ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ ॥ ੧੧੯ ॥

ਅਰਥ - ਰੱਬ ਦੇ ਪ੍ਰੇਮ ਵਿਚ ਜੇ ਮੇਰਾ ਸ਼ਰੀਰ ਤੰਦੂਰ ਵਾਂਗ ਤਪ ਪਵੇ, ਉਸ ਵਿਚ ਹੱਡੀਆਂ ਬਾਲਣ ਵਾਂਗ ਬਲ ਪੈਣ ਤਾਂ ਇਹ ਮਹਿੰਗਾ ਸੌਦਾ ਨਹੀਂ । ਪ੍ਰਭੂ ਦੇ ਦਰਸ਼ਨ ਲਈ ਜੇ ਮੈਂ ਪੈਰੀ ਤੁਰਦਾ ਥੱਕ ਜਾਵਾਂ ਤਾਂ ਮੈਂ ਸਿਰ ਪਰਨੇ ਇਸ ਮਾਰਗ ਉਤੇ ਤੁਰ ਕੇ ਜਾਣ ਲਈ ਵੀ ਤਿਆਰ ਹਾਂ ।

ਮਹਲਾ ॥ ੧ ॥

ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥

ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥ ੧੨੦ ॥

ਅਰਥ - ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਹੇ ਫ਼ਰੀਦ ! ਸ਼ਰੀਰ ਨੂੰ ਤੰਦੂਰ ਦੀ ਤਰ੍ਹਾਂ ਨਾ ਤਪਾਉ ਅਤੇ ਹੱਡੀਆਂ ਦਾ ਬਾਲਣ ਨਾ ਬਾਲੋ । ਸਿਰ ਅਤੇ ਪੈਰਾਂ ਨੇ ਕੀ ਵਿਗਾੜਿਆ ਹੈ ਜੋ ਇਹਨਾਂ ਨੂੰ ਦੁੱਖ ਦੇ ਰਹੇ ਹੋ । ਜੇਕਰ ਪ੍ਰਭੂ ਮਿਲਨ ਦੀ ਤਮੰਨਾ ਹੈ ਤਾਂ ਆਪਣੇ ਅੰਦਰ ਵੇਖੋ ।

ਮਹਲਾ ॥ ੪ ॥

ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥

ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ ॥ ੧੨੧ ॥

ਅਰਥ - ਗੁਰੂ ਰਾਮ ਦਾਸ ਜੀ ਫਰਮਾਉਂਦੇ ਹਨ ਕਿ ਮੈਂ ਸੱਜਣ ਨੂੰ ਬਾਹਰ ਲਭ ਰਹੀ ਹਾਂ ਪਰ ਸੱਜਣ ਤਾਂ ਮੇਰੇ ਹਿਰਦੇ ਅੰਦਰ ਹੈ । ਹੇ ਨਾਨਕ ! ਉਸ ਅਦਿੱਖ ਈਸ਼ਵਰ ਨੂੰ ਵੇਖਿਆ ਨਹੀਂ ਜਾ ਸਕਦਾ ਪਰ ਜੇ ਗੁਰੂ ਮਿਹਰਬਾਨ ਹੋਵੇ ਤਾਂ ਉਹ ਵਿਖਾ ਵੀ ਸਕਦਾ ਹੈ।

ਮਹਲਾ ॥ ੩ ॥

ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ ॥

ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥ ੧੨੨ ॥

ਅਰਥ - ਗੁਰੂ ਅਮਰ ਦਾਸ ਜੀ ਆਖਦੇ ਹਨ ਕਿ ਸੱਚ ਦੇ ਮਾਰਗ ਤੇ ਝੂਠੇ ਅਤੇ ਪਖੰਡੀ ਲੋਕ ਨਹੀਂ ਚਲ ਸਕਦੇ। ਬਗਲੇ ਹੰਸਾਂ ਦੀ ਨਕਲ ਕਰਨ ਲਈ ਉਹਨਾਂ ਨੂੰ ਪਾਣੀ ਤੇ ਤਰਦਿਆਂ ਵੇਖ ਤਰਨ ਲੱਗ ਪਏ, ਪਰ ਉਹ ਡੁਬ ਗਏ ਅਤੇ ਉਹਨਾਂ ਦੀਆਂ ਲੱਤਾਂ ਉਪਰ ਅਤੇ ਸਿਰ ਹੇਠਾਂ ਹੋ ਗਏ।

ਮਹਲਾ ॥ ੩ ॥

ਮੈ ਜਾਣਿਆ ਵਡਹੰਸੁ ਹੈ ਤਾਂ ਮੈ ਕੀਤਾ ਸੰਗੁ ॥

ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥ ੧੨੩ ॥

ਅਰਥ - ਗੁਰੂ ਅਮਰ ਦਾਸ ਜੀ ਆਖਦੇ ਹਨ ਕਿ ਮਨੁੱਖ ਨੂੰ ਪਖੰਡੀਆਂ ਦਾ ਸਾਥ ਨਹੀਂ ਕਰਨਾ ਚਾਹੀਦਾ। ਉਹ ਆਖਦੇ ਹਨ ਕਿ ਮੈਂ ਸਮਝਿਆ ਕਿ ਇਹ ਹੰਸ ਹੈ, ਮੈਂ ਉਸ ਦੀ ਸੰਗਤ ਕਰ ਲਈ, ਜੇ ਮੈਨੂੰ ਪਹਿਲਾਂ ਪਤਾ ਲਗ ਜਾਂਦਾ ਕਿ ਇਹ ਬਗਲਾ ਹੈ ਤਾਂ ਮੈਂ ਕਦੇ ਵੀ ਇਸ ਦੇ ਨੇੜੇ ਨਾ ਆਉਂਦੀ।

ਮਹਲਾ ॥ ੧ ॥

ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਧਰੇ ॥

ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ ॥ ੧੨੪ ॥

ਅਰਥ - ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਭਾਵੇਂ ਹੰਸ ਹੋਵੇ ਤੇ ਭਾਵੇ ਬਗੁਲਾ, ਪਰਮਾਤਮਾ ਦੀ ਨਜ਼ਰ ਮਿਹਰ ਹੋਵੇ ਤਾਂ ਉਸ ਨੂੰ ਆਪਣਾ ਬਣਾ ਲੈਂਦਾ ਹੈ। ਉਸਦੀ ਇੱਛਾ ਹੋਵੇ ਤਾਂ ਉਹ ਕਾਂਵਾਂ ਨੂੰ ਵੀ ਹੰਸ ਬਣਾ ਲੈਂਦਾ ਹੈ।

ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥

ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥ ੧੨੫ ॥

ਅਰਥ - ਸੰਸਾਰ ਸਮੁੰਦਰ ਵਿਚ ਜੀਵ ਪੰਛੀ ਇਕੱਲਾ ਘਿਰ ਗਿਆ ਹੈ, ਵਿਸ਼ੇ ਵਿਕਾਰਾ ਦੇ ਪੰਜਾਹ ਫਾਂਧੀ ਉਸ ਉਤੇ ਫੰਧੇ ਸੁੱਟ ਕੇ ਫੜਨ ਦਾ ਯਤਨ ਕਰ ਰਹੇ ਹਨ।

ਉਹ ਇਨ੍ਹਾਂ ਲਹਿਰਾਂ ਦੀ ਘੁੰਮਣ ਘੇਰੀ ਵਿਚ ਫਸ ਗਿਆ ਹੈ। ਸੱਚੇ ਰੱਬ ! ਇਸ ਹਾਲਤ ਵਿਚ ਇਕ ਤੇਰੀ ਆਸ ਬਾਕੀ ਹੈ।

ਕਵਣੁ ਸੁ ਅਖਰੁ-ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥ ੧੨੬ ॥

ਅਰਥ - ਉਹ ਕਿਹੜਾ ਅੱਖਰ ਹੈ, ਉਹ ਕਿਹੜਾ ਗੁਣ ਹੈ, ਉਹ ਕਿਹੜਾ ਸ੍ਰੇਮਣੀ ਮੰਤਰ ਹੈ, ਉਹ ਕਿਹੜਾ ਵੇਸ ਹੈ, ਜਿਸ ਦੇ ਧਾਰਣ ਕੀਤੀਆਂ ਪ੍ਰਭੂ ਪਤੀ ਦੇ ਦਰ ਤੇ ਮੈਂ ਪਰਵਾਨ ਹੋ ਜਾਵਾਂ ?

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥ ੧੨੭ ॥

ਅਰਥ - ਹੇ ਮੇਰੀ ਸਖੀ ! ਉਹ ਅੱਖਰ ਨਿਮ੍ਰਤਾ ਹੈ, ਉਹ ਗੁਣ ਸਹਿਣਸ਼ੀਲਤਾ ਹੈ ਅਤੇ ਸ੍ਰੇਮਣੀ ਮੰਤਰ ਮਿੱਠਾ ਬੋਲਣਾ ਹੈ। ਜੇ ਤੂੰ ਇਹ ਤਿੰਨੇ ਗੁਣ ਧਾਰਨ ਕਰ ਲਵੇਂ ਤਾਂ ਤੂੰ ਪ੍ਰਭੂ ਪਤੀ ਦਰ ਤੇ ਪਰਵਾਨ ਹੋ ਜਾਵੇਂਗੀ।

ਮਤਿ ਹੋਦੀਂ ਹੋਇ ਇਆਣਾ ॥
ਤਾਣ ਹੋਦੇ ਹੋਇ ਨਿਤਾਣਾ ॥
ਅਣਹੋਦੇ ਆਪ ਵੰਡਾਏ ॥
ਕੋ ਐਸਾ ਭਗਤੁ ਸਦਾਏ ॥ ੧੨੮ ॥

ਅਰਥ - ਜਿਹੜਾ ਮਨੁੱਖ ਗਿਆਨਵਾਨ ਹੋ ਕੇ ਵੀ ਆਪਣੀ ਅਲਪਗਤਾ ਦਰਸਾਵੇ ਬਲਵਾਨ ਹੋ ਕੇ ਵੀ ਆਪਣੇ ਆਪ ਨੂੰ ਨਿਰਬਲ ਜਾਣੇ, ਕਿਸੇ ਉਤੇ ਕੋਈ ਧੱਕਾ ਨਾ ਕਰੇ, ਉਸ ਕੋਲ ਜੋ ਕੁਝ ਵੀ ਥੋੜ੍ਹੀ ਵਸਤ ਹੈ, ਉਸਨੂੰ ਉਹ ਦੂਜਿਆ ਨੂੰ ਵੰਡਣ ਵਿਚ ਖੁਸ਼ੀ ਮਹਿਸੂਸ ਕਰੇ, ਅਜਿਹਾ ਵਿਰਲਾ ਬੰਦਾ ਹੀ ਰੱਬ ਦਾ ਭਗਤ ਅਖਵਾ ਸਕਦਾ ਹੈ।

ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥ ੧੨੯ ॥

ਅਰਥ - ਸਭ ਜੀਵਾਂ ਦੇ ਮਨ ਅਨਮੋਲ ਮੋਤੀ ਵਾਂਗ ਹਨ, ਉਨ੍ਹਾਂ ਨੂੰ ਕਿਸੇ ਕਿਸਮ ਦੀ ਠੇਸ ਲਾਉਣਾ ਚੰਗੀ ਗੱਲ ਨਹੀਂ। ਜੇ ਤੈਨੂੰ ਪ੍ਰਭੂ ਪ੍ਰੀਤਮ ਨੂੰ ਮਿਲਣ ਦੀ ਇੱਛਾ ਹੈ ਤਾਂ

ਕਿਸੇ ਦਾ ਦਿਲ ਨਾ ਦੁਖਾ ।

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ।।
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ।। ੧੩੦ ।।

ਅਰਥ — ਸਭ ਜੀਵਾਂ ਦੇ ਮਨ ਅਨਮੋਲ ਮੋਤੀ ਵਾਂਗ ਹਨ, ਉਨਾਂ ਨੂੰ ਕਿਸੇ ਕਿਸਮ ਦੀ ਠੇਸ ਲਾਉਣਾ ਚੰਗੀ ਗੱਲ ਨਹੀ। ਜੇ ਤੈਨੂੰ ਪ੍ਰੀਤਮ ਨੂੰ ਮਿਲਣ ਦੀ ਇਛੱਾ ਹੈ, ਤਾਂ ਕਿਸੇ ਦਾ ਦਿਲ ਨਾ ਦੁਖਾ।

ਇੱਕ ਬੇਨਤੀ — ਫ਼ਰੀਦ ਬਾਣੀ ਦਾ ਸਰਲ ਅਰਥ ਸਹਿਤ ਸੰਪਾਦਨ ਕਰਦੇ ਸਮੇ ਜੇ ਕੋਈ ਭੁੱਲ ਹੋ ਗਈ ਹੋਵੇ ਜਾਂ ਪ੍ਰਕਾਸ਼ਨ ਸਮੇ ਕੋਈ ਗਲਤੀਰਹਿ ਗਈ ਹੋਵੇ ਤਾਂ ਵਾਹਿਗੁਰੂ ਭੁੱਲ ਚੁੱਕ ਮੁਆਫ਼ ਕਰੇ।

ਸਹਾਇਕ ਪੁਸਤਕ ਸੂਚੀ

ਬਾਬਾ ਸ਼ੇਖ ਫ਼ਰੀਦ :	ਗੁਰਬਚਨ ਸਿੰਘ ਤਾਲਿਬ, ਪੰਜਾਬੀ ਯੂਨੀਵਰਸਿਟੀ ਪਟਿਆਲਾ - 1973
ਖੋਜ ਪੱਤ੍ਰਕਾ : ਸ਼ੇਖ ਫ਼ਰੀਦ ਅੰਕ :	ਸੰਪਾਦਕ: ਡਾ . ਜੀਤ ਸਿੰਘ ਸ਼ੀਤਲ, ਪੰਜਾਬੀ ਵਿਉਂਤ ਵਿਕਾਸ ਵਿਭਾਗ, ਪੰਜਾਬੀ ਯੂਨੀ: ਪਟਿਆਲਾ 1974
ਬਾਬਾ ਫ਼ਰੀਦ ਦੀ ਸਾਹਿਤਿਕ ਪ੍ਰਤਿਭਾ :	ਪ੍ਰੋ: ਕ੍ਰਿਪਾਲ ਸਿੰਘ (ਕਸੇਲ), ਅਮਰਜੀਤ ਸਾਹਿਤ ਪ੍ਰਕਾਸ਼ਨ ਪਟਿਆਲਾ, 1981
ਮਾਨਵਤਾ ਦਾ ਪ੍ਰਤੀਕ ਬਾਬਾ ਫ਼ਰੀਦ	ਡਾ . ਹ . ਸ . ਦਿਉਲ, ਡਾ . ਕ . ਸ . ਕੰਗ, ਪ੍ਰੋ: ਬ੍ਰਹਮ ਜਗਦੀਸ਼ ਸਿੰਘ, ਬਾਬਾ ਫ਼ਰੀਦ ਸਹਿਤ ਸੰਮੇਲਨ, ਫਰੀਦਕੋਟ, 1984
वाणी शेख फरीद :	सम्पादक : डा. रत्न सिंह जग्गी, बाबा फरीद मैमोरियल सोसाइटी, पटियाला - 1974
वाणी शेख फरीद :	सम्पादक : डा. रत्न सिंह सिक्का, सिक्का पब्लिकेशनज़, लुधियाना, 1978
SO SAID SHEIKH	Dr. HARNAM SINGH SHAN Deptt. of Guru Nanak Sikh Punjab University Chandigarh, 1975
A SIKH-SUFI QUEST FOR HARMAN (A SYMPOSIUM	President Dr. Gurdial Singh Dhillon Baba Farid Memorial Society, Patiala, 1980
SOUVENIRS	Published on Baba Sheikh Farid Aagman Purab for the year 1987, 1988, 1989, 1990 and 1991 by Aagman Purab celebration Committee, Faridkot

ਧੰਨਵਾਦ - ਜਿਹਨਾਂ ਉਪਰੋਕਤ ਲੇਖਕਾਂ, ਸੰਪਾਦਕਾਂ ਦੀਆਂ ਪੁਸਤਕਾਂ ਵਿਚੋਂ ਫ਼ਰੀਦ ਬਾਣੀ ਦਾ ਸਰਲ ਅਰਥ ਸਹਿਤ ਸੰਪਾਦਨ ਕਰਨ ਹਿੱਤ ਸਹਾਇਤਾ ਲਈ ਹੈ, ਸੰਪਾਦਕ ਉਹਨਾਂ ਦਾ ਧੰਨਵਾਦੀ ਹੈ ।

ਲੇਖਕ - ਜਾਣ - ਪਛਾਣ

ਡਾ ਨਿਰਮਲ ਕੌਸ਼ਿਕ

ਐਮ.ਏ.. ਪੰਜਾਬੀ,ਹਿੰਦੀ,ਸੰਸਕ੍ਰਿਤ, ਐਮ.ਫਿਲ, ਪੀ.ਐਚ.ਡੀ.ਆਯੁਰਵੇਦ ਰਤਨ, ਸੰਗੀਤ ਭੂਸ਼ਣ

ਰਚਨਾਵਾਂ :
1. ਭਾਈ ਗੁਰਦਾਸ ਵਿਅਕਤੀਤਵ-ਕ੍ਰਿਤੀਤਵ
2. ਸਿੱਧ ਸੰਸਕ੍ਰਿਤ ਵਿਆਕਰਣ
3. ਇੰਦੂ ਇਕ : ਬਿੰਦੂ ਦੋ (ਪੰਜਾਬੀ ਕਾਵਿ ਅਨੁਵਾਦ)
4. ਕਬਿੱਤ : ਸਵੈਯੇ : ਭਾਈ ਗੁਰਦਾਸ
5. ਸਿੱਧ ਜੀਵਨ ਗਾਥਾ
6. ਯੁਗ-ਪੁਰਸ਼ : ਬਾਬਾ ਸ਼ੇਖ਼ ਫ਼ਰੀਦ
7. ਸਾਹਿਤ ਵਿਵਿਧ
8. ਹਿੰਦ ਰਖ਼ਸ਼ਕ ਸ੍ਰੀ ਗੁਰੂ ਤੇਗ ਬਹਾਦਰ ਜੀ
9. ਸ਼ਬਦੋਂ ਕੀ ਅਰਚਨਾ (ਕਾਵਿ ਸੰਕਲਨ)
10. ਰਘੁਪ੍ਰਿਆ (ਖੰਡ ਕਾਵਿ)
11. ਸੂਫੀ ਦਰਵੇਸ਼ ਬਾਬਾ ਸ਼ੇਖ਼ ਫ਼ਰੀਦ
12. ਸ਼ੁਭ ਚਿੰਤਕ (ਨਿਬੰਧ ਸੰਕਲਨ) ਪ੍ਰੈਸ ਵਿਚ

ਤੋਖ ਲਿਖਤਾਂ :
1. ਨਿਰਮਲ ਸੰਤੋਂ ਕਾ ਹਿੰਦੀ ਸਾਹਿਤ ਕੋ ਯੋਗਦਾਨ (ਖੋਜ)
2. ਆਸਥਾ ਕੇ ਫੂਲ (ਹਿੰਦੀ ਕਵਿਤਾਵਾਂ)
3. ਸੂਫੀ ਸਾਧਕ : ਬਾਬਾ ਸ਼ੇਖ਼ ਫ਼ਰੀਦ (ਹਿੰਦੀ)
4. ਮੇਰੀਆਂ ਪੰਜ ਕਹਾਣੀਆਂ (ਹਿੰਦੀ)
5. ਸਾਹਿਤ ਸੁਗੰਧ (ਪੰਜਾਬੀ ਲੇਖ)
6. ਟਹਿਕਦੇ ਫੁੱਲ (ਪੰਜਾਬੀ ਕਵਿਤਾਵਾਂ)

ਕਾਮਾਯਨੀ ਕੌਸ਼ਿਕ ਐਮ. ਏ. ਬੀ. ਐਡ, [illegible]

ਰਚਨਾਵਾਂ :
1. ਸੰਖੇਪ ਜੀਵਨ - ਸ੍ਰੀ ਗੁਰੂ ਤੇਗ ਬਹਾਦੁਰ (ਅਨੁਵਾਦ)
   ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼ੀਸ਼ ਗੰਜ, ਚਾਂਦਨੀ ਚੌਂਕ,
   ਦਿੱਲੀ ਵਲੋਂ ਪ੍ਰਕਾਸ਼ਤ ।
2. ਰਜਨੀ ਪਣਿਕਰ ਕੀ ਉਪਨਿਆਸ ਕਲਾ
3. ਕਨੂਪ੍ਰਿਆ ਕਾ ਸ਼ੈਲੀ ਵਿਗਿਆਨਕ ਅਧਿਐਨ
4. ਹਿੰਦ ਰਕਸ਼ਕ ਸ੍ਰੀ ਗੁਰੂ ਤੇਗ ਬਹਾਦਰ ਜੀ
5. ਹਿੰਦੀ ਸ਼ਿਕਸ਼ਨ ਔਰ ਅਸ਼ੁਧੀ ਸੰਸੋਧਨ
6. ਸੂਫੀ ਦਰਵੇਸ਼ ਬਾਬਾ ਸ਼ੇਖ਼ ਫ਼ਰੀਦ

ੳ ਵੱਖ ਵੱਖ ਪੱਤਰਕਾਵਾਂ ਅਤੇ ਸੰਕਲਨਾਂ ਵਿਚ ਲੇਖ ਅਤੇ ਕਵਿਤਾਵਾਂ ਪ੍ਰਕਾਸ਼ਤ

ਅ ਰੇਡੀਓ ਪ੍ਰੋਗਰਾਮਾਂ ਵਿਚ ਵਾਰਤਾਵਾਂ ਪ੍ਰਸਾਰਿਤ